22-JULY-PAGE-1.qxd 7/21/2024 9:23 PM Page 1

ਸੋਮਵਾਰ, 22 ਜੁਲਾਈ, 2024
7 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 51

# ਨਵਾਂ ਜ਼ਮਾਨਾ

DAILY NAWAN ZAMANA • MONDAY, 22 JULY, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |


# ਕਾਂਗਰਸ ਨੇ ਡਿਪਟੀ ਸਪੀਕਰੀ ਮੰਗੀ

**ਨਵੀਂ ਦਿੱਲੀ** : ਸੰਸਦ ਦੇ ਬਜਟ ਅਜਲਾਸ ਤੋਂ ਪਹਿਲਾਂ ਐਤਵਾਰ ਸਰਬ ਪਾਰਟੀ ਬੈਠਕ ਦੌਰਾਨ ਕਾਂਗਰਸ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਲਈ ਡਿਪਟੀ ਸਪੀਕਰ ਦਾ ਅਹੁਦਾ ਮੰਗਿਆ ਹੈ। ਸੂਤਰਾਂ ਮੁਤਾਬਕ ਪਾਰਟੀ ਨੇ ਬੈਠਕ ਦੌਰਾਨ ਪੇਪਰ ਲੀਕ ਸਣੇ ਨੀਟ ਪ੍ਰੀਖਿਆ ਦਾ ਮਸਲਾ ਵੀ ਰੱਖਿਆ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਮੌਨਸੂਨ ਅਜਲਾਸ ਦੌਰਾਨ ਦੋਵਾਂ ਸਦਨਾਂ ਦੀ ਕਾਰਵਾਈ ਨੂੰ ਸੁਖਾਲੇ ਢੰਗ ਨਾਲ ਚਲਾਉਣ ਲਈ ਹਰੇਕ ਪਾਰਟੀ ਤੋਂ ਸਹਿਯੋਗ ਮੰਗਿਆ ਤਾਂ ਕਾਂਗਰਸ ਆਗੂ ਗੌਰਵ ਗੋਗੋਈ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਸੰਸਦ ਵਿਚ ਮਸਲੇ ਰੱਖਣ ਦੀ ਖੁੱਲ੍ਹ ਦਿੱਤੀ ਜਾਵੇ। ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਰਾਮਗੋਪਾਲ ਯਾਦਵ ਨੇ ਕਾਂਵੜੀਆਂ ਦੇ ਯਾਤਰਾ ਰੂਟ ਦੇ ਰਾਹ ਵਿਚ ਆਉਣ ਵਾਲੀਆਂ ਖਾਣ-ਪੀਣ ਵਾਲੀਆਂ ਦੁਕਾਨਾਂ ਦੇ ਮਾਲਕਾਂ ਦੇ ਨਾਂਅ ਪ੍ਰਦਰਸ਼ਤ ਕਰਨ ਸੰਬੰਧੀ ਯੂ ਪੀ ਸਰਕਾਰ ਦੇ ਵਿਵਾਦਤ ਹੁਕਮਾਂ ਦਾ ਮੁੱਦਾ ਰੱਖਿਆ। ਵਾਈ ਐੱਸ ਆਰ ਕਾਂਗਰਸ ਨੇ ਆਂਧਰਾ ਪ੍ਰਦੇਸ਼ ਵਿਚ ਟੀ ਡੀ ਪੀ ਸਰਕਾਰ ਵੱਲੋਂ ਉਨ੍ਹਾ ਦੇ ਪਾਰਟੀ ਆਗੂਆਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਗੱਲ ਕਰਦਿਆਂ ਕੇਂਦਰੀ ਦਖਲ ਦੀ



ਮੰਗ ਕੀਤੀ। ਬੈਠਕ ਦੀ ਪ੍ਰਧਾਨਗੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੀਤੀ ਤੇ ਬੈਠਕ ਦੀ ਕਾਰਵਾਈ ਰਿਜਿਜੂ ਨੇ ਚਲਾਈ।

ਇਸ ਦੌਰਾਨ ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕਿਹਾ ਕਿ ਸਰਬ ਪਾਰਟੀ ਬੈਠਕ ਦੌਰਾਨ ਜੇ ਡੀ ਯੂ ਤੇ ਵਾਈ ਐੱਸ ਆਰ ਸੀ ਪੀ ਨੇ ਕ੍ਰਮਵਾਰ ਬਿਹਾਰ ਤੇ ਆਂਧਰਾ ਪ੍ਰਦੇਸ਼ ਲਈ ਵਿਸ਼ੇਸ਼ ਦਰਜੇ ਦੀ ਮੰਗ ਕੀਤੀ, ਪਰ ਟੀ ਡੀ ਪੀ ਨੇ ਇਸ ਮੁੱਦੇ 'ਤੇ ਅਜੀਬ ਜਿਹੀ ਚੁੱਪੀ ਧਾਰੀ ਰੱਖੀ। ਰਮੇਸ਼ ਨੇ ਇਹ ਪੋਸਟ ਅਜਿਹੇ ਮੌਕੇ ਪਾਈ, ਜਦੋਂ ਸਰਬ ਪਾਰਟੀ ਬੈਠਕ ਜਾਰੀ ਸੀ। ਬੈਠਕ ਵਿਚ ਭਾਜਪਾ ਪ੍ਰਧਾਨ ਜੇ ਪੀ ਨੱਢਾ ਅਤੇ ਕੇਂਦਰੀ ਮੰਤਰੀ ਤੇ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਦੇ ਆਗੂ ਚਿਰਾਗ ਪਾਸਵਾਨ, ਕਾਂਗਰਸ ਦੇ ਕੇ ਸੁਰੇਸ਼, ਏ ਆਈ ਐੱਮ ਆਈ ਐੱਮ ਦੇ ਅਸਦੂਦੀਨ ਓਵੈਸੀ, ਆਰ ਜੇ ਡੀ ਦੇ ਅਭੈ ਖੁਸ਼ਵਾਹਾ, ਜੇ ਡੀ ਯੂ ਦੇ ਸੰਜੇ ਝਾਅ, 'ਆਪ' ਦੇ ਸੰਜੈ ਸਿੰਘ ਤੇ ਐੱਨ ਸੀ ਪੀ ਦੇ ਪ੍ਰਫੁੱਲ ਪਟੇਲ ਵੀ ਸ਼ਾਮਲ ਹੋਏ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਮੰਗਲਵਾਰ ਨੂੰ ਕੇਂਦਰੀ ਬਜਟ ਪੇਸ਼ ਕੀਤਾ ਜਾਵੇਗਾ। 'ਇੰਡੀਆ' ਗੱਠਜੋੜ ਦੇ ਬੈਨਰ ਹੇਠ ਇਕੱਠੀਆਂ ਹੋਈਆਂ ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਨੀਟ ਪੇਪਰ ਲੀਕ ਕੇਸ ਤੇ ਰੇਲਵੇ ਸੁਰੱਖਿਆ ਸਣੇ ਹੋਰਨਾਂ ਮੁੱਦਿਆਂ 'ਤੇ ਘੇਰਿਆ ਜਾਵੇਗਾ।

12 ਅਗਸਤ ਤੱਕ ਚੱਲਣ ਵਾਲੇ ਅਜਲਾਸ ਦੀਆਂ 19 ਬੈਠਕਾਂ ਹੋਣਗੀਆਂ ਤੇ ਇਸ ਦੌਰਾਨ ਸਰਕਾਰ ਵੱਲੋਂ 6 ਬਿੱਲ ਪੇਸ਼ ਕੀਤੇ ਜਾਣ ਦੀ ਉਮੀਦ ਹੈ। ਇਨ੍ਹਾਂ ਬਿੱਲਾਂ ਵਿਚੋਂ ਇਕ ਬਿੱਲ 90 ਸਾਲ ਪੁਰਾਣੇ ਏਅਰਕ੍ਰਾਫਟ ਐਕਟ ਦੀ ਥਾਂ ਲਏਗਾ। ਅਜਲਾਸ ਦੌਰਾਨ ਜੰਮੂ-ਕਸ਼ਮੀਰ, ਜੋ ਕੇਂਦਰੀ ਰਾਜ ਦੇ ਅਧੀਨ ਹੈ, ਲਈ ਬਜਟ ਦੀ ਪ੍ਰਵਾਨਗੀ ਵੀ ਲਈ ਜਾਵੇਗੀ। ਵਿੱਤ ਮੰਤਰੀ ਸੀਤਾਰਮਨ ਸੋਮਵਾਰ ਨੂੰ ਸੰਸਦ ਵਿਚ ਆਰਥਕ ਸਰਵੇਖਣ ਪੇਸ਼ ਕਰਨਗੇ।

## ਭਾਰਤ 'ਚ 2050 'ਚ ਬਜ਼ੁਰਗਾਂ ਦੀ ਗਿਣਤੀ ਦੁੱਗਣੀ ਹੋ ਜਾਵੇਗੀ



**ਨਵੀਂ ਦਿੱਲੀ** : ਸੰਯੁਕਤ ਰਾਸ਼ਟਰ ਆਬਾਦੀ ਫੰਡ ਦੀ ਭਾਰਤ ਦੀ ਮੁਖੀ ਐਂਡ੍ਰੀਆ ਵੋਜਨਰ ਨੇ ਕਿਹਾ ਹੈ ਕਿ ਭਾਰਤ ਵਿਚ 60 ਸਾਲ ਤੇ ਇਸ ਤੋਂ ਵੱਧ ਦੇ ਲੋਕਾਂ ਦੀ ਗਿਣਤੀ 2050 ਤੱਕ ਦੁੱਗਣੀ ਹੋ ਕੇ 34 ਕਰੋੜ 60 ਲੱਖ ਤੱਕ ਪੁੱਜ ਜਾਣ ਦਾ ਅੰਦਾਜ਼ਾ ਹੈ। ਇਸ ਲਈ ਸਿਹਤ ਸੰਭਾਲ, ਮਕਾਨ ਤੇ ਪੈਨਸ਼ਨ ਸਕੀਮਾਂ ਵਿਚ ਵਧੇਰੇ ਨਿਵੇਸ਼ ਦੀ ਲੋੜ ਪਵੇਗੀ, ਖਾਸਕਰ ਬਜ਼ੁਰਗ ਮਹਿਲਾਵਾਂ ਲਈ, ਜਿਨ੍ਹਾਂ ਵਿੱਚੋਂ ਬਹੁਤੀਆਂ ਇਕੱਲੀਆਂ ਜ਼ਿੰਦਗੀ ਗੁਜ਼ਾਰਨਗੀਆਂ ਤੇ ਗਰੀਬੀ ਨਾਲ ਦੋ-ਚਾਰ ਹੋਣਗੀਆਂ।

ਇਸ ਵੇਲੇ ਭਾਰਤ ਇਹ ਮਾਣ ਕਰਦਾ ਹੈ ਕਿ ਇਸ ਦੀ 10 ਤੋਂ 19 ਸਾਲ ਦੀ ਉਮਰ ਦੇ ਅੱਲ੍ਹੜਾਂ ਦੀ ਆਬਾਦੀ 25 ਕਰੋੜ 20 ਲੱਖ ਹੈ। ਵੋਜਨਰ ਦਾ ਕਹਿਣਾ ਹੈ ਕਿ 2050 ਤੱਕ ਭਾਰਤੀ ਦੀ ਅੱਧੀ ਆਬਾਦੀ ਸ਼ਹਿਰਾਂ ਵਿਚ ਰਹਿਣ ਲੱਗੇਗੀ, ਜਿਸ ਲਈ ਮਕਾਨਾਂ ਦੀ ਲੋੜ ਹੋਵੇਗੀ ਅਤੇ ਪ੍ਰਦੂਸ਼ਣ ਤੇ ਹੋਰ ਵਾਤਾਵਰਣਕ ਮਸਲਿਆਂ ਨਾਲ ਵੀ ਨਜਿੱਠਣਾ ਪਵੇਗਾ।

## ਪਵਾਰ ਭ੍ਰਿਸ਼ਟਾਚਾਰ ਦਾ ਸਰਗਨਾ : ਸ਼ਾਹ

**ਪੁਣੇ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਵਿਰੋਧੀ ਧਿਰ ਦੇ ਕੱਦਾਵਰ ਆਗੂ ਤੇ ਐੱਨ ਸੀ ਪੀ (ਐੱਸ ਪੀ) ਮੁਖੀ ਸ਼ਰਦ ਪਵਾਰ 'ਤੇ ਤਿੱਖਾ ਹਮਲਾ ਬੋਲਦਿਆਂ ਉਨ੍ਹਾ ਨੂੰ ਦੇਸ਼ ਵਿਚ ਭ੍ਰਿਸ਼ਟਾਚਾਰ ਦਾ ਸਰਗਨਾ ਕਰਾਰ ਦਿੱਤਾ।

ਉਨ੍ਹਾ ਕਿਹਾ ਕਿ ਪਵਾਰ ਨੇ ਭ੍ਰਿਸ਼ਟਾਚਾਰ ਨੂੰ ਸੰਸਥਾਗਤ ਬਣਾਇਆ। ਇਥੇ ਭਾਜਪਾ ਦੀ ਸੂਬਾਈ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਰਾਹੁਲ ਗਾਂਧੀ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿਚ ਮਿਲੀ ਹਾਰ ਦੇ ਬਾਵਜੂਦ ਦਿਖਾਏ ਹੰਕਾਰ ਲਈ ਜੰਮ ਕੇ ਭੰਡਿਆ। ਉਨ੍ਹਾ ਸ਼ਿਵ ਸੈਨਾ (ਯੂ ਬੀ ਟੀ) ਦੇ ਪ੍ਰਧਾਨ ਊਧਵ ਠਾਕਰੇ ਨੂੰ ਔਰੰਗਜ਼ੇਬ ਫੈਨ ਕਲੱਬ ਦਾ ਮੁਖੀ ਦੱਸਿਆ, ਜੋ 1993 ਦੇ ਮੁੰਬਈ ਲੜੀਵਾਰ ਬੰਬ ਧਮਾਕਿਆਂ ਦੇ ਦੋਸ਼ੀ ਯਾਕੂਬ ਮੈਨਨ ਲਈ ਰਹਿਮ ਦੀ ਅਪੀਲ ਕਰਨ ਵਾਲੇ ਲੋਕਾਂ ਨਾਲ ਬੈਠਾ ਹੈ। ਸ਼ਾਹ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਮਹਾਯੂਤੀ ਅਗਾਮੀ ਮਹਾਰਾਸ਼ਟਰ ਅਸੈਂਬਲੀ ਚੋਣਾਂ ਵਿਚ 2014 ਤੇ 2019 ਦੇ ਮੁਕਾਬਲੇ ਵਧੀਆ ਪ੍ਰਦਰਸ਼ਨ ਕਰੇਗੀ।

## ਬੰਗਲਾਦੇਸ਼ ਦੀ ਸੁਪਰੀਮ ਕੋਰਟ ਨੇ ਰਿਜ਼ਰਵੇਸ਼ਨ ਦਾ ਫੈਸਲਾ ਬਦਲਿਆ

**ਢਾਕਾ** : ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਦੀ ਵਿਵਾਦਤ ਵੰਡ ਨੂੰ ਲੈ ਕੇ ਇਸ ਖਿਲਾਫ ਅੰਦੋਲਨ ਦਰਮਿਆਨ ਬੰਗਲਾਦੇਸ਼ ਦੀ ਸੁਪਰੀਮ ਕੋਰਟ ਨੇ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ 'ਚ ਕਟੌਤੀ ਕੀਤੀ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ 93 ਫੀਸਦੀ ਸਰਕਾਰੀ ਨੌਕਰੀਆਂ ਮੈਰਿਟ ਦੇ ਆਧਾਰ 'ਤੇ ਦੇਣ ਦੇ ਹੁਕਮ ਦਿੱਤੇ ਹਨ, ਜਦੋਂਕਿ ਬਾਕੀ ਬਚਦੀਆਂ 7 ਫੀਸਦੀ ਬੰਗਲਾਦੇਸ਼ ਦੀ ਆਜ਼ਾਦੀ ਲਈ 1971 ਦੀ ਜੰਗ ਲੜਨ ਵਾਲਿਆਂ ਤੇ ਹੋਰਨਾਂ ਵਰਗਾਂ ਲਈ ਰਾਖਵੀਆਂ ਹੋਣਗੀਆਂ। ਇਸ ਤੋਂ ਪਹਿਲਾਂ ਜੰਗ ਲੜਨ ਵਾਲੇ ਸਾਬਕਾ ਫੌਜੀਆਂ ਦੇ ਸਕੇ-ਸੰਬੰਧੀਆਂ ਲਈ ਸਰਕਾਰੀ ਨੌਕਰੀਆਂ 'ਚ 30 ਫੀਸਦੀ ਦਾ ਰਾਖਵਾਂਕਰਨ ਸੀ। ਵਿਦਿਆਰਥੀ ਮੰਗ ਕਰ ਰਹੇ ਸਨ ਕਿ 30 ਫੀਸਦੀ ਦਾ ਰਾਖਵਾਂਕਰਨ ਖਤਮ ਕੀਤਾ ਜਾਵੇ।

ਸੁਪਰੀਮ ਕੋਰਟ ਦਾ ਇਹ ਫੈਸਲਾ ਕਈ ਦਿਨਾਂ ਦੇ ਪ੍ਰਦਰਸ਼ਨਾਂ ਤੋਂ ਬਾਅਦ ਆਇਆ ਹੈ। ਪ੍ਰਦਰਸ਼ਨਾਂ ਦੀ ਅਗਵਾਈ ਵਿਦਿਆਰਥੀ ਕਰ ਰਹੇ ਸਨ। ਅਧਿਕਾਰੀਆਂ ਨੇ ਮ੍ਰਿਤਕਾਂ ਅਤੇ ਜ਼ਖਮੀਆਂ ਦੀ ਕੋਈ ਅਧਿਕਾਰਤ ਗਿਣਤੀ ਸਾਂਝੀ ਨਹੀਂ ਕੀਤੀ, ਪਰ ਅਖਬਾਰਾਂ ਦੇ ਅੰਕੜਿਆਂ ਅਨੁਸਾਰ ਹਿੰਸਕ ਪ੍ਰਦਰਸ਼ਨਾਂ 'ਚ ਹੁਣ ਤੱਕ 135 ਲੋਕਾਂ ਦੀ ਮੌਤ ਹੋ ਚੁੱਕੀ ਹੈ।

## ਯੂ ਪੀ ਸਰਕਾਰ ਹੁਕਮ ਵਾਪਸ ਲਵੇ : ਜਯੰਤ ਚੌਧਰੀ

**ਮੁਜ਼ੱਫਰਨਗਰ** : ਭਾਜਪਾ ਦੇ ਭਾਈਵਾਲ ਰਾਸ਼ਟਰੀ ਲੋਕ ਦਲ ਦੇ ਮੁਖੀ ਜਯੰਤ ਚੌਧਰੀ ਨੇ ਯੂ ਪੀ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਉਹ ਕਾਂਵੜੀਆਂ ਦੀ ਯਾਤਰਾ ਦੇ ਰੂਟ 'ਤੇ ਪੈਣ ਵਾਲੀਆਂ ਖਾਣ-ਪੀਣ ਵਾਲੀਆਂ ਦੁਕਾਨਾਂ ਦੇ ਮਾਲਕਾਂ ਦਾ ਨਾਂਅ ਪ੍ਰਦਰਸ਼ਤ ਕੀਤੇ ਜਾਣ ਸੰਬੰਧੀ ਆਪਣੇ ਹੁਕਮਾਂ ਨੂੰ ਵਾਪਸ ਲਏ। ਚੌਧਰੀ ਨੇ ਕਿਹਾ ਕਿ ਤੀਰਥ ਯਾਤਰਾ ਕਿਸੇ ਇਕ ਧਰਮ ਜਾਂ ਜਾਤ ਨਾਲ ਸੰਬੰਧਤ ਨਹੀਂ।

ਕਾਂਵੜੀਏ ਯਾਤਰਾ ਦੌਰਾਨ ਜਦੋਂ ਕਿਸੇ ਦੁਕਾਨਦਾਰ ਤੋਂ ਕੋਈ ਵਸਤੂ ਜਾਂ ਹੋਰ ਸੇਵਾ ਲੈਂਦੇ ਹਨ ਤਾਂ ਉਸ ਤੋਂ ਉਹਦਾ ਧਰਮ ਨਹੀਂ ਪੁੱਛਦੇ ਅਤੇ ਨਾ ਹੀ ਇਸ ਮਸਲੇ (ਤੀਰਥ ਯਾਤਰਾ) ਨੂੰ ਕਿਸੇ ਧਰਮ ਨਾਲ ਜੋੜਿਆ ਜਾਣਾ ਚਾਹੀਦਾ ਹੈ। ਅਜੇ ਵੀ ਵੇਲਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਵਾਪਸ ਲਿਆ ਜਾਵੇ।

## ਨਾਬਾਲਗ ਬਾਈਕ, ਕਾਰ ਚਲਾਉਂਦੇ ਫੜੇ ਗਏ ਤਾਂ ਮਾਪਿਆਂ ਨੂੰ ਸਜ਼ਾ ਭੁਗਤਣੀ ਪਵੇਗੀ

**ਚੰਡੀਗੜ੍ਹ** : ਪੰਜਾਬ ਪੁਲਸ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਾਉਣ ਲਈ ਸਖਤ ਹੁਕਮ ਜਾਰੀ ਕੀਤਾ ਗਿਆ ਹੈ।

ਐਡੀਸ਼ਨਲ ਡੀ ਜੀ ਪੀ ਟਰੈਫਿਕ ਤੇ ਸੜਕ ਸੁਰੱਖਿਆ ਵੱਲੋਂ ਜਾਰੀ ਹੁਕਮ ਮੁਤਾਬਕ 18 ਸਾਲਾਂ ਤੋਂ ਹੇਠਲੇ ਨਬਾਲਗ ਮੋਟਰਸਾਈਕਲ ਜਾਂ ਕਾਰ ਚਲਾਉਂਦੇ ਫੜੇ ਗਏ ਤਾਂ ਮਾਪਿਆਂ ਨੂੰ ਕੈਦ ਹੋਵੇਗੀ ਤੇ ਮੋਟਾ ਜੁਰਮਾਨਾ ਵੀ ਲਗਾਇਆ ਜਾਵੇਗਾ।

ਸਮੂਹ ਕਮਿਸ਼ਨਰ ਪੁਲਸ, ਸਮੂਹ ਸੀਨੀਅਰ ਕਪਤਾਨ ਪੁਲਸ ਨੂੰ ਜਾਰੀ ਚਿੱਠੀ ਵਿਚ ਲਿਖਿਆ ਗਿਆ ਹੈ ਕਿ ਆਪਣੇ ਅਧੀਨ ਤਾਇਨਾਤ ਟਰੈਫਿਕ ਐਜੂਕੇਸ਼ਨ ਸੈੱਲ/ਟਰੈਫਿਕ ਸਟਾਫ ਰਾਹੀਂ ਆਮ ਪਬਲਿਕ ਨੂੰ ਜਿਲ੍ਹਾ ਪੱਧਰ 'ਤੇ ਪਬਲਿਕ ਰਿਲੇਸ਼ਨ ਅਫਸਰ ਰਾਹੀ ਸਕੂਲਾਂ 'ਚ ਜਾ ਕੇ ਬੱਚਿਆਂ ਨੂੰ ਇੱਕ ਮਹੀਨੇ ਲਈ ਭਾਵ 31 ਜੁਲਾਈ ਤੱਕ ਮੋਟਰ ਵਹੀਕਲ ਐਕਟ (ਸੋਧ 2019) ਦੀ ਧਾਰਾ 199-ਏ ਅਤੇ 199-ਬੀ ਬਾਰੇ ਜਾਗਰੂਕ ਕੀਤਾ ਜਾਵੇ।

ਇਸ ਦੇ ਨਾਲ ਹੀ ਇਹ ਵੀ ਲਿਖਿਆ ਗਿਆ ਹੈ ਕਿ ਕੋਈ ਨਾਬਾਲਗ ਬੱਚਾ 31 ਜੁਲਾਈ ਤੋਂ ਬਾਅਦ 2 ਪਹੀਆ ਅਤੇ 4 ਪਹੀਆ ਵਹੀਕਲ ਚਲਾਉਂਦਾ ਦੌਰਾਨੇ ਚੈਕਿੰਗ ਮੋਟਰ ਵਹੀਕਲ ਐਕਟ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਦੇ ਮਾਤਾ-ਪਿਤਾ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ, ਜਿਸ 'ਚ ਉਨ੍ਹਾਂ ਨੂੰ 3 ਸਾਲ ਦੀ ਕੈਦ ਅਤੇ 25000 ਜੁਰਮਾਨਾ ਵੀ ਹੋ ਸਕਦਾ ਹੈ।

ਇਸੇ ਤਰ੍ਹਾਂ ਜੇਕਰ ਕੋਈ ਨਾ-ਬਾਲਗ ਬੱਚਾ ਕਿਸੇ ਪਾਸੋਂ 2 ਪਹੀਆ ਵਾਹਨ ਜਾਂ 4 ਪਹੀਆ ਵਾਹਨ ਮੰਗ ਕੇ ਚਲਾਉਂਦਾ ਹੈ ਤਾਂ ਉਸ ਵਹੀਕਲ ਮਾਲਕ ਦੇ ਖਿਲਾਫ ਵੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

## ਨੂਹ 'ਚ ਇੰਟਰਨੈੱਟ 24 ਘੰਟਿਆਂ ਲਈ ਬੰਦ

**ਨੂਹ** : ਸੋਮਵਾਰ ਜਲਾਭਿਸ਼ੇਕ ਯਾਤਰਾ ਦੇ ਮੱਦੇਨਜ਼ਰ ਹਰਿਆਣਾ ਦੇ ਨੂਹ 'ਚ ਇੰਟਰਨੈੱਟ 24 ਘੰਟੇ ਲਈ ਬੰਦ ਕਰ ਦਿੱਤਾ ਗਿਆ ਹੈ। ਇਹ ਫੈਸਲਾ ਪਿਛਲੀ ਵਾਰ ਨੂਹ 'ਚ ਹੋਈ ਹਿੰਸਾ ਦੇ ਮੱਦੇਨਜ਼ਰ ਲਿਆ ਗਿਆ ਹੈ। ਇੱਥੇ ਇੰਟਰਨੈੱਟ 22 ਜੁਲਾਈ ਨੂੰ ਸ਼ਾਮ 6 ਵਜੇ ਤੋਂ 23 ਜੁਲਾਈ ਨੂੰ ਸ਼ਾਮ 6 ਵਜੇ ਤੱਕ ਬੰਦ ਰਹੇਗਾ।

ਇਸ ਤੋਂ ਇਲਾਵਾ ਐੱਸ ਐੱਮ ਐੱਸ ਭੇਜਣ 'ਤੇ ਵੀ ਰੋਕ ਰਹੇਗੀ। ਡੋਂਗਲ ਇੰਟਰਨੈੱਟ ਵੀ ਇਸ ਦੌਰਾਨ ਕੰਮ ਨਹੀਂ ਕਰੇਗਾ। ਬੈਂਕਿੰਗ ਅਤੇ ਰੀਚਾਰਜ ਨੂੰ ਛੋਟ ਦਿੱਤੀ ਗਈ ਹੈ। ਲੀਜ਼ਡ ਲਾਈਨ ਦਾ ਇੰਟਰਨੈੱਟ ਅਤੇ ਕਾਲਿੰਗ ਜਾਰੀ ਰਹੇਗੀ।

### ਕਾਂਗਰਸ ਦੀ ਓਡੀਸ਼ਾ ਇਕਾਈ ਭੰਗ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਓਡੀਸ਼ਾ ਵਿਚ ਲੋਕ ਸਭਾ ਤੇ ਅਸੈਂਬਲੀ ਚੋਣਾਂ 'ਚ ਕਾਂਗਰਸ ਦੇ ਮਾੜੇ ਪ੍ਰਦਰਸ਼ਨ ਮਗਰੋਂ ਪਾਰਟੀ ਦੀ ਪ੍ਰਦੇਸ਼ ਇਕਾਈ ਭੰਗ ਕਰ ਦਿੱਤੀ ਹੈ। ਖੜਗੇ ਨੇ ਸੂਬਾ ਪ੍ਰਧਾਨ ਸ਼ਰਤ ਪਟਨਾਇਕ ਨੂੰ ਹਟਾਉਣ ਸਣੇ ਕਮੇਟੀ ਨੂੰ ਪੂਰੀ ਤਰ੍ਹਾਂ ਨਾਲ ਭੰਗ ਕਰਨ ਦੀ ਤਜਵੀਜ਼ ਨੂੰ ਮਨਜ਼ੂਰੀ ਦਿੱਤੀ। ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਤੱਕ ਵਰਤਮਾਨ ਪ੍ਰਧਾਨ ਕਾਰਜਕਾਰੀ ਪ੍ਰਧਾਨ ਵਜੋਂ ਕੰਮ ਕਰਨਗੇ।

### ਪਹਿਲਾ ਓਮਨ ਚਾਂਡੀ ਐਵਾਰਡ ਰਾਹੁਲ ਨੂੰ

**ਤਿਰੁਅਨੰਤਪੁਰਮ** : ਰਾਹੁਲ ਗਾਂਧੀ ਦੀ ਪਲੇਠੇ ਓਮਨ ਚਾਂਡੀ ਪਬਲਿਕ ਸਰਵੈਂਟ ਐਵਾਰਡ ਲਈ ਚੋਣ ਕੀਤੀ ਗਈ ਹੈ। ਇਹ ਐਵਾਰਡ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਓਮਨ ਚਾਂਡੀ ਦੀ ਯਾਦ ਵਿਚ ਸ਼ੁਰੂ ਕੀਤਾ ਗਿਆ ਹੈ। ਓਮਨ ਚਾਂਡੀ ਫਾਊਂਡੇਸ਼ਨ ਨੇ ਤਿੰਨ ਦਿਨ ਪਹਿਲਾਂ ਚਾਂਡੀ ਦੀ ਪਹਿਲੀ ਬਰਸੀ ਮੌਕੇ ਇਸ ਪੁਰਸਕਾਰ ਦਾ ਐਲਾਨ ਕੀਤਾ ਸੀ। ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਅਗਵਾਈ ਵਾਲੀ ਮਾਹਰਾਂ ਦੀ ਜਿਊਰੀ ਨੇ ਇਸ ਐਵਾਰਡ ਲਈ ਰਾਹੁਲ ਗਾਂਧੀ ਦੇ ਨਾਂਅ ਦੀ ਚੋਣ ਕੀਤੀ ਹੈ। ਪੁਰਸਕਾਰ ਵਿਚ ਇਕ ਲੱਖ ਰੁਪਏ ਨਗਦ ਅਤੇ ਉੱਘੇ ਕਲਾਕਾਰ ਤੇ ਫਿਲਮਸਾਜ਼ ਨੀਮੋਮ ਪੁਸ਼ਪਰਾਜ ਵੱਲੋਂ ਡਿਜ਼ਾਈਨ ਕੀਤੀ ਕਲਾਕ੍ਰਿਤੀ ਸ਼ਾਮਲ ਹੋਵੇਗੀ।

### ਮੁੰਡੇ ਦੀ ਨਿਪਾਹ ਨਾਲ ਮੌਤ

**ਕੋਜ਼ੀਕੋਡ** : ਕੇਰਲਾ ਦੇ ਮੱਲਾਪੁਰਮ ਵਿਚ 14 ਸਾਲਾ ਮੁੰਡੇ ਦੀ ਨਿਪਾਹ ਦੀ ਲਾਗ ਨਾਲ ਐਤਵਾਰ ਮੌਤ ਹੋ ਗਈ। ਸਿਹਤ ਮੰਤਰੀ ਵੀਨਾ ਜੌਰਜ ਨੇ ਕਿਹਾ—ਮੁੰਡਾ ਵੈਂਟੀਲੇਟਰ ਸਪੋਰਟ 'ਤੇ ਸੀ। ਸਵੇਰੇ ਉਸ ਦਾ ਪਿਸ਼ਾਬ ਰੁਕ ਗਿਆ ਸੀ। ਉਸ ਨੂੰ ਦਿਲ ਦਾ ਦੌਰਾ ਪਿਆ, ਡਾਕਟਰਾਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਨਾਕਾਮ ਰਹੇ ਅਤੇ ਸਵੇਰੇ 11:30 ਵਜੇ ਉਸ ਦੀ ਮੌਤ ਹੋ ਗਈ। ਸਸਕਾਰ ਕੌਮਾਂਤਰੀ ਪ੍ਰੋਟੋਕਾਲ ਮੁਤਾਬਕ ਕੀਤਾ ਜਾਵੇਗਾ।

### ਢਿੱਗਾਂ ਹੇਠ ਆ ਕੇ 3 ਮਰੇ

**ਰੁਦਰਪ੍ਰਯਾਗ** : ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ 'ਚ ਐਤਵਾਰ ਸਵੇਰੇ 7:30 ਵਜੇ ਦੇ ਕਰੀਬ ਗੌਰੀਕੁੰਡ-ਕੇਦਾਰਨਾਥ ਟਰੈਕਿੰਗ ਰੂਟ 'ਤੇ ਚਿਰਬਾਸਾ ਇਲਾਕੇ ਨੇੜ ਢਿੱਗਾਂ ਡਿੱਗਣ ਨਾਲ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ, ਜਦੋਂਕਿ 8 ਜ਼ਖਮੀ ਹੋ ਗਏ।

## ਅਰੁੰਧਤੀ ਰਾਏ ਵਰਗੀਆਂ ਆਵਾਜ਼ਾਂ ਤੇ ਲੋਕਾਂ ਤੋਂ ਖ਼ੌਫ਼ ਖਾਂਦੀ ਹੈ ਸੱਤਾ : ਭਾਸ਼ਾ ਸਿੰਘ





**ਜਲੰਧਰ (ਕੇਸਰ, ਰਾਜੇਸ਼ ਥਾਪਾ)**

ਮੌਜੂਦਾ ਸਰਕਾਰ ਬਾਰੇ ਕਮਜ਼ੋਰ ਹੋਣ ਦਾ ਭਰਮ ਨਹੀਂ ਪਾਲਣਾ ਚਾਹੀਦਾ। ਇਹ ਪਹਿਲਾਂ ਤੋਂ ਵੀ ਵੱਡਾ ਹਮਲਾ ਕਰੇਗੀ। ਅਰੁੰਧਤੀ ਰਾਏ ਇਸ ਦਾ ਪ੍ਰਤੀਕ ਹੈ ਕਿ ਮੁਸ਼ਕਲ ਹਾਲਤਾਂ ਵਿਚ ਲੜਨਾ, ਲਿਖਣਾ, ਬੋਲਣਾ ਤੇ ਮੁਸਕਰਾਉਣਾ ਕਿਵੇਂ ਹੈ। ਸੱਤਾ ਇਸੇ ਮੁਸਕਰਾਹਟ ਤੋਂ ਡਰਦੀ ਹੈ। ਜੇ ਵਿਰੋਧੀ ਧਿਰ ਨਾਇਨਸਾਫ਼ੀ ਵਿਰੁੱਧ ਨਹੀਂ ਬੋਲੇਗੀ ਤਾਂ ਉਨ੍ਹਾਂ ਨੂੰ ਸੁਣਾਉਣੀ ਵੀ ਕਰ ਦੇਣੀ ਚਾਹੀਦੀ ਹੈ ਕਿ ਲੋਕ ਵੀ ਉਨ੍ਹਾਂ ਦੀ ਗੱਲ ਨਹੀਂ ਸੁਣਨਗੇ। ਸੱਤਾ ਲੋਕ ਸੰਘਰਸ਼ਾਂ ਤੋਂ ਖ਼ੌਫ਼ ਖਾਂਦੀ ਹੈ। ਅਰੁੰਧਤੀ ਰਾਏ ਸੰਘਰਸ਼ਾਂ ਦੀ ਆਵਾਜ਼ ਹੋਣ ਕਾਰਨ ਸੱਤਾ ਲੇਖਕਾ ਦੀ ਕਲਮ ਤੋਂ ਹੋਰ ਵੀ ਖ਼ੌਫ਼ਜ਼ਦਾ ਹੈ, ਇਸੇ ਲਈ ਉਸ ਨੂੰ ਮੁਕੱਦਮੇ ਵਿਚ ਉਲਝਾਉਣਾ ਚਾਹੁੰਦੀ ਹੈ।

ਇਹ ਵਿਚਾਰ ਐਤਵਾਰ ਸਥਾਨਕ ਦੇਸ਼ ਭਗਤ ਯਾਦਗਾਰ ਵਿਖੇ ਤਿੰਨ ਦਰਜਨ ਤੋਂ ਵੱਧ ਜਨਤਕ ਜਮਹੂਰੀ ਜਥੇਬੰਦੀਆਂ ਤੇ ਸਾਹਿਤਕ-ਸੱਭਿਆਚਾਰਕ ਸੰਸਥਾਵਾਂ 'ਤੇ ਆਧਾਰਤ ਕਾਲੇ ਕਾਨੂੰਨਾਂ ਵਿਰੁੱਧ ਸਾਂਝੀ ਕਮੇਟੀ ਵੱਲੋਂ ਆਯੋਜਿਤ ਕੀਤੀ ਸੂਬਾ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਉੱਘੀ ਪੱਤਰਕਾਰ ਭਾਸ਼ਾ ਸਿੰਘ ਨੇ ਪ੍ਰਗਟ ਕੀਤੇ। ਕਨਵੈਨਸ਼ਨ ਦੀ ਪ੍ਰਧਾਨਗੀ ਤਿੰਨ ਦਰਜਨ ਜਥੇਬੰਦੀਆਂ ਦੇ ਆਗੂਆਂ ਨੇ ਕੀਤੀ ਅਤੇ ਪੰਜਾਬ ਦੇ ਕੋਨੇ-ਕੋਨੇ ਤੋਂ ਇਨਸਾਫ਼ਪਸੰਦ ਲੋਕ ਕਾਫ਼ਲੇ ਸ਼ਾਮਲ ਹੋਏ।

ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਬਸਤੀਵਾਦੀ ਕਾਨੂੰਨ ਪ੍ਰਣਾਲੀ ਨੂੰ ਖ਼ਤਮ ਕਰਨ ਦੇ ਨਾਂਅ ਹੇਠ ਦੇਸ਼ ਨੂੰ ਪੁਲਸ ਰਾਜ ਵਿਚ ਬਦਲਣ ਲਈ ਲਿਆਂਦੇ ਨਵੇਂ ਫ਼ੌਜਦਾਰੀ ਕਾਨੂੰਨ ਨਵੇਂ ਨਾਵਾਂ ਹੇਠ ਬਸਤੀਵਾਦੀ ਕਾਨੂੰਨਾਂ ਨੂੰ ਹੋਰ ਮਜ਼ਬੂਤ ਕਰਦੇ ਹਨ ਅਤੇ ਇਹ ਰੌਲਟ ਐਕਟ ਤੋਂ ਵੀ ਖ਼ਤਰਨਾਕ ਹਨ, ਜਿਨ੍ਹਾਂ ਨੂੰ ਰੱਦ ਕਰਾਉਣ ਲਈ ਭਾਰਤ ਦੇ ਆਜ਼ਾਦੀ ਸੰਗਰਾਮੀਆਂ ਨੇ ਆਪਣਾ ਲਹੂ ਡੋਲ੍ਹਿਆ ਸੀ। ਉਨ੍ਹਾ ਕਿਹਾ ਕਿ ਅਰੁੰਧਤੀ ਰਾਏ, ਪ੍ਰੋਫੈਸਰ ਸ਼ੌਕਤ, ਮੇਧਾ ਪਾਟੇਕਰ ਵਰਗੇ ਰੋਸ਼ਨ-ਖ਼ਿਆਲ ਬੁੱਧੀਜੀਵੀਆਂ ਤੇ ਹੱਕਾਂ ਦੇ ਪਹਿਰੇਦਾਰਾਂ ਦੀ ਜ਼ੁਬਾਨਬੰਦੀ ਕਰਕੇ ਅਤੇ ਕਾਲੇ ਕਾਨੂੰਨ ਥੋਪ ਕੇ ਨਾਗਰਿਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁੱਟਣ ਦੇ ਫਾਸ਼ੀਵਾਦੀ ਹਮਲੇ ਪਿੱਛੇ ਦੇਸ਼ ਦੇ ਕੀਮਤੀ ਮਾਲ-ਖ਼ਜ਼ਾਨਿਆਂ ਨੂੰ ਮੁਲਕ ਦੇ ਇਜਾਰੇਦਾਰ ਸਰਮਾਏਦਾਰਾਂ ਅਤੇ ਸਾਮਰਾਜੀਆਂ ਦੇ ਹਵਾਲੇ ਕਰ ਦੇਣ ਦੀ ਡੂੰਘੀ ਸਾਜ਼ਿਸ਼ ਕੰਮ ਕਰਦੀ ਹੈ। ਐਡਵੋਕੇਟ ਦਲਜੀਤ ਸਿੰਘ ਅਤੇ ਐੱਨ ਕੇ ਜੀਤ ਨੇ ਕਿਹਾ ਕਿ ਇਹ ਕਾਨੂੰਨ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਜਮਹੂਰੀ ਹੱਕਾਂ ਦੀ ਸਪੇਸ ਨੂੰ ਖੋਹਣ ਲਈ ਹਨ। ਇਹ ਕਾਨੂੰਨ ਕੌਮਾਂਤਰੀ ਅਹਿਦਨਾਮਿਆਂ ਦੀ ਵੀ ਉਲੰਘਣਾ ਹੈ, ਜਿਨ੍ਹਾਂ ਉਪਰ ਭਾਰਤੀ ਹੁਕਮਰਾਨਾਂ ਨੇ ਦਸਤਖ਼ਤ ਕੀਤੇ ਹੋਏ ਹਨ।

ਤਰਕਸ਼ੀਲ ਸੁਸਾਇਟੀ ਦੇ ਸੂਬਾਈ ਆਗੂ ਮਾਸਟਰ ਰਾਜਿੰਦਰ ਭਦੌੜ ਨੇ ਕਿਹਾ ਕਿ ਅੱਜ ਦਾ ਇਕੱਠ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਕੇ ਅਤੇ ਕਾਲੇ ਕਾਨੂੰਨ ਥੋਪ ਕੇ ਪੁਲਸ ਰਾਜ ਵੱਲ ਵਧਣ ਦੀ ਬੇਹੱਦ ਖ਼ਤਰਨਾਕ ਸਾਜ਼ਿਸ਼ ਵਿਰੁੱਧ ਅਵਾਮ ਨੂੰ ਜਾਗਰੂਕ ਕਰਨ 'ਚ ਮੀਲ-ਪੱਥਰ ਸਾਬਤ ਹੋਵੇਗਾ ਅਤੇ ਤਿੰਨ ਖੇਤੀ ਕਾਨੂੰਨਾਂ ਵਾਂਗ ਹਕੂਮਤ ਦੇ ਤਾਜ਼ਾ ਫਾਸ਼ੀਵਾਦੀ ਹਮਲਿਆਂ ਨੂੰ ਵੀ ਲੋਕ ਤਾਕਤ ਨਾਲ ਠੱਲ੍ਹ ਪਾਈ ਜਾਵੇਗੀ।

ਡਾਕਟਰ ਪਰਮਿੰਦਰ ਨੇ ਕਿਹਾ ਕਿ ਪੰਜਾਬ ਵਿਚ ਉੱਭਰ ਰਹੀ ਜਮਹੂਰੀ ਹੱਕਾਂ ਦੀ ਚੇਤਨਾ ਅਤੇ ਰਾਖੀ ਦੀ ਲਹਿਰ ਲੋਕ ਸੰਘਰਸ਼ਾਂ ਦੇ ਇਤਿਹਾਸ 'ਚ ਨਵਾਂ ਅਧਿਆਏ ਜੋੜੇਗੀ ਅਤੇ ਇਹ ਫਾਸ਼ੀਵਾਦੀ ਹਕੂਮਤ ਨੂੰ ਚੇਤਾਵਨੀ ਵੀ ਹੋਵੇਗੀ ਕਿ ਮਹਾਨ ਗ਼ਦਰੀ ਬਾਬਿਆਂ, ਭਗਤ-ਸਰਾਭਿਆਂ ਦੀ ਜਾਬਰ ਸਾਮਰਾਜਵਾਦ ਵਿਰੁੱਧ ਲਾਸਾਨੀ ਜੱਦੋਜਹਿਦ ਨੂੰ ਪੰਜਾਬ ਦੇ ਲੋਕ ਭੁੱਲੇ ਨਹੀਂ ਅਤੇ ਸਟੇਟ ਦੇ ਫਾਸ਼ੀਵਾਦੀ ਕਦਮਾਂ ਦਾ ਜਵਾਬ ਪੰਜਾਬ ਦੇ ਜੁਝਾਰੂ ਲੋਕ ਵਿਸ਼ਾਲ ਜਨਤਕ ਲਾਮਬੰਦੀ ਨਾਲ ਦੇਣਗੇ। ਇਹ ਇਕੱਠ ਚੇਤਾਵਨੀ ਵੀ ਹੈ ਕਿ ਇਹ ਫਾਸ਼ੀਵਾਦੀ ਕਦਮ ਵਾਪਸ ਨਾ ਲਏ ਜਾਣ ਦੀ ਸੂਰਤ 'ਚ ਇਹ ਮੁਹਿੰਮ ਹੋਰ ● ਬਾਕੀ ਸਫ਼ਾ 2 'ਤੇ

## ਜਿੰਦਲ ਗਰੁੱਪ ਦੇ ਅਧਿਕਾਰੀ 'ਤੇ ਜਹਾਜ਼ 'ਚ ਮਹਿਲਾ ਨਾਲ ਅਸ਼ਲੀਲ ਹਰਕਤ ਦਾ ਕੇਸ ਦਰਜ

**ਕੋਲਕਾਤਾ** : ਕੋਲਕਾਤਾ-ਅਬੂ ਧਾਬੀ ਉਡਾਣ 'ਤੇ ਮਹਿਲਾ ਸਹਿ-ਮੁਸਾਫਰ ਨਾਲ ਕਥਿਤ ਛੇੜਛਾੜ ਦੇ ਦੋਸ਼ ਵਿਚ ਜਿੰਦਲ ਗਰੁੱਪ ਦੇ ਸੀਨੀਅਰ ਕਾਰਜਕਾਰੀ ਅਧਿਕਾਰੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਬਿਧਨਨਗਰ ਸਿਟੀ ਪੁਲਸ ਦੇ ਅਧਿਕਾਰੀ ਨੇ ਕਿਹਾ ਕਿ ਪੀੜਤ ਮਹਿਲਾ ਦੇ ਮਾਪਿਆਂ ਦੀ ਸ਼ਿਕਾਇਤ 'ਤੇ ਐਤਵਾਰ ਕੋਲਕਾਤਾ ਦੇ ਉੱਤਰ ਵਿਚ ਬਾਹਰਵਾਰ ਸਥਿਤ ਏਅਰਪੋਰਟ ਪੁਲਸ ਥਾਣੇ ਵਿਚ ਐੱਫ ਆਈ ਆਰ ਦਰਜ ਕੀਤੀ ਗਈ ਹੈ।

ਮਹਿਲਾ ਯਾਤਰੀ ਨੇ ਐੱਕਸ 'ਤੇ ਲੜੀਵਾਰ ਪੋਸਟਾਂ ਵਿਚ ਦਾਅਵਾ ਕੀਤਾ ਸੀ ਕਿ ਉਡਾਣ ਦੌਰਾਨ ਉਸ ਦੀ ਨਾਲ ਦੀ ਸੀਟ 'ਤੇ ਬੈਠੇ ਕੰਪਨੀ ਦੇ ਸੀਨੀਅਰ ਕਾਰਜਕਾਰੀ ਅਧਿਕਾਰੀ ਨੇ ਫਿਲਮ ਦੀ ਕਲਿੱਪਸ ਦੇ ਨਾਂਅ 'ਤੇ ਉਸ ਨੂੰ ਅਸ਼ਲੀਲ ਵੀਡੀਓਜ਼ ਦਿਖਾਏ। ਪੁਲਸ ਅਧਿਕਾਰੀ ਨੇ ਕਿਹਾ ਕਿ ਐੱਫ ਆਈ ਆਰ ਵਿਚ ਧਾਰਾ 74 ਤੇ ਧਾਰਾ 75 ਜੋੜੀ ਗਈ ਹੈ ਤੇ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਕੇ ਉਨ੍ਹਾ ਦੀ ਕੰਪਨੀ ਦੀ ਸਿਫਰ-ਸਹਿਣਸ਼ੀਲਤਾ ਪਾਲਿਸੀ ਹੈ ਤੇ ਉਨ੍ਹਾ ਸੰਬੰਧਤ ਕਾਰਜਕਾਰੀ ਅਧਿਕਾਰੀ ਖਿਲਾਫ ਲੱਗੇ ਦੋਸ਼ਾਂ ਦੀ ਜਾਂਚ ਦਾ ਵਾਅਦਾ ਕੀਤਾ ਸੀ। ਕੰਪਨੀ ਨੇ ਸਨਿੱਚਰਵਾਰ ਨੂੰ ਇਕ ਬਿਆਨ ਵਿਚ ਕਿਹਾ ਸੀ ਕਿ ਸੰਬੰਧਤ ਅਧਿਕਾਰੀ ਨੂੰ ਪ੍ਰਸ਼ਾਸਕੀ ਛੁੱਟੀ 'ਤੇ ਭੇਜ ਦਿੱਤਾ ਹੈ ਤੇ ਕਿਸੇ ਤੀਜੀ ਧਿਰ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਮੋਦੀ ਸਰਕਾਰ ਬਹੁਤੀ ਨਹੀਂ ਚੱਲਣੀ : ਮਮਤਾ



**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਬਹੁਤਾ ਚਿਰ ਨਹੀਂ ਚੱਲੇਗੀ, ਕਿਉਂਕਿ ਇਹ ਸਰਕਾਰ ਡਰਾ-ਧਮਕਾ ਕੇ ਬਣਾਈ ਗਈ ਹੈ। 'ਸ਼ਹੀਦ ਦਿਵਸ' ਮੌਕੇ ਤ੍ਰਿਣਮੂਲ ਕਾਂਗਰਸ ਦੀ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਬੈਨਰਜੀ ਨੇ ਲੋਕ ਸਭਾ ਚੋਣਾਂ ਵਿਚ ਦਿਖਾਈ ਸ਼ਾਨਦਾਰ ਕਾਰਗੁਜ਼ਾਰੀ ਲਈ ਸਮਾਜਵਾਦੀ ਪਾਰਟੀ ਆਗੂ ਅਖਿਲੇਸ਼ ਯਾਦਵ ਦੀ ਤਾਰੀਫ ਕੀਤੀ। ਰੈਲੀ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਖਿਲੇਸ਼ ਯਾਦਵ ਨੇ ਕਿਹਾ—ਸੱਤਾ ਵਿਚ ਆਉਣ ਵਾਲੇ ਕੁਝ ਦਿਨਾਂ ਦੇ ਮਹਿਮਾਨ ਹਨ। ਕੇਂਦਰ ਦੀ ਇਹ ਸਰਕਾਰ ਬਹੁਤਾ ਚਿਰ ਨਹੀਂ ਟਿਕੇਗੀ। ਅਜਿਹੀਆਂ ਫਿਰਕੂ ਤਾਕਤਾਂ ਕਿਸੇ ਵੀ ਕੀਮਤ 'ਤੇ ਸੱਤਾ ਵਿਚ ਬਣੇ ਰਹਿਣਾ ਚਾਹੁੰਦੀਆਂ ਹਨ, ਪਰ ਉਨ੍ਹਾਂ ਦੀਆਂ ਇਹ ਚਾਲਾਂ ਸਫਲ ਨਹੀਂ ਹੋਣਗੀਆਂ।

## ਅੱਜ-ਨਾਮਾ

ਬੰਗਲਾ ਦੇਸ਼ ਦੀ ਹਾਲਤ ਹੈ ਬੁਰੀ ਵਿਗੜੀ,
ਫੈਲਿਆ ਦੰਗਾ ਤਾਂ ਮਰਨ ਪਏ ਲੋਕ ਬੇਲੀ।
ਲਾਇਆ ਤਾਣ ਹੈ ਸਾਰਾ ਸਰਕਾਰ ਬੇਸ਼ੱਕ,
ਫੈਲਦੀ ਅੱਗ ਨਹੀਂ ਸਕੀ ਉਹ ਰੋਕ ਬੇਲੀ।
ਧਿਰ ਵਿਰੋਧੀ ਆ ਵੇਖਣ ਨੂੰ ਚੁੱਪ ਦਿੱਸਦੀ,
ਅੰਦਰੋਂ ਤਾਕਤ ਉਸ ਦਿੱਤੀ ਹੈ ਝੋਕ ਬੇਲੀ।
ਚਾਹੁੰਦੀ ਇਹੋ ਕਿ ਡਿੱਗੇ ਸਰਕਾਰ ਚੱਲਦੀ,
ਦਾਅਵੇ ਆਪਣੇ ਦੇਈਏ ਫਿਰ ਠੋਕ ਬੇਲੀ।
ਗਵਾਂਢੀ ਦੇਸ਼ ਦੀ ਵਿਗੜਦੀ ਜਿਵੇਂ ਹਾਲਤ,
ਅਗੇਤਾ ਸੋਚ ਲਏ ਭਾਰਤ ਸਰਕਾਰ ਬੇਲੀ।
ਗਵਾਂਢ ਦੇ ਘਰ ਜੇ ਅੱਗ ਪਈ ਮੱਚਦੀ ਤਾਂ,
ਚਿੰਗਾੜੀ ਆਵੇ ਨਾ ਬਾਰਡਰੋਂ ਪਾਰ ਬੇਲੀ।

-ਤੀਸ ਮਾਰ ਖਾਂ

# ਮੁੰਬਈ 'ਚ ਭਾਰੀ ਮੀਂਹ, ਕਈ ਉਡਾਣਾਂ ਪ੍ਰਭਾਵਤ

**ਮੁੰਬਈ** : ਮੁੰਬਈ ਤੇ ਆਸ-ਪਾਸ ਦੇ ਖੇਤਰਾਂ ਵਿਚ ਐਤਵਾਰ ਭਾਰੀ ਮੀਂਹ ਪਿਆ, ਜਿਸ ਕਾਰਨ ਕਈ ਉਡਾਣਾਂ ਪ੍ਰਭਾਵਤ ਹੋਈਆਂ ਅਤੇ ਸ਼ਹਿਰ ਦੇ ਕਈ ਹਿੱਸਿਆਂ ਵਿਚ ਸੜਕਾਂ 'ਤੇ ਪਾਣੀ ਭਰ ਗਿਆ।

ਖਰਾਬ ਮੌਸਮ ਅਤੇ ਘੱਟ ਦਿਸਣਯੋਗਤਾ ਕਾਰਨ ਛਤਰਪਤੀ ਸ਼ਿਵਾਜੀ ਮਹਾਰਾਜ ਕੌਮਾਂਤਰੀ ਹਵਾਈ ਅੱਡੇ 'ਤੇ ਉਡਾਣਾਂ ਨੂੰ ਦੋ ਵਾਰ ਮੁਅੱਤਲ ਕੀਤਾ ਗਿਆ। ਇੱਥੇ ਸ਼ਾਮ 4 ਵਜੇ ਤੱਕ 15 ਉਡਾਣਾਂ ਨੂੰ ਨੇੜਲੇ ਹਵਾਈ ਅੱਡਿਆਂ, ਮੁੱਖ ਤੌਰ 'ਤੇ ਅਹਿਮਦਾਬਾਦ ਵੱਲ ਮੋੜ ਦਿੱਤਾ ਗਿਆ। ਹਵਾਈ ਅੱਡੇ 'ਤੇ ਦੁਪਹਿਰ 12.12 ਵਜੇ ਅੱਠ ਮਿੰਟ ਲਈ ਅਤੇ ਦੁਪਹਿਰ ਇਕ ਤੋਂ ਸਵਾ ਇਕ ਵਜੇ ਤੱਕ ਹਵਾਈ ਉਡਾਣਾਂ ਪ੍ਰਭਾਵਤ ਹੋਈਆਂ। ਇੰਡੀਗੋ, ਏਅਰ ਇੰਡੀਆ, ਵਿਸਤਾਰਾ ਦੀਆਂ ਉਡਾਣਾਂ ਨੂੰ ਦੂਜੇ ਹਵਾਈ ਅੱਡਿਆਂ ਵੱਲ ਭੇਜਿਆ ਗਿਆ।

ਮੁੰਬਈ ਵਿਚ ਰੇਲ ਸੇਵਾਵਾਂ ਪੱਛਮੀ ਅਤੇ ਮੱਧ ਰੇਲਵੇ ਰੂਟਾਂ 'ਤੇ ਆਮ ਵਾਂਗ ਚੱਲੀਆਂ, ਪਰ ਮਾਨਖੁਰਦ, ਪਨਵੇਲ ਅਤੇ ਕੁਰਲਾ ਸਟੇਸ਼ਨਾਂ ਨੇੜੇ ਪਾਣੀ ਭਰਨ ਕਾਰਨ ਹਾਰਬਰ ਲਾਈਨ 'ਤੇ ਰੇਲ ਗੱਡੀਆਂ 15 ਤੋਂ 20 ਮਿੰਟ ਦੀ ਦੇਰੀ ਨਾਲ ਚੱਲੀਆਂ। ਸ਼ਹਿਰ ਦੇ ਕਈ ਹਿੱਸਿਆਂ 'ਚ ਪਾਣੀ ਭਰਨ ਕਾਰਨ ਕੁਝ ਬੱਸਾਂ ਨੂੰ ਦੂਜੇ ਰੂਟਾਂ ਵੱਲ ਮੋੜਨਾ ਪਿਆ। ਭਾਰੀ ਮੀਂਹ ਕਾਰਨ ਡੀ ਐੱਨ ਨਗਰ 'ਚ ਅੰਧੇਰੀ ਸਬਵੇਅ ਨੂੰ ਬੰਦ ਕਰ ਦਿੱਤਾ ਗਿਆ ਅਤੇ ਦੱਖਣ ਵੱਲ ਟਰੈਫਿਕ ਨੂੰ ਗੋਖਲੇ ਬਰਿਜ ਅਤੇ ਉੱਤਰ ਵੱਲ ਟਰੈਫਿਕ ਨੂੰ ਠਾਕਰੇ ਬਰਿਜ ਰਾਹੀਂ ਭੇਜਿਆ ਗਿਆ। ਮੱਧ ਮੁੰਬਈ ਦੇ ਵਡਾਲਾ ਅਤੇ ਮਾਟੂੰਗਾ ਵਿਚ ਸੜਕਾਂ 'ਤੇ ਪਾਣੀ ਭਰਨ ਕਾਰਨ ਕਈ ਵਾਹਨ ਫਸ ਗਏ।



### 60 ਸੈਲਾਨੀ ਬਚਾਏ

**ਨਵੀਂ ਮੁੰਬਈ** : ਭਾਰੀ ਮੀਂਹ ਦੌਰਾਨ ਬੇਲਾਪੁਰ ਦੇ ਪਹਾੜੀ ਖੇਤਰ ਵਿਚ ਪਾਣੀ 'ਚ ਫਸੇ 60 ਸੈਲਾਨੀਆਂ ਨੂੰ ਸੁਰੱਖਿਅਤ ਕੱਢਿਆ ਗਿਆ। ਨਵੀਂ ਮੁੰਬਈ 'ਚ ਦੁਪਹਿਰ ਡੇਢ ਵਜੇ ਤਕ ਪੰਜ ਘੰਟਿਆਂ ਵਿਚ 83.38 ਮਿਲੀਮੀਟਰ ਮੀਂਹ ਪਿਆ। ਅਧਿਕਾਰੀਆਂ ਨੇ ਦੱਸਿਆ ਕਿ ਬੇਲਾਪੁਰ ਵਿਚ ਆਰਟਿਸਟ ਕਲੋਨੀ ਪਿੱਛੇ ਸਥਿਤ ਪਹਾੜੀ 'ਤੇ 60 ਸੈਲਾਨੀ ਫਸ ਗਏ। ਇਸ ਤੋਂ ਬਾਅਦ ਫਾਇਰ ਬ੍ਰਿਗੇਡ, ਪੁਲਸ ਅਤੇ ਨਵੀਂ ਮੁੰਬਈ ਆਫਤ ਪ੍ਰਬੰਧਨ ਟੀਮਾਂ ਮੌਕੇ 'ਤੇ ਪੁੱਜੀਆਂ।

## ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਬਰੇਟਾ ਦੀ ਮਾਸਿਕ ਇਕੱਤਰਤਾ



**ਬਰੇਟਾ (ਗੋਬਿੰਦ ਸ਼ਰਮਾ)**-ਅੱਗਰਵਾਲ ਧਰਮਸ਼ਾਲਾ ਵਿਖੇ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਬਰੇਟਾ ਦੀ ਮਾਸਿਕ ਇਕੱਤਰਤਾ ਹੋਈ।ਇਸ ਮੌਕੇ ਬਜ਼ੁਰਗ ਮੁਲਾਜ਼ਮ ਆਗੂ ਰਣਬੀਰ ਸਿੰਘ ਢਿੱਲੋਂ ਦੇ ਸਦੀਵੀ ਵਿਛੋੜੇ 'ਤੇ ਅਫਸੋਸ ਪ੍ਰਗਟ ਕਰਦੇ ਹੋਏ ਸ਼ੋਕ ਮਤਾ ਪਾਸ ਕੀਤਾ ਗਿਆ।ਇਸ ਮੁਲਾਜ਼ਮ ਘੋਲਾਂ ਦੇ ਝੰਡਾ ਬਰਦਾਰ ਮਹਾਨ ਸ਼ਖ਼ਸੀਅਤ ਦੇ ਯੋਗਦਾਨ 'ਤੇ ਵਿਚਾਰ ਚਰਚਾ ਕੀਤੀ ਗਈ।ਪੈਨਸ਼ਨ ਕਮਿਊਟ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਇਸ ਸਬੰਧੀ ਅਦਾਲਤ ਦੇ ਫੈਸਲੇ ਨੂੰ ਜਨਰਲਾਇਜ਼ ਕਰਨ ਦੀ ਮੰਗ ਕੀਤੀ ਗਈ।ਵੱਖ ਵੱਖ ਬੁਲਾਰਿਆਂ ਨੇ ਡੀ ਏ ਦਾ ਬਕਾਇਆ ਜਲਦੀ ਜਾਰੀ ਕਰਨ ਲਈ ਮੰਗ ਉਠਾਈ।ਪੈਨਸ਼ਨਰ ਭਵਨ ਬਣਾਉਣ ਲਈ ਸਨਮਾਨਯੋਗ ਸਥਾਨ ਹਾਸਲ ਕਰਨ ਲਈ ਅਧਿਕਾਰੀਆਂ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ।ਇਸ ਮਹੀਨੇ ਜਨਮ ਦਿਨ ਵਾਲੇ ਸਾਥੀਆਂ ਗੁਰਮੇਲ ਸਿੰਘ, ਜੌਹਰੀ ਲਾਲ, ਰੁਲਦੂ ਰਾਮ, ਸੱਜਣ ਸਿੰਘ, ਬਲਕਾਰ ਸਿੰਘ, ਬਲਵਿੰਦਰ ਕੁਮਾਰ, ਇੰਦਰਪਾਲ ਅਤੇ ਸੀਮਤੀ ਲਾਭ ਕੌਰ ਨੂੰ ਸਨਮਾਨਤ ਕੀਤਾ ਗਿਆ।ਗੁਲਜ਼ਾਰ ਸਿੰਘ, ਜਰਨੈਲ ਸਿੰਘ, ਜੌਹਰੀ ਲਾਲ ਅਤੇ ਹੋਰਾਂ ਨੇ ਸੰਬੋਧਨ ਕੀਤਾ।ਅੰਤ ਵਿੱਚ ਪ੍ਰਧਾਨ ਮੇਲਾ ਸਿੰਘ ਮੰਡੇਰ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਮਾਜ ਸੇਵਾ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ।

## ਸੈਕੰਡਰੀ ਸਕੂਲ ਖਾਰਾ 'ਚ ਪੌਦੇ ਲਾ ਕੇ ਹਰਿਆਵਲ ਲਹਿਰ ਦੀ ਕੀਤੀ ਸ਼ੁਰੂਆਤ

### ਦਰੱਖਤਾਂ ਦੀ ਵੱਡੇ ਪੱਧਰ 'ਤੇ ਕਟਾਈ ਹੀ ਵਾਤਾਵਰਨੀ ਵਿਗਾੜਾਂ ਦਾ ਮੁੱਖ ਕਾਰਨ : ਚੇਅਰਮੈਨ ਮਲਕੀਤ ਸਿੰਘ



**ਮਾਨਸਾ (ਆਤਮਾ ਸਿੰਘ ਪਮਾਰ)**-ਵਾਤਾਵਰਨੀ ਵਿਗਾੜਾਂ ਕਾਰਨ ਦਿਨੋਂ ਦਿਨ ਵਧ ਰਹੀ ਗਰਮੀ ਤੇ ਵਾਤਾਵਰਨ ਨੂੰ ਬਚਾਉਣ ਲਈ ਪੰਜਾਬ ਸਰਕਾਰ ਦੁਆਰਾ ਵਿੱਢੀ ਮੁਹਿੰਮ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.) ਸਿੱਖਿਆ ਮਾਨਸਾ ਸ੍ਰੀਮਤੀ ਭੁਪਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਕਾਰੀ ਸੈਕੰਡਰੀ ਸਕੂਲ ਖਾਰਾ ਵਿਖੇ ਸਕੂਲ ਮੁਖੀ ਸੁਸ਼ਮਾ ਰਾਣੀ, ਸਮੂਹ ਸਟਾਫ, ਵਿਦਿਆਰਥੀਆਂ ਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਪੌਦੇ ਲਗਾ ਕੇ ਹਰਿਆਵਲ ਲਹਿਰ ਦੀ ਸ਼ੁਰੂਆਤ ਕੀਤੀ ਗਈ।ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਸਬੰਧੀ ਦੱਸਦਿਆਂ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਮਲਕੀਤ ਸਿੰਘ ਤੇ ਸਕੂਲ ਮੁਖੀ ਮੈਡਮ ਸੁਸ਼ਮਾ ਰਾਣੀ ਨੇ ਕਿਹਾ ਕਿ ਧਰਤੀ ਹੀ ਇੱਕ ਅਜਿਹਾ ਗ੍ਰਹਿ ਹੈ, ਜਿੱਥੇ ਜੀਵਨ ਸੰਭਵ ਹੈ।ਇਸ ਲਈ ਵਾਤਾਵਰਨ ਬਚਾਉਣਾ ਸਾਡੀ ਸਾਰਿਆਂ ਦੀ ਸਮੂਹਿਕ ਜ਼ਿੰਮੇਵਾਰੀ ਬਣਦੀ ਹੈ।ਉਨ੍ਹਾ ਕਿਹਾ ਕਿ ਦਿਨੋਂ ਦਿਨ ਰੁੱਖਾਂ ਦੀ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਕਟਾਈ ਕਾਰਨ ਵਾਤਾਵਰਨ ਵਿੱਚ ਵਿਗਾੜ ਪੈਦਾ ਹੋ ਰਹੇ ਹਨ, ਜਿਸ ਕਰਕੇ ਆਲਮੀ ਤਪਸ ਆਮ ਨਾਲੋਂ ਬਹੁਤ ਜ਼ਿਆਦਾ ਵਧ ਗਈ ਹੈ।ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਧਰਤੀ ਨੂੰ ਬਚਾਉਣ ਲਈ ਆਪਣਾ ਪੂਰਨ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਸਮੇਂ ਸਕਿਉਰਿਟੀ ਅਧਿਆਪਕ ਬਲਵਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਰੁੱਖਾਂ ਦੀ ਸਾਂਭ ਸੰਭਾਲ ਸਬੰਧੀ ਸਹੁੰ ਵੀ ਚੁਕਾਈ ਗਈ।ਇਸ ਸਮੇਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਮਾਜ ਸੇਵੀ ਸੇਵਾ ਮੁਕਤ ਸੂਬੇਦਾਰ ਸ੍ਰ. ਨਛੱਤਰ ਸਿੰਘ ਕੁਲਹਿਰੀ ਤੇ ਉਨ੍ਹਾਂ ਦੀ ਧਰਮਪਤਨੀ ਮਾਤਾ ਪ੍ਰਤਾਪ ਕੌਰ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਤੇ ਵਾਤਾਵਰਣ ਬਚਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵੱਲੋਂ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਲਗਪਗ 15000 ਰੁਪਏ ਦੀ ਸਟੇਸ਼ਨਰੀ ਵੀ ਦਾਨ ਵਜੋਂ ਭੇਟ ਕੀਤੀ ਗਈ।

ਇਸ ਸਮੇਂ ਸਮੂਹ ਵਿਦਿਆਰਥੀਆਂ ਨੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਤੇ ਅਧਿਆਪਕਾਂ ਆਦਿ ਦੀ ਰਹਿਨੁਮਾਈ ਹੇਠ ਸਕੂਲ ਦੀਆਂ ਵੱਖ ਵੱਖ ਥਾਂਵਾਂ 'ਤੇ ਪੌਦੇ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਲਈ।

## ਭਾਈ ਘਨੱਈਆ ਵੈੱਲਫੇਅਰ ਸੁਸਾਇਟੀ ਵੱਲੋਂ ਪੌਦਿਆਂ ਦਾ ਲੰਗਰ





**ਜਲਾਲਾਬਾਦ (ਜੀਤ ਕੁਮਾਰ)**

ਹਰਿਆਲੀ ਲਿਆਉਣ ਲਈ ਹਰੇਕ ਨਾਗਰਿਕ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਲਾਮਬੰਦ ਕਰ ਰਹੀ 'ਭਾਈ ਘਨੱਈਆ ਵੈੱਲਫੇਅਰ ਸੁਸਾਇਟੀ' ਵੱਲੋਂ ਅੱਜ ਫਿਰ ਸਥਾਨਕ ਸ਼ਹੀਦ ਊਧਮ ਸਿੰਘ ਚੌਕ ਦੇ ਨਜ਼ਦੀਕ ਸਥਿਤ ਗੁਰਦੁਆਰਾ ਰਾਮਗੜ੍ਹੀਆ ਵਿਖੇ ਫਲਦਾਰ, ਛਾਂਦਾਰ ਤੇ ਫੁੱਲਾਂ ਵਾਲੇ ਬੂਟਿਆਂ ਦਾ ਲੰਗਰ ਲਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਗੁਰਮੁੱਖ ਸਿੰਘ ਸੱਗੂ, ਸੈਕਟਰੀ ਭਗਵਾਨ ਸਿੰਘ ਸੱਗੂ, ਖਜ਼ਾਨਚੀ ਗੁਰਮੀਤ ਸਿੰਘ ਵਿਰਦੀ, ਹਰਭਜਨ ਸਿੰਘ ਜੰਡੂ, ਨਿਰੰਜਨ ਸਿੰਘ ਜੰਡੂ, ਗੁਰਮੀਤ ਸਿੰਘ ਸੱਗੂ, ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਕੁਮਾਰ ਛਾਬੜਾ, ਰਮਨ ਵਾਟਸ, ਸ਼ਿਵਾਲਿਕ ਗਰੁੱਪ ਆਫ ਇਨਸੀਚਿਊਟ ਦੇ ਦੇ ਚੇਅਰਮੈਨ ਡਾ. ਸੰਜੀਵ ਦਹੂਜਾ, ਸੁਭਾਸ਼ ਛਾਬੜਾ, ਲੱਕੀ, ਰਿਕੂ ਖਾਲਸਾ, ਗੁਰਮੀਤ ਸਿੰਘ, ਨਗਰ ਕੌਂਸਲ ਜਲਾਲਾਬਾਦ ਜਰਨਲ ਇੰਸਪੈਕਟਰ ਹਰਦੇਵ ਸਿੰਘ ਤੇ ਪ੍ਰੋਗਰਾਮ ਕੁਆਰਡੀਨੇਟਰ ਅਮਨਦੀਪ ਨੇ ਨਗਰ ਕੌਂਸਲ ਆਦਿ ਮੌਜੂਦ ਸਨ। ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਭਾਈ ਘਨੱਈਆ ਵੈੱਲਫੇਅਰ ਸੁਸਾਇਟੀ ਦੇ ਸੈਕਟਰੀ ਭਗਵਾਨ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਗੰਧਲੇ ਤੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਤੇ ਹਰਿਆ ਭਰਿਆ ਬਣਾਉਣ ਲਈ ਹਰੇਕ ਨਾਗਰਿਕ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਉਥੇ ਹੀ ਜਲਾਲਾਬਾਦ ਵਿਚ ਹਰੇਕ ਹਫਤੇ ਸ਼ਨੀਵਾਰ ਨੂੰ ਇਥੇ ਪੌਦੇ ਵੰਡੇ ਜਾ ਰਹੇ ਹਨ। ਸੁਸਾਇਟੀ ਪ੍ਰਧਾਨ ਗੁਰਮੁੱਖ ਸਿੰਘ ਨੇ ਦੱਸਿਆ ਕਿ ਭਾਈ ਘਨੱਈਆ ਵੈੱਲਫੇਆਰ ਸੁਸਾਇਟੀ ਗੁਰਦੁਆਰਾ ਰਾਮਗੜ੍ਹੀਆ ਜਲਾਲਾਬਾਦ ਵੱਲੋਂ ਹਰ ਸ਼ਨੀਵਾਰ ਬੂਟਿਆਂ ਦਾ ਲੰਗਰ ਲਾਇਆ ਜਾਂਦਾ ਹੈ ਅਤੇ ਹੁਣ ਤੱਕ 1200 ਪੌਦੇ ਵੰਡੇ ਗਏ ਹਨ।

## 252 ਕਰੋੜ ਜਾਰੀ ਕਰਨ ਦੇ ਬਾਵਜੂਦ ਪੁਲੀਆਂ ਦੀ ਸਫਾਈ ਸਿਰਫ ਖਾਨਾ-ਪੂਰਤੀ : ਗੁਰਤੇਜ ਢਿੱਲੋਂ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**-ਪੰਜਾਬ ਸਰਕਾਰ ਵੱਲੋਂ ਮਾਨਸੂਨ ਤੋਂ ਪਹਿਲਾਂ ਸੜਕਾਂ ਦੇ ਪੁਲਾਂ ਹੇਠ ਬਣੀਆਂ ਪੁਲੀਆਂ, ਚੋਆਂ ਤੇ ਨਾਲਿਆਂ ਦੀ ਸਫਾਈ ਕਰਨ ਲਈ 252 ਕਰੋੜ ਰੁਪਏ ਜਾਰੀ ਕਰਨ ਦੇ ਬਾਵਜੂਦ ਉਕਤ ਪੁਲੀਆਂ ਤੇ ਚੋਆਂ ਦੀ ਸਫਾਈ ਸਿਰਫ ਖਾਨਾਪੂਰਤੀ ਹੀ ਹੈ, ਜਿਸ ਦਾ ਸਬੂਤ ਮਾਨਸੂਨ ਦੀ ਪਹਿਲੀ ਬਾਰਿਸ਼ ਨਾਲ ਇਕੱਠੇ ਹੋਏ ਪਾਣੀ ਤਾਂ ਮਿਲਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਨਾਭਾ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਤੇ ਭਾਜਪਾ ਦੇ ਸੀਨੀਅਰ ਆਗੂ ਗੁਰਤੇਜ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਨਾਭਾ ਵਿਖੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ ਅੱਜ ਉਹ ਨਾਭਾ ਵਿਖੇ ਭੋੜੇ ਸਾਈਫਨ ਦੇਖਣ ਗਏ, ਜਿਸ ਦੀ ਸਫਾਈ ਨਾਂਹ ਦੇ ਬਰਾਬਰ ਹੋਈ ਸੀ।ਜੇਕਰ ਸਰਕਾਰ ਹੜ੍ਹਾਂ ਦੀ ਸਥਿਤੀ ਤੇ ਭਾਰੀ ਬਾਰਿਸ਼ ਦੇ ਪਾਣੀ ਨਾਲ ਨਜਿੱਠਣ ਲਈ ਪੁਖਤਾ ਪ੍ਰਬੰਧ ਨਹੀਂ ਕਰ ਸਕਦੀ ਤਾਂ ਉਹ ਢਾਈ ਸੌ ਕਰੋੜ ਜਾਰੀ ਕਰਨ ਦਾ ਕੀ ਮਤਲਬ ਹੈ।ਉਨ੍ਹਾ ਕਿਹਾ ਚੋਏ, ਨਹਿਰਾਂ, ਨਾਲੇ ਤੇ ਨਦੀਆਂ ਦੀ ਸਫਾਈ ਦੌਰਾਨ ਘਪਲੇ ਸਾਹਮਣੇ ਆ ਸਕਦੇ।ਇਸ ਕਰਕੇ ਸਾਫ ਸਫਾਈ ਦਾ ਕੰਮ ਖਾਨਪੂਰਤੀ ਤੱਕ ਹੀ ਸੀਮਤ ਨਜ਼ਰ ਆ ਰਿਹਾ ਹੈ।ਇਸ ਕਰਕੇ ਉਹ ਸੂਬਾ ਸਰਕਾਰ ਨੂੰ ਬੇਨਤੀ ਕਰਦੇ ਹਨ ਕਿ ਉਹ ਪੰਜਾਬੀ ਨੂੰ ਪਾਣੀ ਦੀ ਮਾਰ ਤੋਂ ਬਚਾਉਣ ਲਈ ਫੌਰੀ ਕਦਮ ਚੁੱਕੇ।

## ਮਾਨਵ ਸੇਵਾ ਉੱਤਮ ਸੇਵਾ ਸੰਸਥਾ ਵੱਲੋਂ ਲੋੜਵੰਦ ਬਜ਼ੁਰਗਾਂ ਨੂੰ ਰਾਸ਼ਨ ਭੇਟ



**ਨਾਭਾ (ਵਰਿੰਦਰ ਵਰਮਾ)**-ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਵਧ ਚੜ੍ਹ ਕੇ ਕੀਤੇ ਜਾਂਦੇ ਹਨ, ਉੱਥੇ ਹੀ ਸੰਸਥਾ ਵੱਲੋਂ ਸਿਵਲ ਹਸਪਤਾਲ ਨਾਭਾ ਵਿਖੇ ਜ਼ਰੂਰਤਮੰਦ ਮਰੀਜ਼ਾਂ ਦਾ ਇਲਾਜ ਕਰਵਾਇਆ ਜਾਂਦਾ ਹੈ ਅਤੇ ਮਰੀਜ਼ਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆਂ ਜਾਂਦੀਆਂ ਹਨ।ਇਸੇ ਲੜੀ ਤਹਿਤ ਓਲਡ ਏਜ ਹੋਮ ਪਿੰਡ ਰੋਂਗਲਾ ਪਟਿਆਲਾ ਵਿਖੇ ਲੋੜਵੰਦ ਬਜ਼ੁਰਗਾਂ ਨੂੰ ਸੰਸਥਾ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਰਾਸ਼ਨ ਦਿੱਤਾ ਗਿਆ।ਸੰਸਥਾ ਦੇ ਮੁੱਖ ਅਹੁਦੇਦਾਰ ਵਿਕਾਸ ਮਿੱਤਲ ਨੇ ਸੰਸਥਾ ਵੱਲੋਂ ਡਾਕਟਰ ਆਸ਼ੂਦੀਪ ਰੂਪਾ (ਬੱਚਿਆਂ ਦੇ ਮਾਹਿਰ) ਤੇ ਹਰਗੁਰਵਿੰਦਰ ਸਿੰਘ (ਹੱਡੀਆਂ ਦੇ ਮਾਹਿਰ) ਸੁਖਮਨੀ ਹਸਪਤਾਲ ਨਾਭਾ ਅਤੇ ਜੈ ਸ਼੍ਰੀ ਰਾਮ ਸੇਵਾ ਸਮਿਤੀ ਪ੍ਰਧਾਨ ਮੋਹਿਤ ਅਰੋੜਾ, ਅਜੇ ਕੁਮਾਰ, ਸ਼ੀਨੂ ਤੇ ਸਾਰੇ ਸਹਯੋਗੀ ਸੱਜਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਲੋੜਵੰਦ ਨੂੰ ਕਿਸੇ ਪ੍ਰਕਾਰ ਦੀ ਕੋਈ ਜ਼ਰੂਰਤ ਹੁੰਦੀ ਹੈ ਤਾਂ ਉਹ ਸਾਡੇ ਨਾਲ ਸਿੱਧੇ ਤੌਰ 'ਤੇ ਅਤੇ 9878609811 ਮੋਬਾਇਲ ਨੰਬਰ 'ਤੇ ਸੰਪਰਕ ਕਰ ਸਕਦੇ ਹਨ।ਰਾਸ਼ਨ ਲੈਣ ਉਪਰੰਤ ਬਜ਼ੁਰਗਾਂ ਨੇ ਸੰਸਥਾ ਦੇ ਅਹੁਦੇਦਾਰਾਂ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਕਮਲ ਗੋਇਲ, ਰਵਿੰਦਰ ਸਿੰਘ, ਸ਼ਿਵ ਕੁਮਾਰ ਕੌਸ਼ਲ, ਮੁਨੀਸ਼ ਮਿੱਤਲ, ਅਤੁਲ ਬਾਂਸਲ (ਐਡਵੋਕੇਟ), ਸੁਨੀਲ ਗੁਪਤਾ, ਦੀਪਕ ਕੁਮਾਰ, ਵਰੁਣ ਸਿੰਗਲਾ, ਅੱਛਰ ਦਾਸ ਆਦਿ ਤੋਂ ਇਲਾਵਾ ਮੈਡਮ ਹਰਮੇਸ਼ ਮਿੱਤਲ, ਰਜਨੀ ਮਿੱਤਲ, ਸਨਤ ਮਿੱਤਲ, ਧਾਨੀ ਮਿੱਤਲ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਾਡੀ ਮੰਗ ਨੂੰ ਮੁੱਖ ਰੱਖਦਿਆਂ ਸੰਸਥਾ ਵੱਲੋਂ ਰਾਸ਼ਨ ਲੈ ਕੇ ਦਿੱਤਾ ਗਿਆ ਹੈ।ਅਸੀਂ ਸਾਰੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਇਹ ਸੰਸਥਾ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਵੱਧ ਚੜ੍ਹ ਕੇ ਕਰਨ ਤੇ ਸਮੂਹ ਮੈਂਬਰ ਚੜ੍ਹਦੀ ਕਲਾ ਵਿੱਚ ਰਹਿਣ।

## ਹੰਸ ਰਾਜ ਬਜਾਜ ਵਪਾਰ ਮੰਡਲ ਦੇ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ



**ਧੂਰੀ (ਰਾਜੇਸ਼ਵਰ ਪਿੰਟੂ, ਬਿਨੀ ਗਰਗ)**-ਪਿਛਲੇ ਪੰਜ ਦਹਾਕਿਆਂ ਤੋਂ ਵਪਾਰੀਆਂ ਦੀ ਅਗਵਾਈ ਕਰਦੇ ਆ ਰਹੇ ਹੰਸ ਰਾਜ ਬਜਾਜ ਨੂੰ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦਾ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਹੈ। ਦੱਸਣਯੋਗ ਹੈ ਕਿ ਹੰਸ ਰਾਜ ਬਜਾਜ ਪਿਛਲੇ ਲੰਮੇ ਸਮੇਂ ਤੋਂ ਵਪਾਰੀਆਂ ਦੀ ਅਗਵਾਈ ਕਰਦੇ ਆ ਰਹੇ ਹਨ ਤੇ ਵਪਾਰੀਆਂ ਨੂੰ ਦਰਪੇਸ਼ ਮੰਗਾਂ ਤੇ ਮੁਸ਼ਕਲਾਂ ਸਬੰਧੀ ਡੱਟ ਕੇ ਅਵਾਜ਼ ਬੁਲੰਦ ਕਰਦੇ ਆ ਰਹੇ ਹਨ।

ਆਪਣੀ ਨਿਯੁਕਤੀ 'ਤੇ ਸੂਬਾ ਪ੍ਰਧਾਨ ਪਿਆਰੇ ਲਾਲ ਸੇਠ, ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਪ੍ਰਿੰਸ ਤੇ ਜ਼ਿਲ੍ਹਾ ਚੇਅਰਮੈਨ ਰਾਜੇਸ਼ ਕੁਮਾਰ ਥਰੇਜਾ ਸਮੇਤ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੱਥੇਬੰਦੀ ਨੇ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਹੋਰ ਵੀ ਦ੍ਰਿੜਤਾ ਨਾਲ ਵਪਾਰੀਆਂ ਦੀ ਤਰਜਮਾਨੀ ਕਰਨਗੇ। ਉਨ੍ਹਾਂ ਦੱਸਿਆ ਕਿ ਵਪਾਰੀਆਂ ਨੂੰ ਦਰਪੇਸ਼ ਮੁਸ਼ਕਲਾਂ ਤੇ ਮੰਗਾਂ ਸਬੰਧੀ ਜਲਦੀ ਹੀ ਇੱਕ ਵਫ਼ਦ ਪੰਜਾਬ ਸਰਕਾਰ ਨਾਲ ਮੁਲਾਕਾਤ ਕਰੇਗਾ।

## ਗੁਰਚਰਨ ਮਲਹੋਤਰਾ ਦਾ ਖੱਤਰੀ ਸਭਾ ਦਾ ਮੈਂਬਰ ਬਣਨ 'ਤੇ ਨਿੱਘਾ ਸਵਾਗਤ




**ਮੋਗਾ (ਇਕਬਾਲ ਸਿੰਘ ਖਹਿਰਾ)**-ਨੈਸਲੇ ਇੰਡੀਆ ਤੋਂ ਸੇਵਾ ਨਿਵਰਤ ਸਮਾਜ ਸੇਵਕ ਤੇ ਟਰੇਡ ਯੂਨੀਅਨਿਸਟ ਗੁਰਚਰਨ ਸਿੰਘ ਮਲਹੋਤਰਾ ਖੱਤਰੀ ਸਭਾ ਦੀ ਖੱਤਰੀ ਬਿਰਾਦਰੀ ਪ੍ਰਤੀ ਅਣਥੱਕ ਸੇਵਾਵਾਂ ਤੋਂ ਪ੍ਰਭਾਵਿਤ ਹੋ ਕੇ ਅੱਜ ਇੱਥੇ ਖੱਤਰੀ ਭਵਨ ਵਿੱਚ ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੀ ਅਗਵਾਈ ਵਿੱਚ ਖੱਤਰੀ ਸਭਾ ਦੇ ਮੈਂਬਰ ਬਣੇ ਗਏ। ਖੱਤਰੀ ਸਭਾ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਗੁਰਚਰਨ ਸਿੰਘ ਮਲਹੋਤਰਾ ਨੂੰ ਫੁੱਲ ਮਾਲਾਵਾਂ ਤੇ ਖੱਤਰੀ ਸਭਾ ਦਾ ਸਿਰੋਪਾਓ ਪਹਿਨਾ ਕੇ ਸਭਾ ਵਿੱਚ ਸ਼ਾਮਲ ਕੀਤਾ। ਇਸ ਮੌਕੇ ਨਵੇਂ ਬਣੇ ਮੈਂਬਰ ਗੁਰਚਰਨ ਸਿੰਘ ਮਲਹੋਤਰਾ ਨੇ ਕਿਹਾ ਕਿ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੀ ਅਗਵਾਈ ਵਿੱਚ ਬੁਲੰਦੀਆਂ 'ਤੇ ਪਹੁੰਚੀ ਖੱਤਰੀ ਸਭਾ ਦੀਆਂ ਅਣਥੱਕ ਗਤੀਵਿਧੀਆਂ ਤੇ ਕਾਰਗੁਜ਼ਾਰੀ ਨੇ ਉਨ੍ਹਾਂ ਨੂੰ ਖੱਤਰੀ ਸਭਾ ਦਾ ਮੈਂਬਰ ਬਣਨ ਲਈ ਪ੍ਰੇਰਿਤ ਕੀਤਾ ਹੈ। ਇਸ ਮੌਕੇ ਚੇਅਰਮੈਨ ਵਿਜ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਕਿਹਾ ਕਿ ਗੁਰਚਰਨ ਸਿੰਘ ਮਲਹੋਤਰਾ ਦੇ ਮੈਂਬਰ ਬਨਣ ਨਾਲ ਖੱਤਰੀ ਸਭਾ ਹੋਰ ਮਜ਼ਬੂਤ ਹੋਵੇਗੀ ਤੇ ਗੁਰਚਰਨ ਸਿੰਘ ਮਲਹੋਤਰਾ ਦੇ ਤਜਰਬੇ ਦਾ ਸਭਾ ਨੂੰ ਲਾਭ ਮਿਲੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਨਰੋਤਮ ਪੁਰੀ, ਖੱਤਰੀ ਮਹਾਸਭਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਸਾਬਕਾ ਤਹਿਸੀਲਦਾਰ ਜਸਵੰਤ ਦਾਨੀ, ਪ੍ਰਦੇਸ਼ ਆਫਿਸ ਸਕੱਤਰ ਬਲਜਿੰਦਰ ਸਿੰਘ ਸਹਿਗਲ, ਮਹਿਲਾ ਖੱਤਰੀ ਸਭਾ ਵਰਕਿੰਗ ਪ੍ਰਧਾਨ ਸੁਮਨ ਮਲਹੋਤਰਾ, ਸੀਨੀਅਰ ਮੀਤ ਪ੍ਰਧਾਨ ਨਿਸ਼ੀ ਰਕੇਸ਼ ਵਿਚ, ਡਾਕਟਰ ਮਹਿੰਦਰ ਪਾਲ ਸੱਭਰਵਾਲ, ਖੱਤਰੀ ਮੈਰਿਜ ਬਿਊਰੋ ਕਨਵੀਨਰ ਸੁਸ਼ੀਲ ਸਿਆਲ, ਮੁੱਖ ਸਲਾਹਕਾਰ ਸੁਭਾਸ਼ ਉਪਲ, ਯੁਵਾ ਖੱਤਰੀ ਸਭਾ ਪ੍ਰਧਾਨ ਗੌਰਵ ਕਪੂਰ, ਸਲਾਹਕਾਰ ਸੰਜੀਵ ਕੌੜਾ ਐਕਸਾਈਜ਼ ਵਿਭਾਗ ਤੇ ਸ੍ਰੀ ਬ੍ਰਾਹਮਣ ਸਭਾ ਪੰਜਾਬ ਦੇ ਸੂਬਾ ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਅਸ਼ੋਕ ਕਾਲੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਭਾਜਪਾ ਆਗੂਆਂ ਵੱਲੋਂ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਚਰਚਾ



**ਜਗਰਾਉਂ (ਅਮਿਤ ਖੰਨਾ)**-ਭਾਰਤੀ ਜਨਤਾ ਪਾਰਟੀ ਪੰਜਾਬ ਦੇ ਜਨਰਲ ਸੈਕਟਰੀ ਪਰਮਿੰਦਰ ਸਿੰਘ ਬਰਾੜ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਜਗਰਾਉਂ ਦੀ ਟੀਮ ਵੱਲੋਂ ਪਿਛਲੀਆਂ ਲੋਕ ਸਭਾ ਚੋਣਾਂ ਦੀ ਸਮੀਖਿਆ ਲਈ ਮੀਟਿੰਗ ਕੀਤੀ ਗਈ ਅਤੇ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ। ਪਾਰਟੀ ਦੀ ਮਜ਼ਬੂਤੀ ਲਈ ਅਹੁਦੇਦਾਰਾਂ ਵੱਲੋਂ ਸੁਝਾਅ ਦਿੱਤੇ ਗਏ। ਪਰਮਿੰਦਰ ਸਿੰਘ ਬਰਾੜ ਨੇ ਹਰ ਵਰਕਰ ਨੂੰ ਵੋਟ ਪ੍ਰਤੀਸ਼ਤ ਵਧਣ 'ਤੇ ਵਧਾਈਆਂ ਵੀ ਦਿੱਤੀਆਂ ਅਤੇ ਨਾਲ ਹੀ ਹਰ ਅਹੁਦੇਦਾਰਾਂ ਨੂੰ ਬੂਥ ਲੈਵਲ ਉਪਰ ਸਮੀਖਿਆ ਕਰਨ ਲਈ ਕਿਹਾ। ਇਸ ਮੌਕੇ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਧਾਲੀਵਾਲ, ਗੌਰਵ ਖੁੱਲਰ, ਰੋਹਿਤ ਅਗਰਵਾਲ, ਡਾ. ਰਾਜਿੰਦਰ ਸ਼ਰਮਾ, ਜਗਤਾਰ ਕੌੜਾ, ਪ੍ਰਦੀਪ ਜੰਡ, ਤਨਵੀਰ ਸਿੰਘ ਔਲਖ, ਅਸ਼ਵਨੀ ਧੀਰ, ਸੁਮੀਤ ਅਰੋੜਾ ਕ੍ਰਿਸ਼ਨ ਕੁਮਾਰ, ਬਾਲ ਕਿਸ਼ਨ ਗਰਗ, ਰਾਜ ਵਰਮਾ, ਗੁਰਚਰਨ ਸਿੰਘ, ਗੁਰਭੇਜ ਸਿੰਘ, ਬਾਲ ਕਿਸ਼ਨ ਮੁੱਲਾਂਪੁਰ, ਅਕਿਸ਼ਤ ਸਿੱਧਵਾਂ, ਇੰਦਰਜੀਤ ਸਿੰਘ ਬੱਸੀਆਂ, ਸੁਖਵਿੰਦਰ ਸਿੰਘ, ਰਵਿੰਦਰ ਕੁਮਾਰ, ਕੁਲਦੀਪ ਸਿੰਘ, ਗੁਲਜਾਰ ਸਿੰਘ ਲੀਲਾਂ, ਜਗਜੀਵਨ ਸਿੰਘ ਰਕਬਾ, ਵਿਜੇ ਸ਼ਰਮਾ, ਜਸਪਾਲ ਸ਼ਰਮਾ ਸੁਧਾਰ, ਰਾਜਿੰਦਰ ਸਿੰਘ ਢਿੱਲੋਂ ਤੇ ਹੋਰ ਅਹੁਦੇਦਾਰ ਹਾਜ਼ਰ ਸਨ।

## ਆਲ ਇੰਡੀਆ ਆਂਗਣਵਾੜੀ ਵਰਕਰ, ਹੈਲਪਰ ਯੂਨੀਅਨ ਏਟਕ ਵੱਲੋਂ ਵਿਧਾਇਕਾ ਨੂੰ ਯਾਦ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਪੰਜਾਬ ਏਟਕ ਵੱਲੋਂ ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਦੀ ਅਗਵਾਈ ਵਿੱਚ ਹਲਕਾ ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੂੰ ਯਾਦ ਪੱਤਰ ਦਿੱਤਾ ਗਿਆ। ਇਸ ਮੌਕੇ ਡਿਪਟੀ ਜਨਰਲ ਸਕੱਤਰ ਬਲਵਿੰਦਰ ਕੌਰ ਖੋਸਾ, ਸਕੱਤਰ ਗੁਰਚਰਨ ਕੌਰ ਮੋਗਾ ਨੇ ਕਿਹਾ ਕਿ ਆਮ ਆਦਮੀ ਦੀ ਸਰਕਾਰ ਬਣਦੇ ਸਾਰ ਉਨ੍ਹਾਂ ਵੱਲੋਂ ਕੀਤੇ ਗਏ ਵਾਅਦੇ ਮੁਤਾਬਕ ਬੜੇ ਹੀ ਮਾਨ ਨਾਲ ਮੰਗ ਪੱਤਰ ਦਿੱਤੇ ਗਏ ਸਨ, ਪਰ ਅਫਸੋਸ ਦੋ-ਢਾਈ ਸਾਲ ਬੀਤ ਜਾਣ ਦੇ ਬਾਅਦ ਨਾ ਹੀ ਕੋਈ ਮੀਟਿੰਗ ਮੁੱਖ ਮੰਤਰੀ ਨਾਲ ਕਰਵਾਈ ਗਈ ਅਤੇ ਨਾ ਹੀ ਮੰਗਾਂ ਦਾ ਹੱਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਦੇ ਵਾਅਦੇ ਮੁਤਾਬਕ ਕਿਹਾ ਗਿਆ ਸੀ ਕਿ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਤਾਂ ਆਂਗਣਵਾੜੀ ਵਰਕਰ ਹੈਲਪਰ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ ਤੇ ਤਿੰਨ ਤੋਂ ਛੇ ਸਾਲ ਦੇ ਬੱਚੇ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਭੇਜੇ ਜਾਣਗੇ, ਪਰ ਪੰਜਾਬ ਸਰਕਾਰ ਨੇ ਇਨ੍ਹਾਂ ਵਾਅਦਿਆਂ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ। ਇਸ ਤੋਂ ਇਲਾਵਾ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਹੈ ਤਾਂ ਕਦੇ ਵੀ ਮਾਣ ਭੱਤਾ ਪੂਰਾ ਨਹੀਂ ਮਿਲਿਆ, ਜਿਸ ਕਾਰਨ ਆਂਗਣਵਾੜੀ ਵਰਕਰ ਹੈਲਪਰ ਦੀ ਆਰਥਿਕ ਹਾਲਤ ਡਾਂਵਾਂ ਡੋਲ ਹੋਈ ਪਈ ਹੈ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਨੂੰ ਹਲਕਾ ਵਿਧਾਇਕ ਰਾਹੀਂ ਵਾਅਦਿਆਂ ਨੂੰ ਪੂਰਾ ਕਰਵਾਉਣ ਲਈ ਯਾਦ ਪੱਤਰ ਦਿੱਤੇ ਜਾਣਗੇ। ਉਪਰੋਕਤ ਮੰਗਾਂ ਤੋਂ ਇਲਾਵਾ ਵਿਦੇਸ਼ੀ ਛੁੱਟੀ ਸਬੰਧੀ ਸੋਧ ਕਰਨ ਖੇਡ ਸਬੰਧੀ ਸੋਧ ਸੀ.ਬੀ.ਟੀ. ਪੀ.ਐੱਸ.ਵੀ. ਦੇ 2017 ਤੋਂ ਰਹਿੰਦੇ ਬਕਾਏ ਰਾਸ਼ੀ ਦੀ ਅਦਾਇਗੀ ਕਰਨ, ਆਯੁਸ਼ਮਾਨ ਕਾਰਡ ਬਣਾਉਣ, ਫੋਨ ਦੇਣ ਅਤੇ ਫੋਨ ਰੀਚਾਰਜ ਭੱਤਾ ਵਧਾਉਣ ਅਤੇ ਆਂਗਣਵਾੜੇ ਵਰਕਰ ਹੈਲਪਰ ਦੀਆਂ ਹੋਲਡ ਰੱਖੀਆਂ ਸੀਟਾਂ ਨੂੰ ਪੂਰਾ ਕੀਤਾ ਜਾਵੇ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਇਹ ਮੰਗਾਂ ਪੂਰੀਆਂ ਕਰਨ ਵਿੱਚ ਅਸਮਰਥ ਹੁੰਦੀ ਹੈ ਤਾਂ ਜਥੇਬੰਦੀ ਸੰਘਰਸ਼ ਕਰੇਗੀ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਬਲਵੰਤ ਕੌਰ, ਸੁਖਵਿੰਦਰ ਕੌਰ, ਕਰਮਜੀਤ ਕੌਰ, ਅਮਰਜੀਤ ਕੌਰ, ਬਲਵਿੰਦਰ ਕੌਰ, ਪਰਮਜੀਤ ਕੌਰ, ਜਸਪਾਲ ਕੌਰ, ਰਮਨਦੀਪ ਕੌਰ, ਸ਼ਿੰਦਰਪਾਲ ਕੌਰ, ਸੰਦੀਪ ਕੌਰ, ਸ਼ਿੰਦਰ ਕੌਰ ਆਦਿ ਹਾਜ਼ਰ ਸਨ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਘੁਬਾਇਆ ਨੂੰ ਦਿੱਤਾ ਮੰਗ ਪੱਤਰ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਬਲਾਕ ਜ਼ੀਰਾ ਦੇ ਸੀਨੀਅਰ ਮੀਤ ਪ੍ਰਧਾਨ ਅਜ਼ਮੇਰ ਸਿੰਘ ਢੇਰੂ ਵੱਲੋਂ ਮੈਂਬਰ ਪਾਰਲੀਮੈਂਟ ਫਿਰੋਜ਼ਪੁਰ ਸ਼ੇਰ ਸਿੰਘ ਘੁਬਾਇਆ ਤੇ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਹਲਕਾ ਇੰਚਾਰਜ ਡਾਕਟਰ ਆਸ਼ੂ ਬੰਗੜ, ਜੋ ਕਿ ਅੱਜ ਫਿਰੋਜ਼ਪੁਰ ਦੇ ਲੋਕਾਂ ਦਾ ਧੰਨਵਾਦ ਕਰਨ ਲਈ ਪਹੁੰਚੇ ਸਨ, ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਵਿੱਚ ਮੰਗ ਕੀਤੀ ਗਈ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਜ਼ ਨੂੰ ਬੇਖੌਫ ਕੰਮ ਕਰਨ ਦਾ ਅਧਿਕਾਰ ਦਿੱਤਾ ਜਾਵੇ, ਜੋ ਕਿ ਪਿੰਡਾਂ ਵਾਲੇ ਲੋਕਾਂ ਦਾ ਹਰ ਦੁੱਖ ਸੁੱਖ ਵਿੱਚ ਰਾਤ ਦਿਨ ਸਾਥ ਦਿੰਦੇ ਹਨ। ਪਿੰਡਾਂ ਵਾਲੇ ਲੋਕਾਂ ਵੱਲੋਂ ਵੀ ਸਾਨੂੰ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ।

ਇਸ ਮੌਕੇ ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਸਾਫ ਸੁਥਰਾ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਨਸ਼ਿਆਂ ਦੀ ਆੜ ਹੇਠ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ, ਕਿਉਂਕਿ ਸਾਡੀ ਜਥੇਬੰਦੀ ਦਾ ਕੋਈ ਵੀ ਮੈਂਬਰ ਗੈਰ-ਕਾਨੂੰਨੀ ਕੰਮ ਨਹੀਂ ਕਰਦਾ ਹੈ, ਸੋ ਅਸੀਂ ਅਪੀਲ ਕਰਦੇ ਹਾਂ ਕਿ ਸਾਡੀ ਇਸ ਮੰਗ ਨੂੰ ਪਾਰਲੀਮੈਂਟ ਵਿੱਚ ਉਠਾਇਆ ਜਾਵੇ।ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਅਜਮੇਰ ਸਿੰਘ ਢੇਰੂ ਤੋਂ ਇਲਾਵਾ ਉਨ੍ਹਾਂ ਨਾਲ ਸੀਨੀਅਰ ਆਗੂ ਕਸ਼ਮੀਰ ਸਿੰਘ, ਸੀਨੀਅਰ ਆਗੂ ਨਛੱਤਰ ਸਿੰਘ, ਸੀਨੀਅਰ ਆਗੂ ਗੁਰਮੇਲ ਸਿੰਘ, ਰਾਜ ਸਿੰਘ, ਬਲਕਾਰ ਸਿੰਘ ਤੇ ਹੋਰ ਮੈਂਬਰ ਮੌਜੂਦ ਸਨ।

## ਆਸ਼ੂ ਬੰਗੜ ਦੀ ਅਗਵਾਈ 'ਚ ਸ਼ੇਰ ਸਿੰਘ ਘੁਬਾਇਆ ਦੇ ਧੰਨਵਾਦੀ ਦੌਰੇ 'ਚ ਆਇਆ ਲੋਕਾਂ ਦਾ ਹੜ੍ਹ




**ਫਿਰੋਜ਼ਪੁਰ (ਗੁਰਬਚਨ ਸਿੰਘ)**-ਹਾਲ ਹੀ ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਫਿਰੋਜ਼ਪੁਰ ਤੋਂ ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ ਦੀ ਜਿੱਤ ਹੋਣ 'ਤੇ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਅੰਦਰ ਆਸ਼ੂ ਬੰਗੜ ਹਲਕਾ ਇੰਚਾਰਜ ਕਾਂਗਰਸ ਪਾਰਟੀ ਫਿਰੋਜ਼ਪੁਰ ਦਿਹਾਤੀ ਦੀ ਯੋਗ ਅਗਵਾਈ ਵਿੱਚ ਰੱਖੇ ਗਏ ਧੰਨਵਾਦੀ ਦੌਰੇ ਦੌਰਾਨ ਆਇਆ ਲੋਕਾਂ ਦਾ ਹੜ੍ਹ। ਵੱਡੀ ਗਿਣਤੀ ਵਿੱਚ ਸ਼ਾਮਲ ਵੋਟਰਾਂ ਤੇ ਕਾਂਗਰਸ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਆਸ਼ੂ ਬੰਗੜ, ਸ਼ੇਰ ਸਿੰਘ ਘੁਬਾਇਆ, ਸਾਬਕਾ ਐੱਮ ਐੱਲ ਏ ਪਰਮਿੰਦਰ ਸਿੰਘ ਪਿੰਕੀ, ਵਿਜੇ ਕਾਲੜਾ ਤੋਂ ਇਲਾਵਾ ਹੋਰਨਾਂ ਆਗੂਆਂ ਤੇ ਅਹੁਦੇਦਾਰਾਂ ਵੱਲੋਂ ਕਾਂਗਰਸ ਪਾਰਟੀ ਦੀ ਹੋਈ ਪ੍ਰਚੰਡ ਜਿੱਤ 'ਤੇ ਸਮੁੱਚੇ ਵੋਟਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਨਵ-ਜੇਤੂ ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ ਨੇ ਸੰਬੋਧਨ ਵਿੱਚ ਕਿਹਾ ਫਿਰੋਜ਼ਪੁਰ ਦਿਹਾਤੀ ਦੇ ਲੋਕਾਂ ਦੀਆਂ ਉਮੀਦਾਂ 'ਤੇ ਉਹ ਖਰੇ ਉਤਰਨਗੇ ਅਤੇ ਹਰ ਮਸਲੇ ਦਾ ਹੱਲ ਪਹਿਲ ਆਧਾਰ 'ਤੇ ਅੱਗੇ ਹੋ ਕਰਵਾਉਣਗੇ।ਇਸ ਮੌਕੇ ਵਰਕਰ ਸਾਹਿਬਾਨ, ਅਹੁਦੇਦਾਰ ਸਾਹਿਬਾਨ, ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਐੱਮ ਸੀ, ਨੰਬਰਦਾਰ, ਪੰਚ-ਸਰਪੰਚ ਤੇ ਵੱਡੀ ਗਿਣਤੀ ਵੋਟਰ ਹਾਜ਼ਰ ਸਨ।

## ਨਸ਼ੇ ਦੀ ਓਵਰਡੋਜ਼ ਲੈਣ ਨਾਲ ਨੌਜਵਾਨ ਦੀ ਮੌਤ



**ਮਾਨਸਾ (ਆਤਮਾ ਸਿੰਘ ਪਮਾਰ)**-ਨੇੜਲੇ ਪਿੰਡ ਬੁਰਜ ਰਾਠੀ 'ਚ ਉਸ ਸਮੇਂ ਸੋਗ ਦੀ ਲਹਿਰ ਫੈਲ ਗਈ, ਜਦੋਂ ਨੌਜਵਾਨ ਸੁਖਪ੍ਰੀਤ ਸਿੰਘ (24) ਦੀ ਨਸ਼ੇ ਦੀ ਓਵਰਡੋਜ ਨਾਲ ਮੌਤ ਹੋ ਗਈ ਇਸ ਸਬੰਧੀ ਮ੍ਰਿਤਕ ਨੌਜਵਾਨ ਦੇ ਭਰਾ ਗਗਨਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦਾ ਭਰਾ ਸੁਖਪ੍ਰੀਤ ਸਿੰਘ, ਜੋ ਕਿ ਪਿਛਲੇ ਤਕਰੀਬਨ ਦੋ ਸਾਲਾਂ ਤੋਂ ਨਸ਼ਾ ਕਰਦਾ ਰਿਹਾ ਸੀ ਅਤੇ ਹੁਣ ਉਹ ਨਸ਼ੇ ਦਾ ਆਦੀ ਹੋ ਗਿਆ ਸੀ ਅਤੇ ਗੁਆਂਢੀ ਪਿੰਡ ਉੱਭਾ 'ਚ ਨਸ਼ੇ ਦੀ ਓਵਰਡੋਜ਼ ਕਾਰਨ ਉਸ ਦੀ ਮੌਤ ਹੋ ਗਈ।ਉਨ੍ਹਾਂ ਦੱਸਿਆ ਕਿ ਸੁਖਪ੍ਰੀਤ ਸਿੰਘ ਆਪਣੇ ਪਿੱਛੇ ਪਤਨੀ ਤੇ ਇੱਕ ਦੋ ਸਾਲ ਦਾ ਪੁੱਤਰ ਵੀ ਛੱਡ ਗਿਆ ਹੈ।ਗਗਨਦੀਪ ਨੇ ਕਿਹਾ ਕਿ ਮਾਨਸਾ ਜ਼ਿਲ੍ਹੇ 'ਚ ਨਸ਼ਾ ਹਰ ਪਿੰਡ 'ਚ ਵੱਡੀ ਤਦਾਦ 'ਚ ਵਿਕ ਰਿਹਾ ਹੈ, ਪ੍ਰੰਤੂ ਪ੍ਰਸ਼ਾਸਨ ਨਸ਼ਾ ਤਸ਼ਕਰਾਂ 'ਤੇ ਕੋਈ ਕਾਰਵਾਈ ਨਹੀਂ ਕਰ ਰਿਹਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਸੀ, ਪਰ ਨਸ਼ੇ ਨਾਲ ਰੋਜ਼ਾਨਾ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਪਾਸੇ ਵੱਲ ਧਿਆਨ ਦਿੱਤਾ ਜਾਵੇ ਤਾਂ ਜੋ ਵਿਕ ਰਹੇ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਸਕੇ ਤੇ ਨੌਜਵਾਨਾਂ ਦੀਆਂ ਕੀਮਤੀ ਜਾਨਾਂ ਬਚ ਸਕਣ।

## ਬਲਰਾਜ ਸੰਧੂ ਵੱਲੋਂ ਹਰਿਆਣਾ 'ਚ ਆਪ ਦੇ ਹੱਕ 'ਚ ਲਾਮਬੰਦੀ

### ਹਰਿਆਣੇ 'ਚ ਵੀ ਬਹੁਤ ਜਲਦ 'ਆਪ' ਸਭ ਤੋਂ ਵੱਡੀ ਪਾਰਟੀ ਹੋਵੇਗੀ : ਸੰਧੂ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਆਮ ਆਦਮੀ ਪਾਰਟੀ ਵੱਲੋਂ ਲਗਾਈ ਗਈ ਜ਼ਿੰਮੇਵਾਰੀ ਤਹਿਤ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ ਹਰਿਆਣਾ ਵਿਧਾਨ ਸਭਾ ਇਸਰਾਨਾ ਦੇ ਵੱਖ ਵੱਖ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਲੋਕਾਂ ਨੂੰ ਲਾਮਬੰਦ ਕੀਤਾ ਗਿਆ। ਇਸ ਮੌਕੇ ਉਨ੍ਹਾ ਵੱਖ ਵੱਖ ਪਿੰਡਾਂ ਦੀਆਂ ਚੌਪਾਲਾਂ ਵਿੱਚ ਮੀਟਿੰਗਾਂ ਕੀਤੀਆਂ ਤੇ ਲੋਕਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਤੇ ਪੰਜਾਬ ਵਿੱਚ ਚਲਾਈਆਂ ਜਾ ਰਹੀਆਂ ਸਰਕਾਰਾਂ ਦੀਆਂ ਲੋਕ ਪੱਖੀ ਨੀਤੀਆਂ ਤੋਂ ਜਾਣੂ ਕਰਵਾਇਆ ਗਿਆ ਅਤੇ ਲੋਕਾਂ ਨੂੰ ਆਉਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਆਪ ਦੇ ਹੱਕ ਵਿੱਚ ਭੁਗਤਣ ਦੀ ਅਪੀਲ ਕੀਤੀ ਗਈ ਤਾਂ ਜੋ ਉਹ ਵੀ ਅਜਿਹੀਆਂ ਸਹੂਲਤਾਂ ਦਾ ਲਾਭ ਉਠਾ ਸਕਣ। ਵਰਨਣਯੋਗ ਹੈ ਕਿ ਪਾਰਟੀ ਵੱਲੋਂ ਕੀਤੀਆਂ ਗਈਆਂ ਨਿਯੁਕਤੀਆਂ ਤਹਿਤ ਬਲਰਾਜ ਸਿੰਘ ਸੰਧੂ ਨੂੰ ਹਰਿਆਣਾ ਵਿਧਾਨ ਸਭਾ ਹਲਕਾ ਇਸਰਾਨਾ ਦਾ ਬਲਾਕ ਪ੍ਰਭਾਰੀ ਲਗਾਇਆ ਗਿਆ ਹੈ। ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਡਾਕਟਰ ਸੁਰਿੰਦਰ ਮਾਂਡੀ ਬਲਾਕ ਪ੍ਰਧਾਨ ਇਸਰਾਨਾ, ਕਿਰਪਾਲ ਮਾਂਡੀ ਸਰਕਲ ਇੰਚਾਰਜ, ਮਹਾਂਵੀਰ ਪਟਵਾਰੀ ਮਾਂਡੀ, ਰਾਮ ਕਰਨ ਵਾਲਮੀਕੀ, ਹਰੀ ਕ੍ਰਿਸ਼ਨ ਫ਼ੌਜੀ, ਕ੍ਰਿਸ਼ਣ ਪੰਡਿਤ, ਜੈ ਸਿੰਘ ਤੇ ਹੋਰ ਬਹੁਤ ਸਾਰੇ ਹਲਕਾ ਇਸਰਾਨਾ ਦੇ ਵਰਕਰ ਮੌਜੂਦ ਸਨ। ਇਸ ਸਬੰਧੀ ਫੋਨ 'ਤੇ ਗੱਲਬਾਤ ਕਰਦੇ ਹੋਏ ਸ੍ਰੀ ਸੰਧੂ ਨੇ ਦੱਸਿਆ ਕਿ ਪੰਜਾਬ ਦੀ ਤਰ੍ਹਾਂ ਹੀ ਹਰਿਆਣੇ ਵਿੱਚ ਵੀ ਬਹੁਤ ਜਲਦ ਆਮ ਆਦਮੀ ਪਾਰਟੀ ਸਭ ਤੋਂ ਵੱਡੀ ਪਾਰਟੀ ਹੋਵੇਗੀ।

## 'ਆਪ' ਆਗੂ ਮੇਜਰ ਸਿੰਘ ਨੂੰ ਸਦਮਾ, ਮਾਤਾ ਦਾ ਦਿਹਾਂਤ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਜੰਡਿਆਲਾ ਹਲਕੇ ਦੇ ਸੀਨੀਅਰ ਆਪ ਆਗੂ ਮੇਜਰ ਸਿੰਘ ਸੈਦੋਲੇਹਲ ਨੂੰ ਉਸ ਵਕਤ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਕਸ਼ਮੀਰ ਕੌਰ ਦਾ ਬੀਤੇ ਦਿਨੀਂ ਅਚਾਨਕ ਦਿਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਹੋਰ ਆਗੂਆਂ ਨੇ ਮੇਜਰ ਸਿੰਘ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਮਾਤਾ ਕਸ਼ਮੀਰ ਕੌਰ ਨਮਿੱਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 22 ਜੁਲਾਈ ਦਿਨ ਸੋਮਵਾਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਸੈਦੋਲੇਹਲ ਵਿਖੇ ਦੁਪਹਿਰ 12 ਵਜੇ ਪੈਣਗੇ।

## ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਨੇ 150 ਬੂਟੇ ਲਗਾਏ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੈਨਸਨਜ਼ ਵੈੱਲਫੇਅਰ ਐਸੋਸੀਏਸ਼ਨ ਯੂਨਿਟ ਵੱਲੋਂ ਮਹਿਲ ਕਲਾਂ ਵਿਖੇ ਵਣ ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਪ੍ਰਕਾਰ ਦੇ 150 ਬੂਟੇ ਲਗਾਉਣ ਦੀ ਸ਼ੁਰੂਆਤ ਐੱਸ.ਐੱਚ.ਓ. ਮਹਿਲ ਕਲਾਂ ਕਮਲਜੀਤ ਸਿੰਘ ਨੇ ਕੀਤੀ।ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ ਪੰਡੋਰੀ, ਅਮਰਜੀਤ ਸਿੰਘ ਮਹਿਲ ਖੁਰਦ, ਪਾਵਨ ਕੁਮਾਰ, ਭੋਲਾ ਸਿੰਘ ਮਹਿਲ ਖੁਰਦ, ਜੱਗਾ ਸਿੰਘ, ਅਜੀਤ ਸਿੰਘ ਪੰਡੋਰੀ, ਰਾਜ ਕੁਮਾਰ ਨਿਹਾਲੂਵਾਲ, ਅਮਰਜੀਤ ਸਿੰਘ ਦੀਵਾਨਾ, ਇੰਦਰਜੀਤ ਸਿੰਘ ਕੁਤਬਾ, ਜੀਤ ਸਿੰਘ ਕੁਰੜ, ਜਗਜੀਤ ਸਿੰਘ, ਜਗਤਾਰ ਸਿੰਘ ਕਲਾਲ ਮਾਜਰਾ, ਮਾਸਟਰ ਰਜਿੰਦਰ ਸਿੰਗਲਾ, ਮਾ: ਵਰਿੰਦਰ ਕੁਮਾਰ ਪੱਪੂ, ਹਰਬੰਸ ਸਿੰਘ ਮਹਿਲ ਕਲਾਂ, ਮਹਿੰਦਰ ਸਿੰਘ ਖਾਲਸਾ ਤੇ ਦੁਕਾਨਦਾਰ ਹਾਜ਼ਰ ਸਨ।

## ਸ਼ਿਵਾਲਿਕ ਕਿਡਜ਼ ਸਕੂਲ 'ਚ ਸ਼ਤਰੰਜ ਮੁਕਾਬਲਾ ਕਰਾਇਆ



**ਜੈਤੋ (ਸਤੀਸ਼ ਕੁਮਾਰ ਭੀਰੀ)**-ਇਲਾਕੇ ਦੀ ਸਿੱਖਿਅਕ ਸੰਸਥਾ ਸ਼ਿਵਾਲਿਕ ਕਿਡਜ਼ ਸਕੂਲ ਵਿਖੇ ਨੰਨ੍ਹੇ ਮੁੰਨੇ ਬੱਚਿਆਂ ਵਿਚਕਾਰ ਸ਼ਤਰੰਜ ਦਾ ਮੁਕਾਬਲਾ ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਸ਼ਿਵਾਲਿਕ ਕਿਡਜ਼ ਸਕੂਲ ਦੇ ਅਕਬਰ ਹਾਊਸ, ਸ਼ਿਵਾਜੀ ਹਾਊਸ, ਅਸ਼ੋਕਾ ਹਾਊਸ, ਰਣਜੀਤ ਹਾਊਸ ਸਮੇਤ ਚਾਰ ਹਾਊਸਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਭਾਗੀਦਾਰਾਂ ਨੂੰ 4 ਸਮੂਹਾਂ ਵਿੱਚ ਵੰਡਿਆ ਗਿਆ ਸੀ ਤੇ ਉਨ੍ਹਾਂ ਨੂੰ ਚਾਰ ਸ਼ਤਰੰਜ ਬੋਰਡ ਪ੍ਰਦਾਨ ਕੀਤੇ ਗਏ ਸਨ, ਜੋ ਉਨ੍ਹਾਂ ਨੂੰ ਇਕੱਠੇ ਖੇਡਣ ਲਈ ਕਿਹਾ ਗਿਆ ਸੀ।ਹਰ ਪ੍ਰਤੀਯੋਗੀ ਨੇ ਇਸ ਖੇਡ ਨੂੰ ਬੜੇ ਉਤਸ਼ਾਹ ਨਾਲ ਖੇਡਿਆ।ਇਸ ਸਖ਼ਤ ਮੁਕਾਬਲੇ ਤੋਂ ਬਾਅਦ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਜੱਜ ਦੀ ਭੂਮਿਕਾ ਸਕੂਲ ਦੇ ਖੇਡ ਅਧਿਆਪਕ ਯਾਦਵਿੰਦਰ ਸਿੰਘ ਨੇ ਨਿਭਾਈ।ਇਸ ਮੁਕਾਬਲੇ ਵਿੱਚ ਅਸ਼ੋਕਾ ਹਾਊਸ ਜੇਤੂ ਰਿਹਾ।ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੁਖਵਿੰਦਰ ਕੌਰ ਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਨੇ ਜੇਤੂ ਵਿਦਿਆਰਥੀਆਂ ਅਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ...ਸ.ਫ਼ਾ 1 ਦੇ ਬਾਕੀ

### ਅਰੁੰਧਤੀ ਰਾਏ ਵਰਗੀਆਂ...

ਵਿਆਪਕ ਅਤੇ ਤੇਜ਼ ਹੋਵੇਗੀ। ਕਨਵੈਨਸ਼ਨ ਵਿਚ ਸਰਬਸੰਮਤੀ ਨਾਲ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਅਰੁੰਧਤੀ ਰਾਏ ਤੇ ਪ੍ਰੋਫੈਸਰ ਸ਼ੌਕਤ ਹੁਸੈਨ ਵਿਰੁੱਧ ਮੁਕੱਦਮਾ ਪੂਰੀ ਤਰ੍ਹਾਂ ਵਾਪਸ ਲਿਆ ਜਾਵੇ, ਪਿਛਲੇ ਦਿਨੀਂ ਲਾਗੂ ਕੀਤੇ ਤਿੰਨ ਫ਼ੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਡਿਜੀਟਲ ਮੀਡੀਆ ਰੈਗੂਲੇਸ਼ਨ ਅਤੇ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, ਪਬਲਿਕ ਸਕਿਉਰਿਟੀ ਐਕਟ ਅਤੇ ਮਹਾਰਾਸ਼ਟਰਾ ਪਬਲਿਕ ਸਕਿਉਰਿਟੀ ਬਿੱਲ, ਯੂ ਏ ਪੀ ਏ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ ਜਾਣ, ਭੀਮਾ-ਕੋਰੇਗਾਓਂ ਅਤੇ ਹੋਰ ਕਥਿਤ ਸਾਜ਼ਿਸ਼ ਕੇਸਾਂ ਤਹਿਤ ਜੇਲ੍ਹਾਂ 'ਚ ਡੱਕੇ ਲੋਕਾਂ, ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, 295/295-ਏ ਤਹਿਤ ਦਰਜ ਸਾਰੇ ਕੇਸ ਤੁਰੰਤ ਵਾਪਸ ਲਏ ਜਾਣ, ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀ ਤੁਰੰਤ ਰਿਹਾਅ ਕੀਤੇ ਜਾਣ, ਛੱਤੀਸਗੜ੍ਹ ਤੇ ਹੋਰ ਸੂਬਿਆਂ ਵਿਚ ਕੁਦਰਤੀ ਵਸੀਲਿਆਂ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਆਦਿਵਾਸੀਆਂ ਦਾ ਘਾਣ ਤੇ ਉਜਾੜਾ ਬੰਦ ਕੀਤਾ ਜਾਵੇ, ਘੱਟ ਗਿਣਤੀ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਨਫ਼ਰਤ ਭੜਕਾਊ ਮੁਹਿੰਮ, ਹਜੂਮੀ ਹਿੰਸਾ ਅਤੇ ਬੁਲਡੋਜ਼ਰ ਰਾਜ ਬੰਦ ਕੀਤਾ ਜਾਵੇ, ਕਸ਼ਮੀਰ ਵਿਚ ਪਬਲਿਕ ਸਕਿਉਰਿਟੀ ਐਕਟ ਅਤੇ ਯੂ ਏ ਪੀ ਏ ਲਗਾ ਕੇ ਜੇਲ੍ਹਾਂ ਵਿਚ ਡੱਕੇ ਪੱਤਰਕਾਰਾਂ, ਵਕੀਲਾਂ ਤੇ ਹੋਰ ਕਾਰਕੁਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਮਨੀਪੁਰ ਵਿਚ ਭਾਜਪਾ ਫਿਰਕੂ ਭਰਾ-ਮਾਰੂ ਖ਼ਾਨਾਜੰਗੀ ਅਤੇ ਔਰਤਾਂ ਵਿਰੁੱਧ ਜਿਨਸੀ ਹਿੰਸਾ ਤੁਰੰਤ ਬੰਦ ਕਰੇ, ਗਾਜ਼ਾ ਪੱਟੀ ਵਿਚ ਫ਼ਲਸਤੀਨੀਆਂ ਦੀ ਬੇਕਿਰਕ ਹਮਲਿਆਂ ਰਾਹੀਂ ਨਸਲਕੁਸ਼ੀ ਬੰਦ ਕੀਤੀ ਜਾਵੇ ਅਤੇ ਫ਼ਲਸਤੀਨ ਉੱਪਰ ਫ਼ਲਸਤੀਨੀ ਲੋਕਾਂ ਦਾ ਵਾਹਦ ਹੱਕ ਸਵੀਕਾਰ ਕੀਤਾ ਜਾਵੇ।

ਕਨਵੈਨਸ਼ਨ ਤੋਂ ਬਾਅਦ ਸ਼ਹਿਰ ਵਿਚ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਜਥੇਬੰਦੀਆਂ ਦੇ ਆਗੂ, ਕਾਰਕੁਨ, ਸੰਘਰਸ਼ਸ਼ੀਲ ਔਰਤਾਂ, ਨਾਮਵਰ ਲੇਖਕ, ਪੱਤਰਕਾਰ ਅਤੇ ਹੋਰ ਜਮਹੂਰੀ ਸ਼ਖ਼ਸੀਅਤਾਂ ਵੱਡੀ ਗਿਣਤੀ 'ਚ ਹਾਜ਼ਰ ਸਨ। ਕਨਵੈਨਸ਼ਨ ਅਤੇ ਮੁਜ਼ਾਹਰੇ ਦੀ ਤਿਆਰੀ ਲਈ ਜਮਹੂਰੀ ਅਧਿਕਾਰ ਸਭਾ ਅਤੇ ਤਰਕਸ਼ੀਲ ਸੁਸਾਇਟੀ ਜ਼ਿਲ੍ਹਾ ਜਲੰਧਰ ਦੇ ਸਾਥੀਆਂ ਕ੍ਰਮਵਾਰ ਡਾ. ਸੈਲੇਸ਼, ਪਰਮਜੀਤ, ਪਰਮਜੀਤ ਕਡਿਆਣਾ, ਨਸੀਬ ਚੰਦ ਬੱਬੀ, ਸੁਖਵਿੰਦਰ ਬਾਗਪੁਰ, ਬਿੱਟੂ ਰੂਪੋਵਾਲੀ, ਬਿੱਟੂ ਮਾਲੜੀ ਆਦਿ ਨੇ ਪ੍ਰਬੰਧਕੀ ਕੰਮਾਂ ਨੂੰ ਸੁਹਿਰਦਤਾ ਨਾਲ ਨੇਪਰੇ ਚਾੜ੍ਹਨ ਲਈ ਦਿਨ-ਰਾਤ ਇਕ ਕਰ ਦਿੱਤਾ।

## ਏ ਡੀ ਸੀ ਵੱਲੋਂ ਡੇਂਗੂ, ਮਲੇਰੀਆ ਤੇ ਚਿਕਨਗੁਨੀਆ ਦੀ ਰੋਕਥਾਮ ਸੰਬੰਧੀ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ



**ਤਰਨ ਤਾਰਨ/ਭਿੱਖੀਵਿੰਡ/ ਖਾਲੜਾ (ਪ੍ਰਿਤਪਾਲ ਸਿੰਘ/ ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**--ਜ਼ਿਲ੍ਹੇ ਅੰਦਰ ਡੇਂਗੂ, ਮਲੇਰੀਆ ਤੇ ਚਿਕਨਗੁਨੀਆ ਦੇ ਫੈਲਾਅ ਨੂੰ ਰੋਕਣ ਸੰਬੰਧੀ ਵਧੀਕ ਡਿਪਟੀ ਕਮਿਸ਼ਨਰ ਤਰਨ ਤਾਰਨ ਵਰਿੰਦਰਪਾਲ ਸਿੰਘ ਬਾਜਵਾ ਵੱਲੋਂ ਪੇਂਡੂ ਵਿਕਾਸ ਭਵਨ ਤਰਨ ਤਾਰਨ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਸਿਵਲ ਸਰਜਨ ਤਰਨ ਤਾਰਨ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਤਰਨ ਤਾਰਨ, ਸਮੂਹ ਬੀ. ਡੀ. ਪੀ. ਓਜ਼ ਤਰਨ ਤਾਰਨ ਅਤੇ ਈ. ਓ. ਐੱਮ. ਸੀ. ਪੱਟੀ, ਤਰਨ ਤਾਰਨ, ਖੇਮਕਰਨ, ਭਿੱਖੀਵਿੰਡ ਤੇ ਸਮੂਹ ਜਿਲ੍ਹਾ ਪ੍ਰੀਸ਼ਦ ਦੀਆਂ ਰੂਰਲ ਡਿਸਪੈਂਸਰੀਆਂ ਤੇ ਆਮ ਆਦਮੀ ਕਲੀਨਿਕ ਵਿੱਚ ਤੈਨਾਤ ਡਾਕਟਰ ਹਾਜ਼ਰ ਸਨ।ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਜ਼ਿਲ੍ਹੇ ਦੇ ਪੇਂਡੂ ਤੇ ਸ਼ਹਿਰੀ ਖੇਤਰ ਵਿੱਚ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਆਪਸੀ ਤਾਲਮੇਲ ਬਣਾ ਕੇ ਯਤਨ ਕਰਨ ਦੀਆਂ ਹਦਾਇਤਾਂ ਦਿੱਤੀਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਹਰ ਸ਼ੁੱਕਰਵਾਰ ਨੂੰ ਫਰਾਈਡੇ, ਡਰਾਈ ਡੇ ਮੁਹਿੰਮ ਦਾ ਨਿਰੀਖਣ ਕੀਤਾ ਜਾਵੇਗਾ, ਜਿਸ ਵਿੱਚ ਈ. ਓ. ਦਫ਼ਤਰਾਂ ਅਤੇ ਬੀ. ਡੀ. ਪੀ. ਓ. ਦਫ਼ਤਰਾਂ ਦੇ ਨੁਮਾਇੰਦੇ ਵੀ ਸਿਵਲ ਸਰਜਨ ਦਫ਼ਤਰ ਦੇ ਸਟਾਫ ਦੇ ਨਾਲ ਭਾਗ ਲੈਣਗੇ। ਵਧੀਕ ਡਿਪਟੀ ਕਮਿਸ਼ਨਰ ਵੱਲੋਂ ਆਰ. ਐੱਮ. ਓਜ਼ ਨੂੰ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਦੇ ਸ਼ੱਕੀ ਕੇਸਾਂ ਦੀ ਪੁਸ਼ਟੀ ਕਰਨ ਲਈ ਸਿਵਲ ਸਰਜਨ ਦਫ਼ਤਰ ਨੂੰ ਸੂਚਿਤ ਕਰਨ ਅਤੇ ਆਪਣੇ ਪੱਧਰ 'ਤੇ ਡੇਂਗੂ ਵਿਰੋਧੀ ਮੁਹਿੰਮ ਚਲਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨਾਲ ਆਈ.ਈ.ਸੀ. ਸਮੱਗਰੀ ਦੇ ਪ੍ਰਸਾਰ ਅਤੇ ਜਨਤਕ ਥਾਵਾਂ 'ਤੇ ਡੇਂਗੂ ਅਤੇ ਚਿਕਨਗੁਨੀਆ ਬਾਰੇ ਜਾਗਰੂਕਤਾ ਸਮੱਗਰੀ ਪ੍ਰਦਰਸ਼ਿਤ ਕਰਨ ਬਾਰੇ ਵੀ ਚਰਚਾ ਕੀਤੀ ਤੇ

ਸਥਾਨਕ ਸਰਕਾਰਾਂ ਵਿਭਾਗ ਨੂੰ ਡੇਂਗੂ ਅਤੇ ਚਿਕਨਗੁਨੀਆ ਦੀ ਰੋਕਥਾਮ ਦੇ ਤਰੀਕਿਆਂ ਬਾਰੇ ਜਾਗਰੂਕ ਕਰਨ ਲਈ ਕਿਹਾ ਗਿਆ। ਇਸ ਮੌਕੇ ਉਨ੍ਹਾਂ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਨਾਲ ਨਜਿੱਠਣ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਉਨ੍ਹਾਂ ਕਾਰਜ ਸਾਧਕ ਅਫ਼ਸਰਾਂ ਅਤੇ ਸਿਵਲ ਸਰਜਨ ਦੇ ਨੁਮਾਇੰਦਿਆਂ ਨੂੰ ਪਾਣੀ ਅਤੇ ਭੋਜਨ ਦੀ ਸੈਂਪਲਿੰਗ ਵਧਾਉਣ ਦੇ ਨਿਰਦੇਸ਼ ਦਿੱਤੇ ਤੇ ਸਾਰੇ ਵਿਭਾਗਾਂ ਨੂੰ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਸੰਬੰਧੀ ਜਾਗਰੂਕਤਾ ਗਤੀਵਿਧੀਆਂ ਕਰਵਾਉਣ ਲਈ ਆਖਿਆ। ਅੰਤ ਵਿੱਚ ਉਨ੍ਹਾਂ ਨੇ ਮੀਟਿੰਗ ਚ ਹਾਜ਼ਰ ਸਮੂਹ ਅਧਿਕਾਰੀਆਂ ਨੂੰ ਬਿਮਾਰੀਆਂ ਦੀ ਰੋਕਥਾਮ ਲਈ ਸਰਕਾਰ ਪਾਸੋਂ ਪ੍ਰਾਪਤ ਹੋਈਆਂ ਹਦਾਇਤਾਂ ਬਾਰੇ ਜਾਣੂ ਕਰਵਾਇਆ।

## ਆਪ ਸਰਕਾਰ ਲੋਕਾਂ ਦੀਆਂ ਆਸਾਂ 'ਤੇ ਖ਼ਰੀ ਉੱਤਰ ਰਹੀ ਹੈ : ਦਲਬੀਰ ਗਿੱਲ ਯੂ ਕੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਤੇ ਪੰਜਾਬੀਅਤ ਦੀ ਗੁਨਾਹਗਾਰ ਤਿਕੜੀ ਕਾਂਗਰਸ, ਅਕਾਲੀ ਦਲ ਤੇ ਭਾਜਪਾ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਸਿਆਸਤ ਕਰ ਰਹੇ ਹਨ, ਉਹ ਸਭ ਪਿਛਲੇ 77 ਸਾਲਾਂ ਤੋਂ ਸੱਤਾ ਪ੍ਰਾਪਤੀ ਦੀ ਲਾਲਸਾ ਦੇ ਚਲਦਿਆਂ ਇਸ ਤਿੱਕੜੀ ਦੀ ਹੀ ਦੇਣ ਹਨ ਤੇ ਜਿਨ੍ਹਾਂ ਹਮੇਸ਼ਾ ਪੰਜਾਬ ਨਾਲ ਗਦਾਰੀ ਕੀਤੀ ਹੈ, ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਆਪ ਸਰਕਾਰ ਖੁਸ਼ਹਾਲ ਤੇ ਰੰਗਲਾ ਪੰਜਾਬ ਬਣਾਉਣ ਲਈ ਬਚਨਬੱਧ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੰਸਾਰ ਪ੍ਰਸਿੱਧ ਕਬੱਡੀ ਪ੍ਰਮੋਟਰ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਲਬੀਰ ਗਿੱਲ ਯੂਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਆਪ ਆਗੂ ਦਲਬੀਰ ਗਿੱਲ ਯੂਕੇ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਉਸ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾ ਰਹੇ ਹਨ, ਜੋ ਪੰਜਾਬ ਦੀ ਜਨਤਾ ਨੇ ਉਨ੍ਹਾਂ ਦੇ ਮੋਢਿਆਂ 'ਤੇ ਪਾਈ ਹੈ, ਜਦੋਂ ਕਿ ਪਿਛਲੀਆਂ ਕਾਂਗਰਸ ਤੇ ਅਕਾਲੀ-ਬੀਜੇਪੀ ਸਰਕਾਰਾਂ ਪੰਜਾਬ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਭੱਜਦੀਆਂ ਰਹੀਆਂ ਹਨ। ਸਿਰਫ਼ ਦੋ ਸਾਲਾਂ 'ਚ ਹੀ ਮਾਨ ਸਰਕਾਰ ਵੱਲੋਂ ਆਮ ਆਦਮੀ ਮੁਹੱਲਾ ਕਲੀਨਿਕ, ਸਕੂਲ ਆਫ਼ ਐਮੀਨੈਂਸ, ਸੜਕ ਸੁਰੱਖਿਆ ਫੋਰਸ, ਮੁਫ਼ਤ ਬਿਜਲੀ, ਨਹਿਰੀ ਪਾਣੀ ਤੇ 43000 ਤੋਂ ਵੱਧ ਨੌਕਰੀਆਂ ਵਰਗੇ ਮਿਸਾਲੀ ਕੰਮ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵਾਲੀ ਪੰਜਾਬ ਸਰਕਾਰ ਲੋਕਾਂ ਦੀਆਂ ਆਸਾਂ 'ਤੇ ਖਰੀ ਉੱਤਰ ਰਹੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਿੰਦਰ ਮੌਦਗਿੱਲ, ਜਰਨੈਲ ਸਿੰਘ, ਚਮਕੌਰ ਨਾੜੂ, ਸੰਦੀਪ ਸਾਂਵਰਾ, ਬਲਦੇਵ ਚੌਧਰੀ, ਮੇਜਰ ਨਿੱਕਾ ਤੇ ਗੁਰਪ੍ਰੀਤ ਗੁੱਲੀ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in


हरियाणा सरकार
म्हारा हरियाणा
नॉन-स्टॉप हरियाणा
हम हरियाणवी
अब लाल डोरा मुक्त गांव में रहते हैं
अंग्रेजों के समय से चला आ रहा लाल डोरा अब खत्म
प्रदेश के सभी 6260 गांव लाल डोरा मुक्त
25.17 लाख हरियाणावासियों को प्रॉपर्टी कार्ड जारी किए गए
अब तक 3613 गांवों में 4.62 लाख संपत्तियों की बिना विवाद रजिस्ट्रियां हुई
प्रॉपर्टी कार्ड का वितरण जारी
सूचना, जन सम्पर्क एवं भाषा विभाग, हरियाणा
www.prharyana.gov.in | Follow us on @dipr haryana

22-July-PAGE-4.qxd 7/21/2024 10:41 PM Page 1

ਨਵਾਂ ਜ਼ਮਾਨਾ
ਸੋਮਵਾਰ, 22 ਜੁਲਾਈ 2024

# ਪ੍ਰੇਰਨਾਸਰੋਤ ਐਥਲੀਟ

*ਪੈਰਿਸ ਉਲੰਪਿਕ ਵਿਚ ਨੀਨੋ ਸਾਲੁਕਵਾਜ਼ੇ ਜਦੋਂ ਨਿਸ਼ਾਨੇਬਾਜ਼ੀ ਮੁਕਾਬਲੇ ਵਿਚ ਆਪਣੀ ਵਾਰੀ ਦੀ ਸ਼ੁਰੂਆਤ ਕਰੇਗੀ ਤਾਂ 10 ਉਲੰਪਿਕ ਖੇਡਾਂ 'ਚ ਹਿੱਸਾ ਲੈਣ ਵਾਲੀ ਦੂਜੀ ਐਥਲੀਟ ਬਣ ਜਾਵੇਗੀ। ਮਹਿਲਾਵਾਂ ਦੇ ਵਰਗ ਵਿਚ ਸਭ ਤੋਂ ਵੱਧ ਉਲੰਪਿਕ ਖੇਡਾਂ ਵਿਚ ਹਿੱਸਾ ਲੈਣ ਦਾ ਰਿਕਾਰਡ ਉਸ ਨੇ ਟੋਕੀਓ ਉਲੰਪਿਕ ਵਿਚ ਤੋੜ ਦਿੱਤਾ ਸੀ। ਜਾਰਜੀਆ ਦੀ ਇਸ ਮਹਾਨ ਨਿਸ਼ਾਨੇਬਾਜ਼ ਦਾ ਕਹਿਣਾ ਹੈ ਕਿ ਪੈਰਿਸ ਉਲੰਪਿਕ ਲਈ ਕੁਆਲੀਫਾਈ ਕਰਕੇ ਉਸ ਨੇ ਆਪਣੇ ਪਿਤਾ ਦੀ ਅੰਤਮ ਇੱਛਾ ਪੂਰੀ ਕਰ ਦਿੱਤੀ ਹੈ। ਸਾਲੁਕਵਾਜ਼ੇ ਦਾ ਉਲੰਪਿਕ ਦਾ ਸੁਨਹਿਰੀ ਸਫਰ 1988 ਦੀਆਂ ਸਿਓਲ ਉਲੰਪਿਕ ਖੇਡਾਂ ਵਿਚ 19 ਸਾਲ ਦੀ ਉਮਰ 'ਚ ਸ਼ੁਰੂ ਹੋਇਆ ਸੀ, ਜਦੋਂ ਉਸ ਨੇ ਸਾਬਕਾ ਸੋਵੀਅਤ ਯੂਨੀਅਨ ਲਈ 25 ਮੀਟਰ ਪਿਸਟਲ ਮੁਕਾਬਲੇ ਵਿਚ ਸੋਨੇ ਤੇ 10 ਮੀਟਰ ਮੁਕਾਬਲੇ ਵਿਚ ਚਾਂਦੀ ਦਾ ਤਮਗਾ ਜਿੱਤਿਆ ਸੀ। ਉਸ ਤੋਂ ਬਾਅਦ ਬਾਰਸੀਲੋਨਾ, ਐਟਲਾਂਟਾ, ਸਿਡਨੀ, ਏਥਨਜ਼, ਬੀਜਿੰਗ, ਲੰਡਨ, ਰੀਓ ਦਾ ਜਨੇਰੀਓ ਤੇ ਟੋਕੀਓ ਉਲੰਪਿਕ ਖੇਡਾਂ ਵਿਚ ਉਸ ਨੇ ਲਗਾਤਾਰ ਹਿੱਸਾ ਲਿਆ। ਸੋਵੀਅਤ ਯੂਨੀਅਨ ਦੇ ਖਿੰਡਰਨ ਦੇ ਬਾਅਦ ਜਾਰਜੀਆ ਵੱਲੋਂ ਹਿੱਸਾ ਲੈਣ ਵਾਲੀ 55 ਸਾਲਾ ਸਾਲੁਕਵਾਜ਼ੇ ਪੈਰਿਸ ਉਲੰਪਿਕ ਵਿਚ ਕੈਨੇਡਾ ਦੇ ਘੋੜਸਵਾਰ ਈਆਨ ਮਿਲਰ ਦੇ 10 ਉਲੰਪਿਕ ਦੇ ਰਿਕਾਰਡ ਦੀ ਬਰਾਬਰੀ ਕਰੇਗੀ।*

*ਸਾਲੁਕਵਾਜ਼ੇ ਦਾ ਕਹਿਣਾ ਹੈ—ਪਹਿਲੀਆਂ ਉਲੰਪਿਕ ਖੇਡਾਂ ਦੇ ਬਾਅਦ ਮੈਂ ਸੋਚ ਵੀ ਨਹੀਂ ਸਕਦੀ ਸੀ ਕਿ 10 ਉਲੰਪਿਕ ਖੇਡਾਂਗੀ। ਮੈਨੂੰ ਆਪਣੇ ਖੇਡ ਜੀਵਨ ਦੀ ਏਨੀ ਲੰਮੀ ਮਿਆਦ ਨੂੰ ਸਮਝਾਉਣ ਲਈ ਪੂਰੀ ਕਿਤਾਬ ਲਿਖਣੀ ਪਵੇਗੀ, ਪਰ ਹਰ ਜਿੱਤ ਦੇ ਬਾਅਦ ਜੋ ਤਾਕਤ ਮੈਂ ਮਹਿਸੂਸ ਕੀਤੀ, ਉਸ ਨੇ ਮੈਨੂੰ ਹਰ ਦਿਨ ਹੋਰ ਸਖਤ ਮਿਹਨਤ ਕਰਨ ਲਈ ਮਜਬੂਰ ਕੀਤਾ।*

*ਰੀਓ ਉਲੰਪਿਕ ਵਿਚ ਆਪਣੇ ਬੇਟੇ ਸੋਤਨੇ ਮਾਚਾਵਰਿਆਨੀ ਨਾਲ ਹਿੱਸਾ ਲੈਣ ਵਾਲੀ ਸਾਲੁਕਵਾਜ਼ੇ ਨੇ ਆਪਣੇ ਖੇਡ ਸਫਰ ਦਾ ਜ਼ਿਕਰ ਕਰਦਿਆਂ ਇਹ ਵੀ ਕਿਹਾ—ਟੋਕੀਓ ਉਲੰਪਿਕ ਦੇ ਬਾਅਦ ਲੱਗਿਆ ਕਿ ਹੁਣ ਕਹਾਣੀ ਖਤਮ ਹੋ ਗਈ। ਟੋਕੀਓ ਦੇ ਬਾਅਦ ਮੈਂ ਹਾਰ ਮੰਨ ਲਈ ਸੀ, ਪਰ ਮੇਰੇ ਪਿਤਾ, ਜੋ ਉਦੋਂ 93 ਸਾਲ ਦੇ ਸਨ, ਨੇ ਮੈਨੂੰ ਕਿਹਾ ਕਿ ਪੈਰਿਸ ਉਲੰਪਿਕ ਵਿਚ ਸਿਰਫ ਤਿੰਨ ਸਾਲ ਬਚੇ ਹਨ ਤੇ ਤੂੰ ਉਸ ਲਈ ਕੁਆਲੀਫਾਈ ਕਰਨ ਦੀ ਕੋਸ਼ਿਸ਼ ਕਰ। ਮੈਨੂੰ ਲੱਗਿਆ ਕਿ ਪਿਤਾ ਨੇ ਮੇਰੇ ਤੋਂ ਕਦੇ ਕੁਝ ਨਹੀਂ ਮੰਗਿਆ ਤੇ ਉਹ ਉਨ੍ਹਾ ਦੀ ਆਖਰੀ ਮੰਗ ਹੋ ਸਕਦੀ ਹੈ। ਇਸ ਲਈ ਮੈਂ ਪੂਰੀ ਤਾਕਤ ਜੁਟਾਈ ਤੇ ਹਾਮੀ ਭਰ ਦਿੱਤੀ। ਅੱਜ ਮੇਰੇ ਪਿਤਾ ਤਾਂ ਦੁਨੀਆ ਵਿਚ ਨਹੀਂ, ਪਰ ਮੈਂ ਖੁਸ਼ ਹਾਂ ਕਿ ਮੈਂ ਉਨ੍ਹਾ ਦੀ ਮੰਗ ਪੂਰੀ ਕੀਤੀ ਹੈ। ਪਿਤਾ ਤੋਂ ਇਲਾਵਾ ਬੇਟੇ ਨੇ ਵੀ ਹਥਿਆਰ ਛੱਡਣ ਵਿਰੁੱਧ ਧਮਕੀ ਦਿੰਦਿਆਂ ਕਿਹਾ ਸੀ ਕਿ ਜੇ ਤੂੰ ਆਤਮ-ਸਮਰਪਣ ਕੀਤਾ ਤਾਂ ਮੈਂ ਵੀ ਕਰ ਦੇਵਾਂਗਾ।*

*55 ਸਾਲਾ ਸਾਲੁਕਵਾਜ਼ੇ ਦਾ ਖੇਡ ਜੀਵਨ ਨਿਸਚੇ ਹੀ ਪ੍ਰੇਰਨਾਸਰੋਤ ਹੈ। ਖੇਡਾਂ ਵਿਚ ਨਾਮਣਾ ਖੱਟਣ ਦੀ ਇੱਛਾ ਰੱਖਣ ਵਾਲਿਆਂ ਨੂੰ ਆਪਣੇ ਕਮਰੇ ਵਿਚ ਆਪਣੇ ਹੋਰਨਾਂ ਆਦਰਸ਼ ਐਥਲੀਟਾਂ ਦੇ ਨਾਲ-ਨਾਲ ਉਸ ਦੀ ਤਸਵੀਰ ਲਾਉਣੀ ਉਨ੍ਹਾਂ ਨੂੰ ਹੋਰ ਬਲ ਬਖਸ਼ਣ 'ਚ ਸਹਾਈ ਹੋ ਸਕਦੀ ਹੈ।*

# ਕੀ ਦੇਸ਼ ਦਾ ਖੱਬੇ-ਪੱਖੀਆਂ ਤੋਂ ਬਿਨਾਂ ਕੋਈ ਭਵਿੱਖ ਹੋ ਸਕਦੈ



ਪਵਨ ਕੁਮਾਰ ਕੌਸ਼ਲ

ਕੋਈ 60 ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਮੈਂ ਇੱਕ ਪ੍ਰਿੰਟਿੰਗ ਪ੍ਰੈੱਸ ਤੋਂ ਇਸ਼ਤਿਹਾਰ ਛਪਵਉਣ ਗਿਆ ਤਾਂ ਉਥੇ ਇੱਕ ਗੁੱਜਰ ਜਮਾਤ ਦਾ ਅੱਧ-ਖੜ੍ਹ ਉਮਰ ਦਾ ਵਿਆਕਤੀ ਵੀ ਕੁਝ ਛਪਵਾਉਣ ਲਈ ਬੈਠਾ ਸੀ। ਉਥੇ ਬੈਠੇ ਬੈਠੇ ਜਾਣ-ਪਹਿਚਾਣ ਮਗਰੋਂ ਦੇਸ਼ ਦੀ ਸਿਆਸੀ ਹਾਲਤ ਅਤੇ ਸਿਆਸੀ ਪਾਰਟੀਆਂ ਦੇ ਕਿਰਦਾਰ ਬਾਰੇ ਚਰਚਾ ਸ਼ੁਰੂ ਹੋ ਗਈ। ਉਸ ਸਮੇਂ ਕੇਂਦਰ ਵਿੱਚ ਕਾਂਗਰਸ ਪਾਰਟੀ ਦਾ ਰਾਜ ਸੀ। ਉਸ ਵਿਅਕਤੀ ਨੇ ਕਿਹਾ ਕਿ ਸਿਵਾਏ ਕਮਿਊਨਿਸਟਾਂ ਦੇ ਕੋਈ ਵੀ ਪਾਰਟੀ ਘੱਟ ਗਿਣਤੀਆਂ ਦੀ ਸੁਰੱਖਿਆ ਦੀ ਗਰੰਟੀ ਨਹੀ ਦਿੰਦੀ ਅਤੇ ਨਾ ਹੀ ਕੰਮ ਕਰਦੀ ਹੈ। ਉਸ ਨੇ ਕਿਹਾ ਕਿ ਮੈਂ ਭਾਵੇਂ ਕਮਿਊਨਿਸਟ ਨਹੀ, ਪ੍ਰੰਤੂ ਅੱਜ ਦੇਸ਼ ਦੇ ਵਿਗੜਦੇ ਜਾ ਰਹੇ ਹਾਲਤ ਨੂੰ ਕੇਵਲ ਖੱਬੀਆਂ ਪਾਰਟੀਆਂ ਹੀ ਰੋਕ ਸਕਦੀਆਂ ਹਨ, ਅੱਜ ਖੱਬੀਆਂ ਪਾਰਟੀਆਂ ਨੂੰ ਮੂਹਰੇ ਆਉਣ ਦੀ ਬਹੁਤ ਲੋੜ ਹੈ। ਪਿਛਲੇ ਸਾਲ ਐੱਮ ਸੀ ਪੀ ਆਈ (ਯੂ) ਦੀ ਕੇਂਦਰੀ ਕਮੇਟੀ ਦੀਆਂ ਦੋ ਮੀਟਿੰਗਾਂ ਇੱਕ ਮਾਰਚ 2023 ਅਤੇ ਦੂਜੀ ਅਕਤੂਬਰ 2023 ਵਿੱਚ ਦੋਰਾਹੇ ਕਰਵਾਈਆਂ ਗਈਆਂ ਸਨ। ਮੀਟਿੰਗਾਂ ਕਰਵਾਉਣ ਲਈ ਫੰਡ ਦੀ ਲੋੜ ਪਈ ਤਾਂ ਬਜ਼ਾਰ 'ਚੋਂ ਫੰਡ ਇਕੱਠਾ ਕਰਨ ਲਈ ਗਏ ਤਾਂ ਬਹੁ-ਗਿਣਤੀ ਦੁਕਾਨਦਾਰਾਂ ਨੇ ਵੀ ਉਹੋ ਗੁੱਜਰ ਵਿਆਕਤੀ ਦੇ ਕਹੇ ਸ਼ਬਦ ਯਾਦ ਆ ਗਏ ਕਿ ਅੱਜ ਦੇਸ਼ ਨੂੰ ਖੱਬੇ-ਪੱਖੀ ਪਾਰਟੀਆਂ ਦੀ ਭੂਮਿਕਾ ਦੀ ਬਹੁਤ ਲੋੜ ਹੈ। ਦੇਸ਼ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਦੇਸ਼ ਦੇ ਮਹਤੱਵਪੂਰਨ ਜਨਤਕ ਅਦਰਿਆਂ ਨੂੰ ਕੌਡੀਆਂ ਦੇ ਭਾਅ ਨਿੱਜੀ ਹੱਥਾਂ ਵਿੱਚ ਦੇ ਰਹੀ ਹੈ ਅਤੇ ਦੇਸ਼ ਨੂੰ ਫਿਰਕੂ ਲੀਹਾਂ 'ਤੇ ਵੰਡਣ ਲਈ ਯਤਨਸ਼ੀਲ ਹੈ। ਭਾਰਤ ਲਈ ਖੱਬੀ ਧਿਰ ਦੀ ਮਹੱਤਤਾ ਬਹੁਤ ਅਹਿਮੀਅਤ ਰੱਖਦੀ ਹੈ। ਇਕੱਲਾ ਖੱਬੇ-ਪੱਖੀ ਅਤੇ ਜਮਹੂਰੀ ਤਾਕਤਾਂ ਹੀ ਸਮਾਜਕ-ਆਰਥਿਕ ਅਤੇ ਰਾਜਨੀਤਕ ਗਤੀਰੋਧ ਤੋਂ ਬਾਹਰ ਨਿਕਲਣ ਦਾ ਰਸਤਾ ਪ੍ਰਦਾਨ ਕਰ ਸਕਦੇ ਹਨ, ਕਿਉਂਕਿ ਭਾਰਤ ਹੁਣ ਨਵਉਦਾਰਵਾਦੀ ਪੂੰਜੀਵਾਦ ਤੋਂ ਪਾਰ ਦਾ ਏਜੰਡਾ ਪ੍ਰਦਾਨ ਕਰ ਸਕਦਾ ਹੈ। ਸਵਾਲ ਇਹ ਨਹੀਂ ਕਿ ਕੀ ਇਸ ਦੇਸ਼ ਵਿੱਚ ਖੱਬੇ-ਪੱਖੀਆਂ ਦਾ ਕੋਈ ਭਵਿੱਖ ਹੈ, ਸਗੋਂ ਇਹ ਹੈ ਕਿ ਕੀ ਇਸ ਦੇਸ਼ ਦਾ ਖੱਬੇ-ਪੱਖੀਆਂ ਤੋਂ ਬਿਨਾਂ ਕੋਈ ਭਵਿੱਖ ਹੈ। ਭਾਰਤ ਹੁਣ ਇਸ ਹਾਲਤ ਵਿੱਚ ਹੈ ਕਿ ਇਹ ਇੱਕ ਨਵਉਦਾਰਵਾਦੀ ਪੂੰਜੀਵਾਦ ਤੋਂ ਪਰ੍ਹੇ ਇੱਕ ਏਜੰਡਾ ਪ੍ਰਦਾਨ ਕਰ ਸਕਦਾ ਹੈ। ਇੱਕ ਸਮਾਂ ਸੀ (ਮੈਂ ਤਾਂ ਇਹੋ ਕਹਾਂਗਾ) ਭਾਰਤ ਅੰਦਰ ਖਾਸ ਤੌਰ 'ਤੇ ਪੰਜਾਬ ਅੰਦਰ ਕਮਿਊਨਿਸਟਾ ਦਾ ਕਾਫੀ ਪ੍ਰਭਾਵ ਸੀ। ਉਸ ਸਮੇਂ ਕਮਿਊਨਿਸਟਾਂ ਅੰਦਰ ਮਿਹਨਤਕਸ਼ ਲੋਕਾਂ ਲਈ ਕੁਝ ਕਰ ਸਕਣ ਦੀ ਇੱਛਾ ਸੀ। ਹਰ ਜ਼ਿਲ੍ਹੇ ਅੰਦਰ ਇਥੋਂ ਤੱਕ ਇੱਕ ਤਹਿਸੀਲ ਵਿੱਚ ਪਾਰਟੀ ਦੇ ਕੁਲਵਕਤੀ ਹੁੰਦੇ ਸਨ। 1964 ਵਿੱਚ ਕਮਿਊਨਿਸਟ ਪਾਰਟੀ ਅੰਦਰ ਦੇਸ਼ ਦੀ ਹਾਕਮ ਪਾਰਟੀ ਦੇ ਜਮਾਤੀ ਖਾਸੇ ਨੂੰ ਲੈ ਕੇ ਪਾਰਟੀ ਦਾ ਇੱਕ ਧੜਾ ਵੱਖ ਹੋ ਗਿਆ, ਉਸ ਧੜੇ ਨੇ ਸੀ ਪੀ ਆਈ (ਐੱਮ) ਦੇ ਨਾਂਅ ਹੇਠ ਇੱਕ ਨਵੀ ਪਾਰਟੀ ਦਾ ਗਠਨ ਕਰ ਲਿਆ। ਪਾਰਟੀ ਨੇ ਬੜੀ ਤੇਜ਼ੀ ਨਾਲ ਆਪਣਾ ਘੇਰਾ ਵਧਾ ਲਿਆ। ਕੇਰਲ ਤੋਂ ਬਿਨਾਂ ਇਸ ਨੇ ਬੰਗਾਲ ਅਤੇ ਤ੍ਰਿਪੁਰਾ ਵਿੱਚ ਵੀ ਆਪਣੀਆਂ ਸਰਕਾਰਾਂ ਬਣਾ ਲਈਆਂ। ਅਫਸੋਸ ਇਸ ਗੱਲ ਦਾ ਕਿ ਤਿੰਨ ਸਾਲ ਬਾਦ ਹੀ ਸੀ ਪੀ ਆਈ (ਐੱਮ) ਵਿੱਚੋਂ ਇੱਕ ਧੜੇ ਨਾਲ ਹਾਕਮ ਜਮਾਤਾਂ ਦੇ ਜਮਾਤੀ ਖਾਸੇ ਅਤੇ ਇਨਕਲਾਬ ਦਾ ਰਾਹ ਚੁਣਨ ਦੀ ਲਾਈਨ ਉਪਰ ਮੱਤਭੇਦ ਪੈਦਾ ਹੋ ਗਏ, ਜਿਸ ਕਾਰਨ ਇੱਕ ਹੋਰ ਪਾਰਟੀ, ਜਿਸ ਨੂੰ ਸੀ ਪੀ ਆਈ (ਐੱਮ ਐੱਲ) ਕਿਹਾ ਜਾਂਦਾ ਹੈ, ਬਣੀ। ਇਸ ਵਿਚੋਂ ਵੀ ਪਤਾ ਨਹੀ ਹੁਣ ਹੋਰ ਕਿੰਨੇ ਧੜੇ ਬਣ ਗਏ। ਮੇਰੇ ਉਪਰ ਮਾਰਕਸਵਾਦ ਦਾ ਪ੍ਰਭਾਵ ਹੋਣ ਕਾਰਨ ਮੇਰਾ ਝੁਕਾਅ ਖੱਬੇ-ਪੱਖੀਆਂ ਵੱਲ ਸੀ ਅਤੇ ਹੈ। ਉਸ ਸਮੇਂ ਮੈਂ ਤਹਿਸੀਲ ਸਮਰਾਲਾ 'ਚ ਪੈਂਦੇ ਇੱਕ ਪਿੰਡ ਖਮਾਣੋਂ (ਹੁਣ ਉਹ ਤਹਿਸੀਲ ਬਣ ਗਈ ਹੈ) ਵਿੱਚ ਇੱਕ ਅਧਿਆਪਕ ਦੇ ਤੌਰ 'ਤੇ ਕੰਮ ਕਰਦਾ ਸੀ। ਸੀ ਪੀ ਆਈ (ਐੱਮ) ਨੇ ਇੱਕ ਕਾਮਰੇਡ ਨੂੰ ਬਤੌਰ ਕੁਲਵਕਤੀ ਭੇਜ ਦਿੱਤਾ। ਇੱਕ ਦਿਨ ਪੁਲਸ ਉਸ ਨੂੰ ਚੁੱਕ ਕੇ ਲੈ ਗਈ ਅਤੇ ਉਸ ਦੀ ਕਾਫੀ ਕੁੱਟਮਾਰ ਕੀਤੀ। ਇਸ 'ਤੇ ਸੀ ਪੀ ਆਈ (ਐੱਮ) ਨੇ ਪੁਲਸ ਵਿਰੁੱਧ ਖਮਾਣੋਂ ਖੇਤਰ ਵਿੱਚ ਇੱਕ ਜਲਸਾ ਕਰਨ ਦਾ ਫੈਸਲਾ ਕੀਤਾ। ਜਲਸਾ ਖਮਾਣੋਂ ਬਸ ਅੱਡੇ ਕੋਲ ਸੜਕ ਕਿਨਾਰੇ ਕੀਤਾ ਗਿਆ। ਇਸ ਜਲਸੇ ਨੂੰ ਸੰਬੋਧਨ ਕਰਨ ਲਈ ਜ਼ਿਲ੍ਹਾ ਸਕੱਤਰ ਕਾ: ਰਛਪਾਲ ਸਿੰਘ, ਸੂਬਾ ਕਮੇਟੀ ਮੈਂਬਰ ਕਾ: ਦਲੀਪ ਸਿੰਘ ਜੌਹਲ ਅਤੇ ਸਕੱਤਰੇਤ ਮੈਂਬਰ ਜਗਜੀਤ ਸਿੰਘ ਲਾਇਲਪੁਰੀ ਪੁੱਜੇ। ਉਨ੍ਹਾਂ ਪੁਲਸ ਨੂੰ ਚੈਲਿੰਜ ਕੀਤਾ ਕਿ ਪੁਲਿਸ ਕਾਮਰੇਡ ਨੂੰ ਹੁਣ ਪਕੜ ਕੇ ਤੇ ਉਸਦੀ ਕੁੱਟ ਮਾਰ ਕਰਕੇ ਦਿਖਾਵੇ। ਪੁਲਸ ਨੇ ਜਲਸਾ ਕਰਨ ਤੋਂ ਰੋਕਣਾ ਚਾਹਿਆ, ਪਰ ਕਾਮਰੇਡਾਂ ਨੇ ਉਥੇ ਜਲਸਾ ਕੀਤਾ ਜਿਸ ਵਿੱਚ ਕਾਫੀ ਗਿਣਤੀ 'ਚ ਲੋਕ ਹਾਜ਼ਰ ਹੋਏ। ਇੱਕ ਕਾਮਰੇਡ ਜਿਸ ਨੇ ਇਸ ਜਲਸੇ ਦਾ ਪ੍ਰਬੰਧ ਕੀਤਾ, ਉਸ ਉਪਰ ਪੁਲਿਸ ਦੀ ਅੱਖ ਸੀ। ਪੁਲਸ ਨੇ ਉਸ ਤੋਂ ਜਲਸੇ ਦੀ ਮਨਜ਼ੂਰੀ ਦੇ ਪੱਤਰ ਦੀ ਕਾਪੀ ਮੰਗੀ ਤਾਂ ਕਾਮਰੇਡ ਨੇ ਸਟੇਜ ਤੋਂ ਕਿਹਾ ਕਿ ਜੇ ਪੁਲਸ ਮਨਜ਼ੂਰੀ ਦੀ ਕਾਪੀ ਦੇਖਣਾ ਚਹੁੰਦੀ ਹੈ ਤਾਂ ਸਟੇਜ ਮਗਰ ਆ ਕੇ ਦੇਖ ਲੈਣ। ਪੁਲਸ ਦੇ ਕਿਸੇ ਵੀ ਅਧਿਕਾਰੀ ਦੀ ਜੁਰਅਤ ਨਹੀਂ ਪਈ ਕਿ ਉਹ ਸਟੇਜ ਦੇ ਮਗਰ ਚਲੇ ਜਾਣ।

ਇਸੇ ਤਰ੍ਹਾਂ ਇੱਕ ਜਲਸਾ ਖਮਾਣੋਂ ਨਜ਼ਦੀਕ ਇੱਕ ਪਿੰਡ ਸ਼ਾਇਦ ਫਰੌਰ ਰੱਖਿਆ ਤਾਂ ਪੁਲਸ ਨੇ ਪਿੰਡ ਵਾਸੀਆਂ ਨੂੰ ਧਮਕੀ ਦਿੱਤੀ ਕਿ ਜੇ ਕਿਸੇ ਨੇ ਜ਼ਮੀਨ 'ਤੇ ਕਾਮਰੇਡਾਂ ਦਾ ਜਲਸਾ ਹੋਣ ਦਿਤਾ ਤਾਂ ਉਨ੍ਹਾਂ ਨੂੰ ਅੰਦਰ ਕਰ ਦਿੱਤਾ ਜਾਵੇਗਾ। ਪੁਲਸ ਨੇ ਡਰਾਮਾ ਸਕੁਐਡ ਇੰਚਾਰਜ ਧਰਮ ਦਾਸ ਉਪਰ 307 ਅਧੀਨ ਕੇਸ ਦਰਜ ਕੀਤਾ ਅਤੇ ਬਾਕੀ ਮੈਂਬਰਾਂ ਨੂੰ ਵੀ ਥਾਣੇ ਲੈ ਆਏ। ਉਸ ਸਮੇ ਅਕਾਲੀਆਂ ਦਾ ਰਾਜ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਉਨ੍ਹਾਂ ਦਿਨਾਂ ਵਿੱਚ ਪੁਲਸ ਨੇ ਅਖੌਤੀ ਮੁਕਾਬਲਿਆਂ ਵਿੱਚ ਕਿਨੇ ਹੀ ਵਿਅਕਤੀਆਂ ਨੂੰ ਨਕਸਲੀ ਕਹਿ ਕੇ ਝੂਠੇ ਮੁਕਾਬਲਿਆਂ 'ਚ ਮਾਰਿਆ। ਮੈਂ ਉਸ ਸਮੇਂ ਖਮਾਣੋਂ ਹਾਈ ਸਕੂਲ ਵਿੱਚ ਪੜ੍ਹਾਉਂਦਾਂ ਸੀ ਅਤੇ ਰਹਾਇਸ਼ ਵੀ ਖਮਾਣੋ ਦੇ ਪੰਚਾਇਤ ਘਰ ਵਿੱਚ ਦੋ ਹੋਰ ਅਧਿਆਪਕਾਂ ਨਾਲ ਸੀ। ਸਕੂਲ ਵੀ ਥਾਣੇ ਦੇ ਨਜ਼ਦੀਕ ਹੀ ਸੀ। ਕੁਝ ਸਮੇ ਬਾਅਦ ਮੈਂ ਕੀ ਦੇਖਿਆ ਕਿ ਦੋ ਪੁਲਸ ਕਰਮੀ ਸਕੂਲ ਅੱਗੇ ਪਏ ਇੱਕ ਦਰੱਖਤ ਦੇ ਮੁੱਢ ਉਪਰ ਬੈਠ ਜਾਂਦੇ ਅਤੇ ਛੁੱਟੀ ਹੋਣ 'ਤੇ ਮੇਰੇ ਮਗਰ ਕੁੱਝ ਦੂਰ ਜਾਕੇ ਵਾਪਸ ਥਾਣੇ ਚਲੇ ਜਾਂਦੇ। ਪੁਲਸ ਕਰਮੀਆਂ ਦਾ ਇਸ ਤਰ੍ਹਾਂ ਸਕੂਲ ਅੱਗੇ ਆ ਕੇ ਬੈਠ ਜਾਣਾ ਇੱਕ ਬੁਝਾਰਤ ਬਣਿਆ ਹੋਇਆ ਸੀ ਕਿ ਪੁਲਿਸ ਕਿਸ ਮਕਸਦ ਲਈ ਸਕੂਲ ਅਗੇ ਕਿਉਂ ਬੈਠਦੀ ਸੀ। ਇੱਕ ਦਿਨ ਮੇਰੇ ਸਭ ਤੋਂ ਵੱਡੇ ਭਰਾ ਅਚਾਨਕ ਸਕੂਲ ਮੇਰੇ ਕੋਲ ਆ ਪਹੁੰਚੇ। ਮੈਂ ਉਨ੍ਹਾਂ ਨੂੰ ਦੇਖ ਕੇ ਘਬਰਾ ਗਿਆ। ਅਸੀਂ ਸਕੂਲ ਦੇ ਇੱਕ ਖਾਲੀ ਕਮਰੇ ਵਿੱਚ ਬੈਠ ਗਏ। ਮੈਂ ਉਨ੍ਹਾਂ ਨੂੰ ਇਸ ਤਰ੍ਹਾਂ ਸਕੂਲ ਆਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾ ਦੱਸਿਆ ਕਿ ਦੋਰਾਹੇ ਸੀ ਆਈ ਏ ਦੀ ਇੱਕ ਟੀਮ ਆਈ ਹੋਈ ਹੈ ਅਤੇ ਉਹ ਮੇਰੇ ਨਾਂਅ ਦੇ ਹੀ ਤੇ ਮੇਰੇ ਜਮਾਤੀ ਪਵਨ ਕੁਮਾਰ ਨੂੰ ਪੁੱਛਗਿੱਛ ਲਈ ਲੈ ਕੇ ਗਈ ਸੀ ਅਤੇ ਦੋਰਾਹਾ ਦੇ ਜਗੀਰੂ ਸੋਚ ਦੇ ਮਾਲਕਾਂ ਨੇ ਸੀ ਆਈ ਏ ਸਟਾਫ ਨੂੰ ਇਹ ਜਚਾਉਣਾ ਚਾਹਿਆ ਕਿ ਪਵਨ ਕੁਮਾਰ ਇਹ ਨਹੀਂ, ਉਹ ਦੂਸਰਾ ਹੈ। ਸਟਾਫ ਵਾਲਿਆਂ ਨੇ ਕਿਹਾ, 'ਸਾਨੂੰ ਉਸ ਦਾ ਵੀ ਪਤਾ ਹੈ, ਉਹ ਖਮਾਣੋ ਪੜ੍ਹਾਉਂਦਾਂ ਹੈ'। ਮੇਰੇ ਭਰਾ ਨੇ ਮੈਨੂੰ ਕਿਤੇ ਨਾ ਜਾਣ ਲਈ ਕਿਹਾ। ਸਾਨੂੰ ਸਕੂਲ ਵਾਲਿਆਂ ਨੂੰ ਪੁਲਸ ਦੇ ਸਕੂਲ ਅੱਗੇ ਆ ਕੇ ਬੈਠਣ ਦਾ ਮਕਸਦ ਪਤਾ ਲੱਗਾ। ਮੈ ਫਿਰ ਰੋਜ਼ਾਨਾ ਦੋਰਾਹੇ ਤੋਂ ਖਮਾਣੋਂ ਆਉਣਾ-ਜਾਣਾ ਸ਼ੁਰੂ ਕਰ ਦਿੱਤਾ। ਮੇਰੇ ਨਾਂਅ ਵਾਲੇ ਪਵਨ ਕੁਮਾਰ ਦਾ ਜਮਾਤੀ ਦਰਸ਼ਨ ਸਿੰਘ ਕੂਹਲੀ ਜਿਸਦਾ ਸੰਬੰਧ ਪੁਲਸ ਦੇ ਕਹਿਣ ਮੁਤਾਬਕ ਨਕਸਲੀਆਂ ਨਾਲ ਸੀ, ਇੱਕ ਦਿਨ ਉਹ ਆਪਣੇ ਜਮਾਤੀ ਦੇ ਢਾਬੇ 'ਤੇ ਰੋਟੀ ਖਾ ਕੇ ਗਿਆ ਸੀ। ਇਸੇ ਕਰਕੇ ਢਾਬਾ ਮਾਲਕ ਤੋਂ ਪੁੱਛਗਿੱਛ ਕੀਤੀ ਗਈ ਸੀ, ਜਦੋਂ ਕਿ ਮੇਰਾ ਨਕਸਲੀ ਗਰੁੱਪ ਨਾਲ ਕੋਈ ਲੈਣਾ-ਦੇਣਾ ਨਹੀ ਸੀ। ਇਸੇ ਤਰ੍ਹਾਂ ਦੋਰਾਹਾ ਵਿੱਚ ਵੀ ਲੋਕ ਮਸਲਿਆਂ ਨੂੰ ਲੈ ਕੇ ਬਕਾਇਦਾ ਜਲਸੇ ਕੀਤੇ ਜਾਂਦੇ ਰਹੇ। ਭਾਰਤੀ ਖੱਬੀਆਂ ਧਿਰਾਂ ਨੂੰ ਆਪਣੇ ਆਪ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਖੱਬੀਆਂ ਪਾਰਟੀਆਂ ਦੀ ਤਾਕਤ ਨਵਉਦਾਰਵਾਦ ਅਤੇ ਫਿਰਕਾਪ੍ਰਸਤੀ ਦੋਵਾਂ ਵਿਰੁੱਧ ਉਨ੍ਹਾਂ ਦੀ ਦ੍ਰਿੜ੍ਹ ਵਿਚਾਰਧਾਰਕ ਸਥਿਤੀ ਤੋਂ ਆਈ ਹੈ। ਇਕੱਲਾ ਖੱਬੇ-ਪੱਖੀ ਹੀ ਸਮਾਜਕ-ਆਰਥਕ ਅਤੇ ਰਾਜਨੀਤਕ ਗਤੀਰੋਧ ਤੋਂ ਬਾਹਰ ਨਿਕਲਣ ਦਾ ਰਸਤਾ ਪ੍ਰਦਾਨ ਕਰ ਸਕਦੇ ਹਨ, ਕਿਉਂਕਿ ਭਾਰਤ ਹੁਣ ਨਵਉਦਾਰਵਾਦੀ ਪੂੰਜੀਵਾਦ ਤੋਂ ਪਾਰ ਦਾ ਏਜੰਡਾ ਪ੍ਰਦਾਨ ਕਰ ਸਕਦਾ ਹੈ। ਸਵਾਲ ਇਹ ਨਹੀਂ ਹੈ ਕਿ ਕੀ ਇਸ ਦੇਸ਼ ਵਿੱਚ ਖੱਬੇ-ਪੱਖੀਆਂ ਦਾ ਕੋਈ ਭਵਿੱਖ ਹੈ, ਸਗੋਂ ਇਹ ਹੈ ਕਿ ਕੀ ਇਸ ਦੇਸ਼ ਦਾ ਖੱਬੇ-ਪੱਖੀਆਂ ਤੋਂ ਬਿਨਾਂ ਕੋਈ ਭਵਿੱਖ ਹੋ ਸਕਦਾ ਹੈ। ਪੰਜਾਬ ਅੰਦਰ ਕਮਿਊਨਿਸਟਾਂ ਦੀ ਅਗਵਾਈ ਵਿੱਚ ਮੁਜ਼ਾਰਾ ਲਹਿਰ, ਖੁਸ਼ਹੈਸੀਅਤ ਟੈਕਸ ਮੂਵਮੈਂਟ ਦੀਆਂ ਸਫਲਤਾਵਾਂ ਸਾਡੇ ਸਾਹਮਣੇ ਹਨ। ਇਸ ਤੋਂ ਬਿਨਾਂ ਭਾਰਤ ਵਿੱਚ ਇਸ ਦੀਆਂ ਹੋਰ ਵੀ ਉਦਹਾਰਣਾਂ ਦਿੱਤੀਆਂ ਜਾ ਸਕਦੀਆਂ ਹਨ। ਤੇਲੰਗਾਨਾ ਦਾ ਹਥਿਆਰਬੰਦ ਘੋਲ 1946 ਤੋਂ 1950 ਤੱਕ, ਆਲ ਇੰਡੀਆ ਕਿਸਾਨ ਸਭਾ ਦੇ ਬੈਨਰ ਹੇਠ ਭਾਰਤੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਬੰਗਾਲ ਵਿੱਚ ਇੱਕ ਵਿਸ਼ਾਲ ਕਿਸਾਨ ਅੰਦੋਲਨ ਸੀ।

ਕਿਸਾਨਾਂ ਨੂੰ ਜ਼ਮੀਨ ਵਿੱਚੋਂ ਸਿਰਫ਼ ਅੱਧੀ ਉਪਜ ਰੱਖਣ ਦੀ ਇਜਾਜ਼ਤ ਦਿੱਤੀ ਗਈ ਸੀ, ਬਾਕੀ ਦੀ ਜ਼ਮੀਨ ਮਾਲਕਾਂ ਨੂੰ। ਤੇਲੰਗਾਨਾ ਅੰਦੋਲਨ ਨੇ ਮੰਗ ਕੀਤੀ ਕਿ ਕਿਸਾਨਾਂ ਦਾ ਹਿੱਸਾ ਵਧਾ ਕੇ ਦੋ ਤਿਹਾਈ ਕੀਤਾ ਜਾਵੇ ਅਤੇ ਕਿਰਾਇਆ ਘਟਾਇਆ ਜਾਵੇ। ਤੇਲੰਗਾਨਾ ਹਥਿਆਰਬੰਦ ਸੰਘਰਸ਼ ਭਾਰਤ ਦੇ ਇਤਿਹਾਸ ਵਿੱਚ ਹੋਇਆ ਸਭ ਤੋਂ ਵੱਡਾ ਕਮਿਊਨਿਸਟ ਅਗਵਾਈ ਵਾਲਾ ਅੰਦੋਲਨ ਸੀ। ਇਹ 1946 ਤੋਂ 1950 ਤੱਕ ਤੇਲੰਗਾਨਾ ਵਿੱਚ ਹੋਇਆ। ਇੱਕ ਤੇਲਗੂ ਬੋਲਣ ਵਾਲਾ ਖੇਤਰ, ਜੋ ਉਸ ਸਮੇਂ ਹੈਦਰਾਬਾਦ ਦਾ ਹਿੱਸਾ ਸੀ। ਤੇਲੰਗਾਨਾ ਸੰਘਰਸ਼ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਨਿਜ਼ਾਮ ਦੇ ਤਾਨਾਸ਼ਾਹੀ ਸ਼ਾਸਨ ਅਤੇ ਜ਼ਿਮੀਦਾਰਾਂ ਦੁਆਰਾ ਜਗੀਰੂ ਸ਼ੋਸ਼ਣ ਦੇ ਵਿਰੁੱਧ ਲੜਿਆ ਗਿਆ ਸੀ। ਵਿਦਰੋਹ ਅਤੇ ਕਾਰਵਾਈ ਦੌਰਾਨ ਲਗਭਗ 4,000 ਕਮਿਊਨਿਸਟ ਅਤੇ ਕਿਸਾਨ ਖਾੜਕੂ ਮਾਰੇ ਗਏ ਅਤੇ 10,000 ਤੋਂ ਵੱਧ ਲੋਕਾਂ ਨੂੰ ਤਿੰਨ ਤੋਂ ਚਾਰ ਸਾਲਾਂ ਲਈ ਤਸੀਹੇ ਝੱਲਣ ਲਈ ਨਜ਼ਰਬੰਦੀ ਕੈਂਪਾਂ ਅਤੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਦੇਸ਼ ਦੇ ਸਾਰੇ ਪਰਮੁੱਖ ਜਨਤਕ ਖੇਤਰ ਦੇ ਅਦਾਰੇ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਦੇ ਰਹੀ ਹੈ। ਫਿਰਕਾਪ੍ਰਸਤੀ ਦੀ ਜ਼ਹਿਰ ਫੈਲਾਈ ਜਾ ਰਹੀ ਹੈ, ਹਜੂਮੀ ਹਿੰਸਾ ਰਾਹੀਂ ਘੱਟ ਗਿਣਤੀ ਭਾਈਚਾਰੇ ਦੇ ਵਿਅਕਤੀਆਂ ਉੱਪਰ ਅੱਤਿਆਚਾਰ ਰਾਹੀਂ ਉਨ੍ਹਾਂ ਦੇ ਮਾਨਵੀ ਅਧਿਕਾਰ ਖੋਹੇ ਜਾ ਰਹੇ ਨੇ, ਦੇਸ਼ ਅੰਦਰ ਲੋਕ ਤੰਤਰ ਅਤੇ ਦੇਸ਼ ਦੇ ਸੰਘੀ ਢਾਂਚੇ ਨੂੰ ਖਤਮ ਕੀਤਾ ਜਾ ਰਿਹਾ ਹੈ। ਇਹੋ ਕਾਰਨ ਹੈ ਕਿ ਲੋਕ ਖੱਬੇ-ਖੱਬੀਆਂ ਉਪਰ ਟੇਕ ਰੱਖ ਰਹੇ ਨੇ। ਇਹ ਖੱਬੇ ਪੱਖੀ ਹੀ ਸਮਾਜਕ-ਆਰਥਕ ਅਤੇ ਰਾਜਨੀਤਕ ਗਤੀਰੋਧ ਤੋਂ ਬਾਹਰ ਨਿਕਲਣ ਦਾ ਰਸਤਾ ਪ੍ਰਦਾਨ ਕਰ ਸਕਦੇ ਹਨ।

**# ਸੰਪਰਕ : 98550-04500**

# ਹਰ ਰੁੱਖ ਮਨੁੱਖਤਾ ਦੇ ਨਾਂਅ ਹੋਣਾ ਚਾਹੀਦਾ

ਮੁਨੀਸ਼ ਭਾਟੀਆ

ਅੱਜ ਦੇ ਸਮੇਂ ਵਿੱਚ ਵਧ ਰਹੀ ਹੀਟ ਵੇਵ ਅਤੇ ਵਾਤਾਵਰਣ ਦਾ ਅਸੰਤੁਲਨ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਇਹ ਆਮ ਤੌਰ 'ਤੇ ਜਲਵਾਯੂ ਤਬਦੀਲੀ, ਜੰਗਲੀ ਜੀਵ ਸੁਰੱਖਿਆ ਦੀ ਘਾਟ ਅਤੇ ਮਨੁੱਖੀ ਗਤੀਵਿਧੀਆਂ ਦੇ ਨਤੀਜੇ ਵਜੋਂ ਹੋਣ ਵਾਲੇ ਨਿਕਾਸ ਦੁਆਰਾ ਸੰਭਵ ਬਣਾਇਆ ਜਾ ਰਿਹਾ ਹੈ। ਹੀਟ ਵੇਵ ਨਾਲ ਤਾਪਮਾਨ ਵਧਣ ਨਾਲ ਅੱਤ ਦੀ ਗਰਮੀ ਕਾਰਨ ਹੋਣ ਵਾਲੀਆਂ ਮੌਤਾਂ ਸਮੇਤ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇਸ ਲਈ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਅਤੇ ਸੰਭਾਵੀ ਹੱਲ ਵੱਲ ਕਦਮ ਚੁੱਕਣੇ ਚਾਹੀਦੇ ਹਨ, ਜਿਸ ਵਿੱਚ ਨਿੰਮ, ਪਿੱਪਲ ਅਤੇ ਬਰਗਦ ਵਰਗੇ ਭਾਰਤੀ ਰੁੱਖਾਂ ਦੀ ਮਹੱਤਤਾ ਨੂੰ ਸਮਝਣਾ ਅਤੇ ਇਨ੍ਹਾਂ ਨੂੰ ਬਚਾਉਣ ਲਈ ਜਾਗਰੂਕਤਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ।

ਧਰਤੀ ਅਤੇ ਵਾਤਾਵਰਨ ਦੇ ਸੰਤੁਲਨ ਲਈ ਰੁੱਖਾਂ ਦਾ ਮਹੱਤਵ ਬਹੁਤ ਜ਼ਰੂਰੀ ਹੈ। ਸਾਡੇ ਕੰਮਾਂ ਅਤੇ ਫੈਸਲਿਆਂ ਦਾ ਵਾਤਾਵਰਣ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ।ਰੁੱਖ ਲਗਾਉਣੇ ਬਹੁਤ ਜ਼ਰੂਰੀ ਹਨ ਤਾਂ ਜੋ ਵਾਤਾਵਰਣ ਦਾ ਸੰਤੁਲਨ ਕਾਇਮ ਰੱਖਿਆ ਜਾ ਸਕੇ ਅਤੇ ਅਸੀਂ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਸੁਰੱਖਿਅਤ ਰੱਖ ਸਕੀਏ। ਹੀਟ ਵੇਵ ਅਤੇ ਤਾਪਮਾਨ ਵਿੱਚ ਵਾਧਾ ਵਾਤਾਵਰਣ ਲਈ ਚੁਣੌਤੀਪੂਰਨ ਹੋ ਸਕਦਾ ਹੈ। ਇਸ ਨਾਲ ਜਲਵਾਯੂ ਤੇਜ਼ੀ ਨਾਲ ਬਦਲ ਸਕਦਾ ਹੈ, ਜਿਸ ਨਾਲ ਸਿਹਤ ਅਤੇ ਵਾਤਾਵਰਨ ਪ੍ਰਭਾਵਿਤ ਹੋ ਸਕਦਾ ਹੈ। ਇਸ ਲਈ ਸਾਨੂੰ ਵਾਤਾਵਰਣ ਦੀ ਸੁਰੱਖਿਆ ਅਤੇ ਸੰਤੁਲਨ ਵੱਲ ਕਦਮ ਚੁੱਕਣ ਦੀ ਲੋੜ ਹੈ। ਦਰਅਸਲ, ਜਲਵਾਯੂ ਪਰਿਵਰਤਨ ਅਤੇ ਊਰਜਾ ਉਤਪਾਦਨ ਵਧਣ ਕਾਰਨ ਹੀਟ ਵੇਵ ਫੈਲ ਰਹੀਆਂ ਹਨ। ਇਸ ਕਾਰਨ ਤਾਪਮਾਨ ਵਧਦਾ ਜਾ ਰਿਹਾ ਹੈ ਅਤੇ ਗੰਧਲੇ ਮਾਹੌਲ ਦਾ ਅਸਰ ਮਹਿਸੂਸ ਕੀਤਾ ਜਾ ਰਿਹਾ ਹੈ।

ਰੁੱਖਾਂ ਦੀ ਕਟਾਈ ਅਤੇ ਨਵੇਂ ਰੁੱਖ ਨਾ ਲਗਾਉਣ ਨਾਲ ਵਾਤਾਵਰਣ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਇਹ ਇੱਕ ਮਹੱਤਵਪੂਰਨ ਪ੍ਰਕਿਰਿਆ ਹੈ, ਜੋ ਵਾਤਾਵਰਨ ਸੰਤੁਲਨ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ ਅਤੇ ਹੀਟ ਵੇਵ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਇਹ ਚਿੰਤਾਜਨਕ ਤੱਥ ਹੈ ਕਿ ਮੁਨਾਫ਼ੇ ਦੀ ਖ਼ਾਤਰ ਸਥਾਨਕ ਦਰੱਖਤਾਂ ਨੂੰ ਕੱਟਿਆ ਜਾ ਰਿਹਾ ਹੈ ਕਿਉਂਕਿ ਇਹ ਵਿਦੇਸ਼ੀ ਰੁੱਖ ਤੇਜ਼ੀ ਨਾਲ ਵਧਦੇ ਹਨ ਅਤੇ ਵਪਾਰਕ ਤੌਰ 'ਤੇ ਵੀ ਵਰਤੇ ਜਾ ਸਕਦੇ ਹਨ ਅਤੇ ਭਾਰਤੀ ਜਲਵਾਯੂ ਅਤੇ ਪੌਦਿਆਂ ਦੇ ਜੀਵਨ ਲਈ ਵਧੇਰੇ ਅਨੁਕੂਲ ਹਨ। ਅਜਿਹੇ ਕਦਮ ਦਾ ਵਾਤਾਵਰਣ ਪ੍ਰਭਾਵ ਡੂੰਘਾ ਹੋ ਸਕਦਾ ਹੈ। ਪਿੱਪਲ, ਬੋਹੜ ਅਤੇ ਨਿੰਮ ਦੇ ਰੁੱਖਾਂ ਦੀ ਇਹ ਵਿਸ਼ੇਸ਼ਤਾ ਅਸਲ ਵਿੱਚ ਮਹੱਤਵਪੂਰਨ ਹੈ, ਕਿਉਂਕਿ ਇਹ ਦਰੱਖਤ ਵੱਧ ਤੋਂ ਵੱਧ ਕਾਰਬਨ ਡਾਈਆਕਸਾਈਡ ਨੂੰ ਸੋਖ ਲੈਂਦੇ ਹਨ, ਜੋ ਕਿ ਵਾਤਾਵਰਣ ਲਈ ਬਹੁਤ ਢੁਕਵਾਂ ਹੈ। ਪਿੱਪਲ 100% ਕਾਰਬਨ ਡਾਈਆਕਸਾਈਡ ਨੂੰ ਸੋਖ ਸਕਦਾ ਹੈ, ਬੋਹੜ 80% ਅਤੇ ਨਿੰਮ 75% ਸੋਖ ਸਕਦਾ ਹੈ, ਜਦੋਂ ਕਿ ਹੋਰ ਦਰੱਖਤ ਕਾਰਬਨ ਡਾਈਆਕਸਾਈਡ ਨੂੰ ਘੱਟ ਮਾਤਰਾ ਵਿੱਚ ਸੋਖ ਲੈਂਦੇ ਹਨ। ਸਫੈਦੇ ਵਰਗੇ ਦਰੱਖਤ ਧਰਤੀ ਹੇਠਲੇ ਪਾਣੀ ਨੂੰ ਵੱਡੀ ਮਾਤਰਾ ਵਿੱਚ ਸੋਖ ਲੈਂਦੇ ਹਨ। ਇਸ ਨੂੰ ਧਿਆਨ ਵਿੱਚ ਰੱਖਦਿਆਂ ਸਮਾਜ ਨੂੰ ਸਥਾਨਕ ਰੁੱਖਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ, ਤਾਂ ਜੋ ਵਾਤਾਵਰਨ ਨੂੰ ਸੰਤੁਲਿਤ ਰੱਖਿਆ ਜਾ ਸਕੇ।

ਵੱਧ ਤੋਂ ਵੱਧ ਜੀਵਨ ਦੇਣ ਵਾਲੇ ਰੁੱਖ ਲਗਾਉਣ ਲਈ ਸਮਾਜ ਵਿੱਚ ਜਾਗਰੂਕਤਾ ਵਧਾਉਣੀ ਬਹੁਤ ਜ਼ਰੂਰੀ ਹੈ। ਇਸ ਦੇ ਲਈ ਸਾਨੂੰ ਰੁੱਖਾਂ ਦੀ ਮਹੱਤਤਾ ਨੂੰ ਸਮਝਣ 'ਤੇ ਜ਼ੋਰ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸੰਭਾਲ ਲਈ ਉਪਰਾਲਿਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜਿਵੇਂ ਕਿ ਰੁੱਖ ਲਗਾਉਣ ਦੀ ਮੁਹਿੰਮ, ਰੁੱਖ ਲਗਾਉਣ ਲਈ ਉਤਸ਼ਾਹਿਤ ਕਰਨਾ ਅਤੇ ਰੁੱਖ ਲਗਾਉਣ ਦੇ ਸਮਾਗਮਾਂ ਦਾ ਆਯੋਜਨ ਕਰਨਾ। ਬੋਹੜ, ਨਿੰਮ ਅਤੇ ਪਿੱਪਲ ਵਰਗੇ ਰੁੱਖਾਂ ਦੀ ਥਾਂ ਯੂਕੇਲਿਪਟਸ ਵਰਗੇ ਰੁੱਖ ਲਗਾਉਣ ਨਾਲ ਧਰਤੀ ਹੇਠਲੇ ਪਾਣੀ ਦਾ ਨਿਕਾਸ ਹੋ ਸਕਦਾ ਹੈ ਅਤੇ ਵਾਤਾਵਰਣ ਸੰਤੁਲਨ ਪ੍ਰਭਾਵਿਤ ਹੋ ਸਕਦਾ ਹੈ। ਸਥਾਨਕ ਰੁੱਖਾਂ ਦੀ ਸੁਰੱਖਿਆ ਅਤੇ ਪ੍ਰਸਾਰ ਮਹੱਤਵਪੂਰਨ ਹੈ ਤਾਂ ਜੋ ਕੁਦਰਤੀ ਸੰਤੁਲਨ ਬਣਾਈ ਰੱਖਿਆ ਜਾ ਸਕੇ। ਪਿੱਪਲ ਦੇ ਪੱਤਿਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਵੱਡੇ ਹੋਣ ਦੇ ਬਾਵਜੂਦ ਹਵਾ ਵਿੱਚ ਹੌਲੀ-ਹੌਲੀ ਘੁੰਮਦੇ ਰਹਿੰਦੇ ਹਨ, ਜਿਸ ਕਾਰਨ ਇਹ ਆਕਸੀਜਨ ਚੰਗੀ ਤਰ੍ਹਾਂ ਵੰਡਦੇ ਹਨ।

ਰੁੱਖਾਂ ਦੀ ਘਾਟ ਵਾਯੂਮੰਡਲ ਵਿੱਚ ਵਾਤਾਵਰਨ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਗਰਮੀਆਂ ਹੋਰ ਗਰਮ ਹੋ ਸਕਦੀਆਂ ਹਨ। ਇਸ ਨਾਲ ਪਾਣੀ ਦੀ ਵਾਸ਼ਪ ਦੀ ਮਾਤਰਾ ਵਧ ਸਕਦੀ ਹੈ, ਜੋ ਵਾਯੂਮੰਡਲ ਦੇ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜਦੋਂ ਵਾਯੂਮੰਡਲ ਵਿੱਚ ਆਕਸੀਜਨ ਦੀ ਕਮੀ ਹੁੰਦੀ ਹੈ ਤਾਂ ਤਾਪਮਾਨ ਵਧਦਾ ਹੈ ਅਤੇ ਗਰਮੀ ਵਧ ਜਾਂਦੀ ਹੈ। ਇਸ ਨਾਲ ਪਾਣੀ ਵਿੱਚ ਭਾਫ਼ ਬਣਨ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਇਹ ਵਾਤਾਵਰਨ ਸੰਤੁਲਨ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਸੰਕਟਕਾਲੀਨ ਸਥਿਤੀਆਂ ਪੈਦਾ ਕਰ ਸਕਦਾ ਹੈ, ਜੋ ਵਰਤਮਾਨ ਵਿੱਚ ਹੀਟ ਵੇਵ ਦਾ ਕਾਰਨ ਬਣ ਰਹੀਆਂ ਹਨ। ਤਾਪਮਾਨ ਰਿਕਾਰਡ ਪੱਧਰ 'ਤੇ ਵਧ ਰਿਹਾ ਹੈ ਅਤੇ ਭਿਆਨਕ ਮਾਹੌਲ ਪੈਦਾ ਕਰ ਰਿਹਾ ਹੈ।

ਬਗੀਚੇ ਨਾ ਸਿਰਫ਼ ਸਾਡੇ ਆਲੇ-ਦੁਆਲੇ ਹਰਿਆਲੀ ਨੂੰ ਉਤਸ਼ਾਹਿਤ ਕਰਦੇ ਹਨ, ਸਗੋਂ ਇਹ ਸਾਡੇ ਵਾਤਾਵਰਨ ਲਈ ਵੀ ਬਹੁਤ ਜ਼ਰੂਰੀ ਹਨ। ਇਨ੍ਹਾਂ ਨੂੰ ਖੇਡ ਦੇ ਮੈਦਾਨ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ, ਸਗੋਂ ਇਹ ਸਾਨੂੰ ਹਰਿਆਲੀ ਦੇ ਨਾਲ ਇੱਕ ਸਕਾਰਾਤਮਕ ਅਤੇ ਸਿਹਤਮੰਦ ਵਾਤਾਵਰਣ ਪ੍ਰਦਾਨ ਕਰਦੇ ਹਨ। ਇਸ ਲਈ ਸਾਨੂੰ ਆਪਣੇ ਵਾਤਾਵਰਨ ਪ੍ਰਤੀ ਸਾਵਧਾਨ ਅਤੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਬੋਹੜ, ਪਿੱਪਲ ਅਤੇ ਨਿੰਮ ਦੇ ਰੁੱਖ ਲਗਾ ਕੇ ਅਸੀਂ ਨਾ ਸਿਰਫ਼ ਆਪਣੇ ਵਾਤਾਵਰਨ ਨੂੰ ਸੁੰਦਰ ਬਣਾ ਸਕਦੇ ਹਾਂ, ਸਗੋਂ ਬਨਸਪਤੀ ਅਤੇ ਜੀਵਨ ਦੀ ਵਿਭਿੰਨਤਾ ਨੂੰ ਵੀ ਵਧਾ ਸਕਦੇ ਹਾਂ। ਇਹ ਇੱਕ ਪੁਰਾਤਨ ਅਤੇ ਬੁਨਿਆਦੀ ਸਿਧਾਂਤ ਹੈ, ਜਿਸ ਨੂੰ ਸਾਨੂੰ ਆਪਣੇ ਸਮਾਜ ਵਿੱਚ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ।

ਅਸੀਂ ਪਿੱਪਲ, ਨਿੰਮ ਅਤੇ ਬੋਹੜ ਵਰਗੇ ਰੁੱਖਾਂ ਨੂੰ ਧਰਤੀ ਦੇ ਰੱਖਿਅਕ ਮੰਨ ਸਕਦੇ ਹਾਂ, ਜਿਨ੍ਹਾਂ ਦੀ ਵੰਡ ਅਤੇ ਸੰਭਾਲ ਸਾਡੇ ਕੁਦਰਤੀ ਵਾਤਾਵਰਨ ਲਈ ਬਹੁਤ ਜ਼ਰੂਰੀ ਹੈ। ਇਸ ਲਈ ਸਾਨੂੰ ਇਨ੍ਹਾਂ ਦੀ ਸੰਭਾਲ ਲਈ ਆਪਣੀਆਂ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਰੁੱਖਾਂ ਦੀ ਕਟਾਈ ਸਾਡੇ ਵਾਤਾਵਰਨ ਅਤੇ ਸਮਾਜ ਨੂੰ ਪ੍ਰਭਾਵਿਤ ਕਰਦੀ ਹੈ। ਨਵੇਂ ਰੁੱਖ ਲਗਾਉਣ ਦੀ ਲੋੜ ਹੈ ਤਾਂ ਜੋ ਅਸੀਂ ਕੁਦਰਤੀ ਸੰਤੁਲਨ ਨੂੰ ਕਾਇਮ ਰੱਖ ਸਕੀਏ। ਇਸ ਲਈ ਸਾਨੂੰ ਰੁੱਖਾਂ ਦੀ ਕਟਾਈ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਅਤੇ ਨਵੇਂ ਰੁੱਖ ਲਗਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਦਰੱਖਤਾਂ ਦੀ ਕਟਾਈ ਕਰਕੇ ਰਿਹਾਇਸ਼ੀ ਕਾਲੋਨੀਆਂ ਬਣਾਈਆਂ ਜਾ ਰਹੀਆਂ ਹਨ, ਪਰ ਨਾ ਹੀ ਕੋਈ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਨਾ ਹੀ ਉਨ੍ਹਾਂ ਕੱਟੇ ਗਏ ਦਰੱਖਤਾਂ ਦੀ ਥਾਂ 'ਤੇ ਕਿੰਨੇ ਨਵੇਂ ਦਰੱਖਤ ਲਗਾਏ ਗਏ ਹਨ ਜਾਂ ਨਹੀਂ, ਇਸ ਗੱਲ 'ਤੇ ਵੀ ਕੋਈ ਪ੍ਰਭਾਵੀ ਕੰਟਰੋਲ ਨਹੀਂ ਕੀਤਾ ਜਾ ਰਿਹਾ ਕਿ ਰੁੱਖ ਲਗਾਉਣ ਦੀ ਮਹੱਤਤਾ ਸਾਡੇ ਲਈ ਹੀ ਨਹੀਂ ਹੈ, ਵਾਤਾਵਰਣ ਪਰ ਸਾਡੇ ਸਮਾਜ ਲਈ ਵੀ। ਇਹ ਇੱਕ ਪ੍ਰਾਚੀਨ ਅਤੇ ਬੁਨਿਆਦੀ ਸਿਧਾਂਤ ਹੈ, ਜਿਸ ਨੂੰ ਸਾਨੂੰ ਹਮੇਸ਼ਾ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਰੁੱਖ ਨਾ ਸਿਰਫ਼ ਸਾਨੂੰ ਹਵਾ ਦੀ ਸ਼ੁੱਧਤਾ ਪ੍ਰਦਾਨ ਕਰਦੇ ਹਨ, ਸਗੋਂ ਮਨੁੱਖਤਾ ਦੀ ਸਿਹਤ ਅਤੇ ਧਰਤੀ ਦੇ ਸੰਤੁਲਨ ਲਈ ਵੀ ਬਹੁਤ ਮਹੱਤਵਪੂਰਨ ਹਨ। ਇਸ ਲਈ ਸਾਨੂੰ ਉਨ੍ਹਾਂ ਦੀ ਸੁਰੱਖਿਆ ਅਤੇ ਸੁਰੱਖਿਆ ਪ੍ਰਤੀ ਜ਼ਿੰਮੇਵਾਰੀ ਵਧਾਉਣੀ ਚਾਹੀਦੀ ਹੈ।

***# ਸੰਪਰਕ : 70271-20349***

# ਅਮਰੀਕਾ 'ਚ ਬੰਦੂਕ ਸੱਭਿਆਚਾਰ ਪਾਲਿਸੀ ਹਿੰਸਕ ਘਟਨਾਵਾਂ ਲਈ ਜ਼ਿੰਮੇਵਾਰ



ਉਜਾਗਰ ਸਿੰਘ

ਸੰਸਾਰ ਵਿੱਚ ਸ਼ਾਂਤੀ ਸਥਾਪਤ ਕਰਨ ਦੇ ਦਮਗਜ਼ੇ ਮਾਰਨ ਵਾਲਾ ਅਮਰੀਕਾ ਆਪਣੇ ਦੇਸ਼ ਵਿੱਚ ਹੋ ਰਹੀਆਂ ਹਿੰਸਕ ਕਾਰਵਾਈਆਂ 'ਤੇ ਕਾਬੂ ਪਾਉਣ ਵਿੱਚ ਅਸਮਰਥ ਸਾਬਤ ਹੋ ਰਿਹਾ ਹੈ। ਅਮਰੀਕਾ ਨੂੰ ਦੁਨੀਆ ਦਾ ਸਭ ਤੋਂ ਜ਼ਿਆਦਾ ਵਿਕਸਤ ਤੇ ਖ਼ੁਸ਼ਹਾਲ ਦੇਸ਼ ਕਿਹਾ ਜਾਂਦਾ ਹੈ, ਪ੍ਰੰਤੂ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਲੋਕਾਂ ਦੇ ਨੱਕ ਵਿੱਚ ਦਮ ਲਿਆਂਦਾ ਪਿਆ ਹੈ। ਨੌਜਵਾਨ ਬੇਰੁਜ਼ਗਾਰੀ ਕਰਕੇ ਮਾਨਸਿਕ ਤਣਾਓ ਵਿੱਚ ਹਨ। ਇਸ ਕਰਕੇ ਉੱਥੋਂ ਦੇ ਸ਼ਹਿਰੀਆਂ ਵਿੱਚ ਅਸੰਤੁਸ਼ਟਤਾ ਹੈ। ਉਸ ਅਸੰਤੁਸ਼ਟਤਾ ਦੇ ਨਤੀਜੇ ਤੁਹਾਡੇ ਸਾਹਮਣੇ ਹਨ।

ਤਾਜ਼ਾ ਘਟਨਾਕ੍ਰਮ ਵਿੱਚ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਦੇ ਉਮੀਦਵਾਰ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਜੇ ਟਰੰਪ 'ਤੇ ਕਾਤਲਾਨਾ ਹਮਲਾ ਹੈ। ਡੋਨਾਲਡ ਜੇ ਟਰੰਪ ਨੂੰ ਘਾਗ ਅਤੇ ਦਬੰਗ ਸਿਆਸਤਦਾਨ ਕਿਹਾ ਜਾਂਦਾ ਹੈ। ਉਹ 8 ਨਵੰਬਰ 2016 ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਚੁਣੇ ਗਏ ਸਨ। ਨਵੰਬਰ 2020 ਵਿੱਚ ਉਹ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ, ਜੋ ਬਾਇਡਨ ਤੋਂ ਚੋਣ ਹਾਰ ਗਏ ਸਨ। ਚੋਣ ਹਾਰਨ ਤੋਂ ਬਾਅਦ ਉਨ੍ਹਾ ਜ਼ਬਰਦਸਤ ਇਕੱਠ ਕਰਕੇ ਜੋ ਬਾਇਡਨ ਦੀ ਚੋਣ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇੱਥੋਂ ਤੱਕ ਕਿ ਜ਼ਬਰਦਸਤੀ ਦਫ਼ਤਰ ਵਿੱਚ ਵੜਨ ਦੀ ਕੋਸ਼ਿਸ਼ ਕੀਤੀ ਸੀ। ਅਮਰੀਕਾ ਦੇ ਕਾਨੂੰਨ ਬੰਦੂਕ ਸੱਭਿਆਚਾਰ ਨੂੰ ਉਤਸ਼ਾਹਤ ਕਰਦੇ ਹਨ, ਜਿਸ ਕਰਕੇ ਅਮਰੀਕਾ ਵਿੱਚ ਹਿੰਸਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਦੇ 51 ਰਾਜਾਂ ਵਿੱਚ ਹਰ ਰੋਜ਼ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆ ਹਨ। ਸੰਸਾਰ ਵਿੱਚ ਜਿੰਨੀਆਂ ਵੀ ਦੇਸ਼ਾਂ ਦੀਆਂ ਆਪਸ ਵਿੱਚ ਖਹਿਬਾਜ਼ੀ ਕਰਕੇ ਜੰਗਾਂ ਹੁੰਦੀਆਂ ਹਨ ਤਾਂ ਅਮਰੀਕਾ ਇੱਕ ਪਾਸੇ ਖੜ੍ਹ ਜਾਂਦਾ ਹੈ। ਕਈ ਵਾਰ ਤਾਂ ਵੀਟੋ ਵਰਤ ਕੇ ਆਪਣੀ ਮਨਮਾਨੀ ਕਰਦਾ ਹੈ, ਪ੍ਰੰਤੂ ਆਪਣਾ ਦੇਸ਼ ਸੰਭਾਲ ਨਹੀਂ ਸਕਦਾ। ਇੱਥੋਂ ਦੇ ਨਾਗਰਿਕਾਂ ਨੂੰ ਦੇਸ਼ ਦੇ ਕਾਨੂੰਨਾਂ ਦਾ ਪਾਲਣਾ ਕਰਨ ਵਾਲੇ ਕਿਹਾ ਜਾਂਦਾ ਹੈ, ਪ੍ਰੰਤੂ ਅਮਰੀਕਾ ਵਿੱਚ ਨਸਲੀ ਵਿਤਕਰਿਆਂ ਵਿੱਚ ਵੀ ਵਾਧਾ ਹੋ ਰਿਹਾ ਹੈ, ਜਿਸ ਦਾ ਸੇਕ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਨੂੰ ਭੁਗਤਣਾ ਪੈ ਰਿਹਾ ਹੈ।

ਡੋਨਾਲਡ ਜੇ ਟਰੰਪ ਤੋਂ ਪਹਿਲਾਂ ਅਮਰੀਕਾ ਦੇ 11 ਰਾਸ਼ਟਰਪਤੀਆਂ 'ਤੇ ਕਾਤਲਾਨਾ ਹਮਲੇ ਹੋ ਚੁੱਕੇ ਹਨ। ਡੋਨਾਲਡ ਜੇ ਟਰੰਪ 12ਵੇਂ ਰਾਸ਼ਟਰਪਤੀ ਹਨ, ਜਿਨ੍ਹਾਂ 'ਤੇ ਕਾਤਲਾਨਾ ਹਮਲਾ ਹੋਇਆ ਹੈ। ਅਮਰੀਕਾ ਦੇ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਬੰਦੂਕ ਖ਼੍ਰੀਦ ਸਕਦਾ ਹੈ, ਉਸ ਨੂੰ ਕੋਈ ਲਾਈਸੈਂਸ ਵਗੈਰਾ ਲੈਣ ਦੀ ਲੋੜ ਨਹੀਂ ਅਤੇ ਨਾ ਹੀ ਕੋਈ ਉਸ ਦੇ ਚਰਿੱਤਰ ਦੀ ਪੁਲਸ ਵੈਰੀਫਿਕੇਸ਼ਨ ਦੀ ਲੋੜ ਹੁੰਦੀ ਹੈ। ਬੱਚੇ ਵੀ ਬੰਦੂਕ ਖ਼੍ਰੀਦ ਸਕਦੇ ਹਨ। ਘਰਾਂ ਦੇ ਡਰਾਇੰਗ ਰੂਮਜ਼ ਵਿੱਚ ਬੰਦੂਕਾਂ ਲਟਕਦੀਆਂ ਰਹਿੰਦੀਆਂ ਹਨ। ਇਸ ਕਰਕੇ ਹੀ ਲੱਗਭੱਗ ਹਰ ਰੋਜ਼ ਕਿਸੇ ਨਾ ਕਿਸੇ ਰਾਜ ਵਿੱਚ ਹਿੰਸਕ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਵਾਸ਼ਿੰਗਟਨ ਦੇ ਬਰਮਿੰਘਮ ਸ਼ਹਿਰ ਵਿੱਚ ਜਿਸ ਦਿਨ ਡੋਨਾਲਡ ਜੇ ਟਰੰਪ 'ਤੇ ਹਮਲਾ ਹੋਇਆ, ਉਸੇ ਦਿਨ ਨਾਈਟ ਕਲੱਬ ਵਿੱਚ 4 ਵਿਅਕਤੀ ਅਤੇ ਇਕ ਹੋਰ ਥਾਂ ਤਿੰਨ ਵਿਅਕਤੀ ਕੁਲ 7 ਲੋਕ ਵੱਖ-ਵੱਖ ਹਮਲਿਆਂ ਵਿੱਚ ਮਾਰੇ ਗਏ ਹਨ। ਇੱਥੋਂ ਤੱਕ ਕਿ ਸਕੂਲਾਂ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਅਤੇ ਸਾਥੀਆਂ ਨੂੰ ਸਕੂਲਾਂ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੰਦੇ ਹਨ। ਵਿਦਿਆਰਥੀ ਸਕੂਲਾਂ ਵਿੱਚ ਖਿਡੌਣਿਆਂ ਦੀ ਤਰ੍ਹਾਂ ਬੰਦੂਕਾਂ ਆਮ ਲਈ ਫਿਰਦੇ ਹਨ। ਬੱਚਿਆਂ ਦੇ ਜਨਮ ਦਿਨ ਉਤੇ ਉਨ੍ਹਾਂ ਦੇ ਮਾਪੇ ਅਤੇ ਹੋਰ ਰਿਸ਼ਤੇਦਾਰ ਬੰਦੂਕਾਂ ਤੋਹਫ਼ੇ ਵਜੋਂ ਦਿੰਦੇ ਹਨ।

2019 ਵਿੱਚ ਜਦੋਂ ਸਕੂਲਾਂ ਵਿੱਚ ਹੋਣ ਵਾਲੀਆਂ ਹਿੰਸਕ ਘਟਨਾਵਾਂ ਕਰਕੇ ਗੰਨ ਖ਼੍ਰੀਦਣ ਦੇ ਕਾਨੂੰਨ ਬਣਾਉਣ ਦੀ ਗੱਲ ਚੱਲੀ ਸੀ ਤਾਂ ਬੰਦੂਕ ਲਾਬੀ ਨੇ ਸਕੂਲਾਂ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਲਈ ਬੰਦੂਕਾਂ ਖ਼੍ਰੀਦਣ ਦੀ ਸਲਾਹ ਦਿੱਤੀ ਸੀ। ਅਮਰੀਕਾ ਦੀ ਬੰਦੂਕ ਲਾਬੀ ਏਨੀ ਭਾਰੂ ਹੈ ਕਿ ਕੋਈ ਵੀ ਸਿਆਸੀ ਪਾਰਟੀ ਬੰਦੂਕ ਖ਼੍ਰੀਦਣ ਲਈ ਕਾਨੂੰਨ ਬਣਾਉਣ ਦੀ ਹਿੰਮਤ ਹੀ ਨਹੀਂ ਕਰਦੀ। ਹਾਲਾਂਕਿ ਉਨ੍ਹਾਂ ਦੇ ਦੇਸ਼ ਵਿੱਚ ਹਿੰਸਕ ਘਟਨਾਵਾਂ ਲਗਾਤਾਰ ਵਧੀ ਜਾ ਰਹੀਆਂ ਹਨ। ਡੋਨਾਲਡ ਜੇ ਟਰੰਪ ਦੀ ਖ਼ੁਸ਼ਕਿਸਮਤੀ ਰਹੀ ਕਿ ਉਹ ਵਾਲ-ਵਾਲ ਬਚ ਗਏ ਤੇ ਗੋਲੀ ਉਨ੍ਹਾਂ ਦੇ ਸੱਜੇ ਕੰਨ ਨੂੰ ਜ਼ਖ਼ਮੀ ਕਰਦੀ ਅੱਗੇ ਲੰਘ ਗਈ। ਇਸ ਨੂੰ ਚਮਤਕਾਰੀ ਬਚਾਅ ਕਿਹਾ ਜਾ ਸਕਦਾ ਹੈ। ਗੋਲੀ ਲੱਗਣ ਤੋਂ ਬਾਅਦ ਜਦੋਂ ਸੁਰੱਖਿਆ ਦਸਤੇ ਡੋਨਾਲਡ ਜੇ ਟਰੰਪ ਨੂੰ ਬਾਹਰ ਲਿਜਾ ਰਹੇ ਸਨ ਤਾਂ ਟਰੰਪ ਉੱਚੀ ਉੱਚੀ ਬੜ੍ਹਕਾਂ ਮਾਰ ਰਹੇ ਸਨ। ਇਸ ਘਟਨਾ ਵਿੱਚ ਦੋ ਹੋਰ ਵਿਅਕਤੀ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਕੋਰੀ ਕੰਪੇਰਟੇਰ ਮਾਰਿਆ ਗਿਆ। ਕਾਤਲ ਦੀ ਕਾਰ ਵਿੱਚੋਂ ਵਿਸਫੋਟਕ ਪਦਾਰਥ ਬਰਾਮਦ ਹੋਇਆ ਹੈ। ਹਮਲਾਵਰ ਪੈਨੇਸਲਵਾਨੀਆ ਦੇ ਬੈਥਲ ਸ਼ਹਿਰ ਦਾ ਰਹਿਣ ਵਾਲਾ ਸੀ। ਹਮਲਾਵਰ ਥਾਮਸ ਮੈਥਿਊ ਕਰੁਕਸ ਨੇ 2022 ਵਿੱਚ ਬੈਥਲ ਪਾਰਕ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ ਅਤੇ ਕੌਮੀ ਗਣਿਤ ਤੇ ਸਾਇੰਸ ਦਾ 500 ਡਾਲਰ ਦਾ 'ਇਨੀਸੀਏਟਿਵ ਸਟਾਰ ਐਵਾਰਡ' ਹੋਰ ਵਿਦਿਆਰਥੀਆਂ ਨਾਲ ਪ੍ਰਾਪਤ ਕੀਤਾ ਸੀ। ਕਾਤਲ ਨੂੰ ਪੁਲਸ ਦੀ ਸੀਕਰਟ ਸਰਵਿਸ ਨੇ ਮੌਕੇ 'ਤੇ ਹੀ ਮਾਰ ਦਿੱਤਾ।

ਅਮਰੀਕਾ ਵਿੱਚ ਰਾਸ਼ਟਰਪਤੀ, ਸਾਬਕਾ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਉਮੀਦਵਾਰਾਂ 'ਤੇ ਹਮਲੇ ਹੋਣਾ ਕੋਈ ਨਵੀਂ ਗੱਲ ਨਹੀਂ। ਇਸ ਤੋਂ ਪਹਿਲਾਂ ਵੀ ਅਜਿਹੇ ਇੱਕ ਦਰਜਨ ਦੇ ਕਰੀਬ ਹਮਲੇ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਕੁਝ ਰਾਸ਼ਟਰਪਤੀ ਮਾਰੇ ਵੀ ਗਏ ਸਨ। ਸਭ ਤੋਂ ਪਹਿਲਾ ਹਮਲਾ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਅਬਰਾਹਿਮ ਲਿੰਕਨ 'ਤੇ 14 ਅਪ੍ਰੈਲ 1865 ਨੂੰ ਫੋਰਡ ਥੇਟਰ ਵਿੱਚ ਹੋਇਆ ਸੀ। ਇਹ ਹਮਲਾ ਜੌਹਨ ਵਿਲਕੀਸ ਬੂਥ ਨੇ ਅਬਰਾਹਿਮ ਲਿੰਕਨ ਵੱਲੋਂ ਕਾਲੇ ਲੋਕਾਂ ਦੇ ਹੱਕਾਂ ਦੀ ਸਪੋਰਟ ਕਰਨ ਕਰਕੇ ਕੀਤਾ ਸੀ, ਜਿਸ ਵਿੱਚ ਰਾਸ਼ਟਰਪਤੀ ਅਬਰਾਹਿਮ ਲਿੰਕਨ ਮਾਰੇ ਗਏ ਸਨ। ਕਾਤਲ ਵੀ 26 ਅਪ੍ਰੈਲ 1865 ਨੂੰ ਮਾਰਿਆ ਗਿਆ ਸੀ। ਜੇਮਜ਼ ਗੇਰਫੀਲਡ, ਜੋ 20ਵੇਂ ਰਾਸ਼ਟਰਪਤੀ ਸਨ, ਉਨ੍ਹਾਂ ਉਪਰ 2 ਜੁਲਾਈ 1881 ਨੂੰ ਵਾਸ਼ਿੰਗਟਨ ਟਰੇਨ ਸਟੇਸ਼ਨ ਵਿਖੇ ਚਾਰਲਸ ਗੁਟੇਊ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਦੇ ਜ਼ਖ਼ਮਾਂ ਵਿੱਚ ਇਨਫੈਕਸ਼ਨ ਹੋਣ ਤੋਂ ਬਾਅਦ ਸਤੰਬਰ 1881 ਵਿੱਚ ਸਵਰਗ ਸਿਧਾਰ ਗਏ ਸਨ। 6 ਸਤੰਬਰ 1901 ਨੂੰ ਅਮਰੀਕਾ ਦੇ 25ਵੇਂ ਰਾਸ਼ਟਰਪਤੀ ਵਿਲੀਅਮ ਮੈਕਨਿਲੇ ਨਿਊਯਾਰਕ ਦੇ ਬੁਫੈਲੋ ਵਿਖੇ ਲਿਓਨ ਜੋਲਕੋਜ਼ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਚਾਰ ਦਿਨ ਬਾਅਦ ਸਵਰਗ ਸਿਧਾਰ ਗਏ ਸਨ। ਲਿਓਨ ਜੋਲਕੋਜ਼ ਨੂੰ 29 ਅਕਤੂਬਰ 1901 ਨੂੰ ਫ਼ਾਂਸੀ ਦਿੱਤੀ ਗਈ ਸੀ। 32ਵੇਂ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ 'ਤੇ ਫਰਵਰੀ 1933 ਵਿੱਚ ਗੈਸਪ ਜੰਗਾਰਾ ਨੇ ਹਮਲਾ ਕੀਤਾ ਸੀ, ਜਿਸ ਵਿੱਚ ਰਾਸ਼ਟਰਪਤੀ ਦੀ ਜਾਨ ਬਚ ਗਈ ਸੀ, ਪ੍ਰੰਤੂ ਮੇਅਰ ਐਨਟਨ ਸੀਮਕ ਮਾਰੇ ਗਏ ਸਨ। ਬਾਅਦ ਵਿੱਚ ਕਾਤਲ ਨੂੰ ਫਾਂਸੀ ਹੋ ਗਈ ਸੀ। ਅਮਰੀਕਾ ਦੇ 33ਵੇਂ ਰਾਸ਼ਟਰਪਤੀ ਹੈਰੀ.ਐੱਸ.ਟਰੂਮੈਨ ਉਪਰ ਆਸਕਰ ਕਲਾਜ਼ੋ ਨੇ ਕਾਤਲਾਨਾ ਹਮਲਾ ਬਲੇਅਰ ਹਾਊਸ ਵਿਖੇ ਨਵੰਬਰ 1950 ਵਿੱਚ ਕੀਤਾ ਸੀ। ਇਸ ਹਮਲੇ ਵਿੱਚ ਰਾਸ਼ਟਰਪਤੀ ਬਚ ਗਏ ਸਨ। ਜੌਹਨ ਐੱਫ ਕੈਨੇਡੀ 35ਵੇਂ ਰਾਸ਼ਟਰਪਤੀ 'ਤੇ 22 ਨਵੰਬਰ 1963 ਨੂੰ ਟੈਕਸਾਸ ਦੇ ਡੱਲਾਸ ਸ਼ਹਿਰ ਵਿੱਚ ਲੀ ਹਾਰਵੇ ਓਸਵਾਲਡ ਨੇ ਕਾਤਲਾਨਾ ਹਮਲਾ ਕੀਤਾ, ਜਿਸ ਵਿੱਚ ਰਾਸ਼ਟਰਪਤੀ ਮਾਰੇ ਗਏ ਸਨ। ਦੋ ਦਿਨ ਬਾਅਦ ਕਾਤਲ ਵੀ ਮਰ ਗਿਆ ਸੀ। 38ਵੇਂ ਰਾਸ਼ਟਰਪਤੀ ਗਰਾਲਡ ਫੋਰਡ ਉਪਰ 1975 ਵਿੱਚ ਦੋ ਵਾਰੀ ਹਮਲੇ ਹੋਏ। ਉਹ ਦੋਵੇਂ ਵਾਰੀ ਬਚ ਗਏ। ਇਕ ਵਾਰ ਲੀਨੇਟੇ ਫਰੌਮੀ ਅਤੇ ਦੂਜੀ ਵਾਰ ਸਾਰਾ ਜਾਨੇ ਮੂਰਾ ਨੇ ਹਮਲੇ ਕੀਤੇ ਸਨ। ਅਮਰੀਕਾ ਦੇ 40ਵੇਂ ਰਾਸ਼ਟਰਪਤੀ ਰੋਨਾਲਡ ਰੀਗਨ 'ਤੇ 30 ਮਾਰਚ 1981 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਕਾਤਲਾਨਾ ਹਮਲਾ ਹੋਇਆ, ਪ੍ਰੰਤੂ ਉਹ ਵਾਲ-ਵਾਲ ਬਚ ਗਏ। 43ਵੇਂ ਰਾਸ਼ਟਰਪਤੀ ਜੌਰਜ ਡਵਲਯੂ ਬੁਸ਼ 'ਤੇ ਜਾਰਜੀਆ ਦੇ ਟਬੀਲਿਸਟ ਸ਼ਹਿਰ ਵਿਖੇ 2005 ਵਿੱਚ ਗਰਨੇਡ ਸੁੱਟਿਆ ਗਿਆ, ਜਿਸ ਵਿੱਚ ਉਹ ਬਚ ਗਏ। ਕਾਤਲ ਨੂੰ ਉਮਰ ਕੈਦ ਦੀ ਸਜ਼ਾ ਹੋਈ। ਰਾਸ਼ਟਰਪਤੀ ਦੇ ਉਮੀਦਵਾਰਾਂ 'ਤੇ ਹੋਏ ਹਮਲਿਆਂ ਵਿੱਚ ਡੋਨਾਲਡ ਟਰੰਪ ਤੀਜਾ ਉਮੀਦਵਾਰ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਦੇ ਦੋ ਉਮੀਦਵਾਰਾਂ ਤੇ ਵੀ ਹਮਲੇ ਹੋ ਚੁੱਕੇ ਹਨ। ਇਨ੍ਹਾਂ ਵਿੱਚ ਰਾਸ਼ਟਰਪਤੀ ਦੇ ਉਮੀਦਵਾਰ ਥਿਓਡੋਰੇ ਰੂਜ਼ਵੈਲਟ ਉਪਰ 1912 ਵਿੱਚ ਮਿਲਵਾਕੀ ਵਿਖੇ ਹਮਲਾ ਹੋਇਆ, ਪ੍ਰੰਤੂ ਉਹ ਬਚ ਗਏ। ਦੂਜੇ ਉਮੀਦਵਾਰ ਰਾਬਰਟ ਐਫ.ਕੈਨੇਡੀ ਉਪਰ 5 ਜੂਨ 1968 ਨੂੰ ਲਾਸ ਏਂਜਲਸ ਵਿਖੇ ਕਾਤਲਾਨਾ ਹਮਲਾ ਹੋਇਆ, ਜਿਸ ਵਿੱਚ ਰਾਸ਼ਟਰਪਤੀ ਮਾਰੇ ਗਏ।

12 ਰਾਸ਼ਟਰਪਤੀਆਂ 'ਤੇ ਹੋਏ ਹਮਲਿਆਂ ਵਿੱਚ 5 ਰਾਸ਼ਟਰਪਤੀ ਮਾਰੇ ਗਏ ਸਨ, 7 ਰਾਸ਼ਟਰਪਤੀ ਹਮਲਿਆਂ ਵਿੱਚ ਬਚ ਗਏ ਸਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਕਿਹਾ ਜਾਂਦਾ ਹੈ ਅਮਰੀਕਾ ਦੇ ਕਾਨੂੰਨ ਬੜੇ ਸਖ਼ਤ ਹਨ, ਪ੍ਰੰਤੂ ਬਹੁਤੇ ਹਮਲਾਵਰਾਂ ਨੂੰ ਸਜ਼ਾ ਨਹੀਂ ਹੋ ਸਕੀ। ਜੇ ਅਮਰੀਕਾ ਦੇ ਉੱਚ ਅਹੁਦਿਆਂ ਵਾਲੇ ਸੁਰੱਖਿਅਤ ਨਹੀਂ ਹਨ ਤਾਂ ਆਮ ਸ਼ਹਿਰੀਆਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ?

**# ਸੰਪਰਕ : 94178-13072**

CMYK

# ਏ ਆਈ ਵਾਈ ਐੱਫ ਤੇ ਏ ਆਈ ਐੱਸ ਐੱਫ ਵੱਲੋਂ ਹਰੀਕੇ ਹੈੱਡ ਤੋਂ ਪਾਣੀ ਸੰਭਾਲ ਮੁਹਿੰਮ ਦਾ ਆਗਾਜ਼

## ਪਾਣੀ 'ਤੇ ਰਾਜਨੀਤੀ ਕਰਨ ਦੀ ਬਜਾਏ ਪਾਣੀ ਸੰਭਾਲ ਨੀਤੀ ਬਣਾਈ ਜਾਵੇ : ਛਾਂਗਾ ਰਾਏ, ਧਰਮੂਵਾਲਾ




**ਹਰੀਕੇ (ਨਵਾਂ ਜ਼ਮਾਨਾ ਸਰਵਿਸ)**

ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ ਸਤਲੁਜ ਦਰਿਆ ਉੱਪਰ ਬਣੇ ਹਰੀ ਕੇ ਹੈੱਡ ਤੋਂ ਪਾਣੀ ਸੰਭਾਲ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਇਸ ਪਾਣੀ ਸੰਭਾਲ ਮੁਹਿੰਮ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਅਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ ਨੇ ਕੀਤੀ।

ਇਸ ਮੌਕੇ ਉਨ੍ਹਾਂ ਨਾਲ ਸਰਬ ਭਾਰਤ ਨੌਜਵਾਨ ਸਭਾ ਦੀ ਕੌਮੀ ਕੌਂਸਲ ਮੈਂਬਰ ਕਰਮਵੀਰ ਕੌਰ ਬੱਧਨੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਪਾਣੀ ਸੰਭਾਲ ਮੁਹਿੰਮ ਦੇ ਆਗਾਜ਼ ਮੌਕੇ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੈਂਕੜੇ ਕਾਰਕੁਨ ਤੇ ਆਗੂਆਂ ਨੇ ਸ਼ਹੀਦ ਭਗਤ ਸਿੰਘ ਦੀ ਫੋਟੋ ਵਾਲੀ ਬਨੇਗਾ ਟੀ ਸ਼ਰਟ ਪਹਿਨ ਕੇ ਸ਼ਮੂਲੀਅਤ ਕੀਤੀ।ਇਸ ਮੌਕੇ ਬਨੇਗਾ ਵਲੰਟੀਅਰਾਂ ਨੇ ਹਰੀ ਕੇ ਹੈੱਡ 'ਤੇ ਖੜ ਕੇ ਮਨੁੱਖੀ ਕੜੀ ਬਣਾ ਕੇ ਪਾਣੀ ਸੰਭਾਲ ਮੁਹਿੰਮ ਦਾ ਆਗਾਜ਼ ਕੀਤਾ।ਇਸ ਮੌਕੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਪਾਣੀ ਸੰਕਟ ਦਿਨੋਂ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ, ਪਰ ਮੌਕੇ ਦੀ ਸਰਕਾਰ ਤੇ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਪਾਣੀ ਬਚਾਉਣ ਦੇ ਨਾਮ 'ਤੇ ਸਿਰਫ ਰਾਜਨੀਤੀ ਹੀ ਕੀਤੀ ਜਾ ਰਹੀ ਹੈ, ਜਿਸ ਨਾਲ ਮੌਜੂਦਾ ਪਾਣੀ ਸੰਕਟ ਹੱਲ ਹੋਣ ਵਾਲਾ ਨਹੀਂ, ਇਸ ਲਈ ਅੱਜ ਪਾਣੀ ਤੇ ਰਾਜਨੀਤੀ ਨਹੀਂ ਸਗੋਂ ਪਾਣੀ ਦੀ ਸੰਭਾਲ ਦੀ ਠੋਸ ਨੀਤੀ ਬਣਾਉਣ ਦੀ ਸਖ਼ਤ ਜ਼ਰੂਰਤ ਹੈ।ਉਨ੍ਹਾਂ ਕਿਹਾ ਕੇ ਸਮੇਂ ਦੀਆਂ ਸਰਕਾਰਾਂ ਦੀ ਪਾਣੀ ਸੰਭਾਲ ਪ੍ਰਤੀ ਸੰਜੀਦਗੀ ਦੀ ਘਾਟ ਕਾਰਨ ਹੀ ਅੱਜ ਪੰਜਾਬ ਨੂੰ ਪਾਣੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਅੱਜ ਵੀ ਪੰਜਾਬ ਵਿੱਚ ਪਾਣੀ ਦੀ ਘਾਟ ਨਹੀਂ ਹੈ, ਸਗੋਂ ਹਰ ਸਾਲ ਬਾਰਸ਼ਾਂ ਦਾ ਅਰਬਾਂ ਘਨਮੀਟਰ ਪਾਣੀ ਸੁਚੱਜੀ ਸੰਭਾਲ ਦੀ ਘਾਟ ਕਾਰਨ ਹੜ੍ਹਾਂ ਦੇ ਰੂਪ ਵਿੱਚ ਸਾਡਾ ਭਾਰੀ ਨੁਕਸਾਨ ਕਰਦਾ ਹੈ ਅਤੇ ਬਾਕੀ ਵਿਅਰਥ ਚਲਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਅੱਜ ਸ਼ੁਰੂ ਕੀਤੀ ਪਾਣੀ ਸੰਭਾਲ ਮੁਹਿੰਮ ਪੰਜਾਬ ਵਿੱਚ ਪਾਣੀ ਸੰਕਟ ਦਾ ਵਿਗਿਆਨਕ ਹੱਲ ਪੇਸ਼ ਕਰਦੀ ਹੈ।ਉਨ੍ਹਾਂ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਅਗਸਤ 2002 ਵਿੱਚ ਪਟਿਆਲਾ ਕਨਵੈਨਸ਼ਨ ਵਿੱਚ ਪਾਸ ਕੀਤੇ ਇਤਿਹਾਸਕ 'ਪਾਣੀ ਦੀ ਸੰਭਾਲ' ਮਤੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿੱਚੋਂ ਲੰਘਦੇ 240 ਕਿਲੋਮੀਟਰ ਲੰਬੇ ਸਤਲੁਜ ਦਰਿਆ ਤੇ 1 ਕਿਲੋਮੀਟਰ ਅਤੇ 20 ਫੁੱਟ ਡੂੰਘੀਆਂ ਝੀਲਾਂ ਬਣਾ ਕੇ ਵਾਟਰ ਬੈਂਕ ਬਣਾਏ ਜਾਣ, ਜਿਸ ਨਾਲ ਬਾਰਸ਼ਾਂ ਦੇ ਪਾਣੀ ਨੂੰ ਹੜ੍ਹ ਪੈਦਾ ਕਰਨ ਤੇ ਵਿਅਰਥ ਜਾਣ ਤੋਂ ਰੋਕਿਆ ਜਾਂ ਸਕੇਗਾ ਅਤੇ ਇਨ੍ਹਾਂ ਵਾਟਰ ਬੈਂਕ ਝੀਲਾਂ ਨੂੰ ਮੱਛੀ ਪਾਲਣ, ਬਿਜਲੀ ਪੈਦਾ ਕਰਨ, ਸੈਰ ਸਪਾਟੇ ਲਈ, ਰੁਜ਼ਗਾਰ ਦੇ ਵਸੀਲੇ ਤੇ ਭੁਮੰਤਵੀਂ ਕੰਮਾਂ ਲਈ ਵਰਤਿਆ ਜਾ ਸਕੇਗਾ।

ਇਸ ਮੌਕੇ ਸੰਬੋਧਨ ਕਰਦਿਆਂ ਰਮਨ ਧਰਮੂਵਾਲਾ ਤੇ ਕਰਮਵੀਰ ਬੱਧਨੀ ਨੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਅੱਜ ਸ਼ੁਰੂ ਕੀਤੀ ਇਹ ਪਾਣੀ ਸੰਭਾਲ ਮੁਹਿੰਮ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ, ਸਕੂਲਾਂ, ਕਾਲਜਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਤੇ ਪਾਣੀ ਸੰਭਾਲ ਬਾਰੇ ਇੱਕ ਸੁਚੱਜੀ ਨੀਤੀ ਬਣਾਉਣ ਦੇ ਸੰਘਰਸ਼ ਨੂੰ ਹੋਰ ਤੇਜ਼ ਕਰੇਗੀ।ਆਗੂਆਂ ਨੇ ਪੰਜਾਬ ਦੇ ਬੁੱਧੀਜੀਵੀਆਂ, ਸੁਹਿਰਦ ਲੋਕਾਂ, ਕਿਸਾਨਾਂ, ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਪਾਣੀ ਸੰਭਾਲ ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਕਰਨ ਤਾਂ ਕਿ ਪੰਜਾਬ ਦੇ ਉੱਜਵਲ ਭਵਿੱਖ ਪਾਣੀ ਦੀ ਸੰਭਾਲ ਕਰਕੇ ਪੰਜਾਬ ਨੂੰ ਬਚਾਇਆ ਜਾ ਸਕੇ।ਆਗੂਆਂ ਨੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਦੇ ਵਾਤਾਵਰਨ ਤੇ ਪਾਣੀ ਨੂੰ ਗੰਧਲਾ ਕਰਨ ਵਾਲੀਆਂ ਫੈਕਟਰੀਆਂ ਤੇ ਮਨੁੱਖਾਂ ਖਿਲਾਫ ਸਖਤ ਤੋਂ ਸਖਤ ਸਜ਼ਾਵਾਂ ਵਾਲੇ ਕਾਨੂੰਨ ਬਣਾ ਕੇ ਅਮਲ ਵਿੱਚ ਲਾਗੂ ਕੀਤੇ ਜਾਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਵਿੰਦਰ ਸਿੰਘ ਕਾਕਾ, ਜ਼ਿਲ੍ਹਾ ਸਕੱਤਰ ਗੁਰਦਿਤ ਦੀਨਾ, ਇੰਦਰਜੀਤ ਦੀਨਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ, ਸਕੱਤਰ ਸਵਰਾਜ ਖੋਸਾ, ਜਸਪ੍ਰੀਤ ਕੌਰ ਬੱਧਨੀ, ਲਵਪ੍ਰੀਤ ਕੌਰ ਬੱਧਨੀ, ਪਵਨਦੀਪ ਕੌਰ ਬੱਧਨੀ, ਤਰਨਤਾਰਨ ਦੇ ਜ਼ਿਲ੍ਹਾ ਆਗੂ ਵਿਸ਼ਾਲ ਵਲਟੋਹਾ, ਗੁਰਪ੍ਰੀਤ ਸਿੰਘ, ਬੋਹੜ ਸਿੰਘ ਬੁੱਟਰ, ਸੁਰਿੰਦਰ ਬਾਮਣੀ ਵਾਲਾ, ਆਕਾਸ਼ ਬਾਹਮਣੀ ਵਾਲਾ, ਰਾਜ ਸਿੰਘ ਟਾਹਲੀ ਵਾਲਾ, ਨਵਜੋਤ ਕੌਰ, ਮਨਪ੍ਰੀਤ ਸਿੰਘ ਕੋਟ ਈਸੇ ਖਾਂ ਆਦਿ ਸ਼ਾਮਲ ਸਨ।

# ਸਿੰਘਾਂ ਵਾਲਾ ਦੇ 220 ਕੇ ਵੀ ਦੇ ਬਿਜਲੀ ਗਰਿੱਡ 'ਚ ਲੱਗੀ ਭਿਆਨਕ ਅੱਗ

## *ਕਈ ਪਿੰਡਾਂ ਦੇ ਨਾਲ-ਨਾਲ ਮੋਗਾ ਦੇ ਕੁੱਝ ਇਲਾਕਿਆਂ ਚ ਵੀ ਰਹੀ ਬਿਜਲੀ ਬੰਦ*



**ਪਿੰਡ ਸਿੰਘਾਂ ਵਾਲਾ ਦੇ 220 ਕੇ ਵੀ ਦੇ ਬਿਜਲੀ ਗਰਿੱਡ 'ਚ ਲੱਗੀ ਭਿਆਨਕ ਅੱਗ।**

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੇ ਪਿੰਡ ਸਿੰਘਾ ਵਾਲਾ ਦੇ 220 ਕੇਵੀ ਦੇ ਬਿਜਲੀ ਗਰਿੱਡ ਵਿੱਚ ਭਿਆਨਕ ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ 7 ਤੋਂ 8 ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਅਤੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਮੋਗਾ ਦੇ ਪਿੰਡ ਸਿੰਘਾਵਾਲਾ ਦੇ 220 ਕੇ ਵੀ 'ਚ ਭਿਆਨਕ ਅੱਗ ਲੱਗ ਗਈ, ਜਿਸ 'ਤੇ ਕਾਬੂ ਪਾਉਣ ਲਈ 7 ਤੋਂ 8 ਗੱਡੀਆਂ ਲੱਗੀਆਂ, ਅੱਗ ਇੰਨੀ ਭਿਆਨਕ ਸੀ ਕਿ ਇਸ 'ਤੇ ਕਾਬੂ ਪਾਉਣਾ ਲਗਭਗ 2-3 ਘੰਟੇ ਦੀ ਭਾਰੀ ਮੁਸ਼ੱਕਤ ਤੋਂ ਬਾਅਦ ਫਾਇਰ ਬ੍ਰਿਗੇਡ ਦੇ ਕਰਮਕਾਰੀਆਂ ਵੱਲੋਂ ਅੱਗ 'ਤੇ ਕਾਬੂ ਪਾਇਆ ਗਿਆ, ਇਸ ਭਿਆਨਕ ਅੱਗ ਨੂੰ ਬੁਝਾਉਣ ਲਈ ਮੋਗਾ, ਬਾਘਾ ਪੁਰਾਣਾ, ਜਗਰਾਓਂ, ਫਰੀਦਕੋਟ ਤੇ ਬਠਿੰਡਾ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾਈਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫਾਇਰ ਬ੍ਰਿਗੇਡ ਅਧਿਕਾਰੀ ਜਗਤਾਰ ਸਿੰਘ ਨੇ ਦੱਸਿਆ ਕਿ ਪਿੰਡ ਸਿੰਘਾਵਾਲਾ ਦੇ ਬਿਜਲੀ ਗਰਿੱਡ 'ਚ ਲੱਗੀ ਅੱਗ ਬਹੁਤ ਭਿਆਨਕ ਸੀ ਤੇ ਸਾਨੂੰ ਵੱਡਾ ਖਰਤਾ ਇਹ ਵੀ ਸੀ ਇਹ ਟ੍ਰਾਂਸਫਾਰਮ ਕਿਤੇ ਫਟ ਨਾ ਜਾਵੇ, ਜੇਕਰ ਇਸ ਤਰ੍ਹਾਂ ਦੀ ਪ੍ਰਸਥਿਤੀ ਹੁੰਦੀ ਤਾਂ ਅੱਗ ਬਝਾਉਣ ਵਿੱਚ ਵਧੇਰੇ ਮੁਸ਼ਕਲ ਆਉਣੀ ਸੀ।

# ਪਤਨੀ ਦਾ ਕੁਹਾੜੀ ਮਾਰ ਕੇ ਕਤਲ, ਮੁਲਜ਼ਮ ਕਾਬੂ

**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਪਿੰਡ ਹੌਜ਼ ਖਾਸ 'ਚ ਪਤੀ ਵੱਲੋਂ ਆਪਣੀ ਪਤਨੀ ਦਾ ਕੁਹਾੜੀ ਨਾਲ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ।ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਔਰਤ ਦਾ ਪਤੀ ਸ਼ਰਾਬ ਪੀਣ ਦਾ ਆਦੀ ਸੀ, ਜਿਸ ਨੇ ਖੇਤਾਂ 'ਚ ਕੰਮ ਕਰਦੇ ਸਮੇਂ ਉਸ ਦਾ ਕਤਲ ਕਰ ਦਿੱਤਾ।ਇਹ ਵੀ ਦੱਸਿਆ ਜਾ ਰਿਹਾ ਕਿ ਉਸ ਨੂੰ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਸੀ, ਜਿਸ ਕਾਰਨ ਉਨ੍ਹਾਂ ਦਾ ਅਕਸਰ ਝਗੜਾ ਹੁੰਦਾ ਰਹਿੰਦਾ ਸੀ ਅਤੇ ਕਈ ਵਾਰ ਉਸ ਨੇ ਉਸ ਦੀ ਕੁੱਟਮਾਰ ਵੀ ਕੀਤੀ ਸੀ। ਇਸ ਦੌਰਾਨ ਐਤਵਾਰ ਨੂੰ ਖੇਤਾਂ 'ਚ ਕੰਮ ਕਰਦੇ ਸਮੇਂ ਉਸ ਨੇ ਆਪਣੀ ਪਤਨੀ 'ਤੇ ਕੁਹਾੜੀ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ।ਇਸ ਤੋਂ ਬਾਅਦ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ।ਓਧਰ ਪੁਲਸ ਨੇ ਕੁਝ ਘੰਟਿਆਂ 'ਚ ਹੀ ਦੋਸ਼ੀ ਨੂੰ ਕਾਬੂ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਔਰਤ ਪਾਲੋ ਬਾਈ ਦੇ ਪੁੱਤਰ ਗੁਰਮੇਲ ਸਿੰਘ ਨੇ ਦੱਸਿਆ ਕਿ ਉਹ ਦੋ ਭਰਾ ਤੇ ਇੱਕ ਭੈਣ ਹੈ।ਉਸ ਦਾ ਪਿਤਾ ਸੁਖਦੇਵ ਸਿੰਘ ਸ਼ਰਾਬ ਪੀਣ ਦਾ ਆਦੀ ਹੈ।ਉਹ ਅਕਸਰ ਉਨ੍ਹਾਂ ਨਾਲ ਝਗੜਾ ਕਰਦਾ ਸੀ ਅਤੇ ਆਪਣੀ ਮਾਂ ਪਾਲੋ ਬਾਈ ਦੀ ਕੁੱਟਮਾਰ ਕਰਦਾ ਸੀ। ਐਤਵਾਰ ਸਵੇਰੇ ਉਸ ਦੀ ਮਾਂ ਖੇਤ ਵਿੱਚ ਝੋਨਾ ਲਗਾਉਣ ਲਈ ਪਨੀਰੀ ਪੁੱਟ ਰਹੀ ਸੀ।ਇਸੇ ਦੌਰਾਨ ਸ਼ਰਾਬ ਦੇ ਨਸ਼ੇ ਵਿੱਚ ਉਸ ਦੇ ਪਿਤਾ ਸੁਖਦੇਵ ਸਿੰਘ ਨੇ ਆ ਕੇ ਉਸ ਦੀ ਮਾਂ ਪਾਲੋਬਾਈ ਦਾ ਕੁਹਾੜੀ ਨਾਲ ਕਤਲ ਕਰ ਦਿੱਤਾ।ਮ੍ਰਿਤਕ ਦੇ ਪੁੱਤਰ ਨੇ ਆਪਣੇ ਪਿਤਾ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਡੀ ਐੱਸ ਪੀ



ਜਲਾਲਾਬਾਦ ਅੱਛਰੂ ਰਾਮ ਨੇ ਦੱਸਿਆ ਕਿ ਪੁਲਸ ਨੇ ਦੋਸ਼ੀ ਖਿਲਾਫ ਮੁਕੱਦਮਾ ਨੰਬਰ 84 ਮਿਤੀ 21-07-2024 ਜੁਰਮ 107 ਬੀ ਐੱਨ ਐੱਸ ਥਾਣਾ ਅਰਨੀਵਾਲਾ ਦਰਜ ਕਰਕੇ ਕਾਰਵਾਈ ਅਮਲ ਵਿੱਚ ਲਿਆਂਦੀ ਗਈ, ਜਿਸ ਤੋਂ ਬਾਅਦ ਦੋਸ਼ੀ ਨੂੰ ਕਾਬੂ ਕਰਨ ਲਈ ਵੱਖ ਵੱਖ ਟੀਮਾਂ ਬਣਾ ਕੇ ਉਸ ਦੇ ਟਿਕਾਣਿਆਂ 'ਤੇ ਰੇਡ ਕਰਕੇ ਉਸ ਨੂੰ ਘਟਨਾ ਤੋਂ ਕਰੀਬ 6 ਘੰਟੇ ਦੇ ਅੰਦਰ ਅੰਦਰ ਕਾਬੂ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।ਉਨ੍ਹਾਂ ਕਿਹਾ ਕਿ ਫਾਜ਼ਿਲਕਾ ਪੁਲਸ ਅਪਰਾਧ ਤੇ ਮਾੜੇ ਅਨਸਰਾਂ ਖਿਲਾਫ ਜ਼ੀਰੋ ਟੋਲਰੈਂਸ ਦੀ ਨੀਤੀ ਲਈ ਵਚਨਬੱਧ ਹੈ।ਜ਼ਿਲ੍ਹਾ ਫਾਜਿਲਕਾ ਦੀ ਹਦੂਦ ਅੰਦਰ ਕਿਸੇ ਵੀ ਸ਼ਰਾਰਤੀ ਅਨਸਰ ਵੱਲੋਂ ਕੋਈ ਵੀ ਅਪਰਾਧ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਉਸ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪਤਨੀ ਦਾ ਕਤਲ ਕਰਕੇ ਲਾਸ਼ ਨਹਿਰ 'ਚ ਸੁੱਟਣ ਵਾਲਾ ਪਤੀ ਗ੍ਰਿਫਤਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਪੁਲਸ ਨੇ ਕੁਝ ਦਿਨ ਪਹਿਲਾਂ ਪਿੰਡ ਰੱਤਾ ਰੇੜਾ ਪੰਜਾਬ ਸਿੰਘ ਵਾਲਾ ਘੱਲ ਖੁਰਦ ਵਿਚ ਆਪਣੀ ਪਤਨੀ ਦਾ ਕਤਲ ਕਰਕੇ ਉਸ ਦੀ ਲਾਸ਼ ਨੂੰ ਨਹਿਰ ਵਿੱਚ ਸੁੱਟਣ ਵਾਲੇ ਉਸ ਦੇ ਪਤੀ ਨੂੰ 48 ਘੰਟੇ ਵਿੱਚ ਕਾਰਵਾਈ ਕਰਦੇ ਹੋਏ ਐੱਸ ਐੱਸ ਪੀ ਸੌਮਿਆ ਮਿਸ਼ਰਾ ਦੀ ਅਗਵਾਈ ਹੇਠ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ ਪੀ ਇਨਵੈਸਟੀਗੇਸ਼ਨ ਰਨਧੀਰ ਕੁਮਾਰ ਨੇ ਦੱਸਿਆ ਕਿ ਥਾਣਾ ਘੱਲ ਖੁਰਦ ਵਿਖੇ 16 ਜੁਲਾਈ ਨੂੰ ਮੇਜਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਦਾਰਾਪੁਰ ਜ਼ਿਲ੍ਹਾ ਮੋਗਾ ਦੇ ਬਿਆਨਾਂ 'ਤੇ ਮੁਲਜ਼ਮ ਜਸਵੰਤ ਸਿੰਘ ਉਰਫ਼ ਨਿੱਕੂ ਪੁੱਤਰ ਓਂਕਾਰਪਾਲ ਸਿੰਘ ਦੇ ਖ਼ਿਲਾਫ਼ ਆਈਪੀਸੀ ਪਿੰਡ ਰੱਤਾ ਖੇੜਾ ਦੇ ਵਸਨੀਕ ਪੰਜਾਬ ਸਿੰਘ ਵਾਲਾ ਖਿਲਾਫ ਆਪਣੀ ਪਤਨੀ ਚਰਨਜੀਤ ਕੌਰ ਉਰਫ ਸੋਨੀ ਦਾ ਕਤਲ ਕਰਕੇ ਉਸ ਦੀ ਲਾਸ਼ ਨਹਿਰ ਵਿੱਚ ਸੁੱਟਣ ਦਾ ਮਾਮਲਾ ਦਰਜ ਕੀਤਾ ਸੀ।ਉਨ੍ਹਾਂ ਦੱਸਿਆ ਕਿ ਉਕਤ ਮਾਮਲੇ 'ਚ ਮ੍ਰਿਤਕ ਚਰਨਜੀਤ ਕੌਰ ਦੀ ਲਾਸ਼ ਪਿੰਡ ਰੁਕਨਾ ਬੇਗੂ ਨੇੜਿਓਂ ਬਰਾਮਦ ਹੋਈ ਹੈ।ਐੱਸ ਪੀ ਰਣਧੀਰ ਕੁਮਾਰ ਨੇ ਦੱਸਿਆ ਕਿ ਉਕਤ ਮਾਮਲੇ ਵਿਚ ਐੱਸ ਐੱਸ ਪੀ ਸੌਮਿਆ ਮਿਸ਼ਰਾ ਦੀਆਂ ਹਦਾਇਤਾਂ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਆਪਣੀ ਪਤਨੀ ਦਾ ਕਤਲ ਕਰਨ ਵਾਲੇ ਮੁਲਜ਼ਮ ਜਸਵੰਤ ਸਿੰਘ ਨੂੰ 48 ਘੰਟਿਆਂ ਵਿੱਚ ਗ੍ਰਿਫ਼ਤਾਰ ਕੀਤਾ ਹੈ।ਉਸ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਮੁਲਜ਼ਮ ਜਸਵੰਤ ਸਿੰਘ ਉਰਫ਼ ਨਿੱਕਾ 13 ਜੁਲਾਈ ਨੂੰ ਆਪਣੀ ਪਤਨੀ ਚਰਨਜੀਤ ਕੌਰ ਉਰਫ਼ ਸੋਨੀ ਨੂੰ ਆਪਣੀ ਐਕਟਿਵਾ 'ਤੇ ਪਿੰਡ ਦਾਰਾਪੁਰ ਤੋਂ ਆਪਣੇ ਪਿੰਡ ਦੇ ਖੇਤਾਂ 'ਚ ਬਣੇ ਮੋਟਰ ਵਾਲੇ ਕਮਰੇ 'ਚ ਲੈ ਗਿਆ ਸੀ ਅਤੇ ਉੱਥੇ ਉਸ ਦੇ ਹੱਥ ਤੇ ਮੂੰਹ ਬੰਨ੍ਹ ਕੇ ਗਲਾ ਘੁੱਟ ਕੇ ਉਸ ਦਾ ਕਤਲ ਕੀਤਾ ਸੀ, ਜਿਸ ਤੋਂ ਬਾਅਦ ਮੁਲਜ਼ਮ ਨੇ ਉਸ ਦੀ ਲਾਸ਼ ਨੂੰ ਐਕਟਿਵਾ 'ਤੇ ਰੱਖ ਕੇ ਪਿੰਡ ਮਾਣਾ ਸਿੰਘ ਵਾਲਾ ਨੇੜਿਓਂ ਲੰਘਦੀ ਨਹਿਰ 'ਚ ਸੁੱਟ ਦਿੱਤਾ।ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਉਸ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਕੁਝ ਹੋਰ ਸੁਰਾਗ ਹੱਥ ਲੱਗ ਸਕੇ।

# ਰਣਬੀਰ ਸਿੰਘ ਢਿੱਲੋਂ ਦੇ ਦੇਹਾਂਤ 'ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਜ਼ੀਰਾ (ਨਰਿੰਦਰ ਅਨੇਜਾ)**-ਮੁਲਾਜ਼ਮ ਘੋਲਾਂ ਵਿੱਚ ਤਿੱਖੇ ਸੰਘਰਸ਼ ਕਰਨ ਵਾਲੇ ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਤੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਰਣਬੀਰ ਸਿੰਘ ਢਿੱਲੋਂ ਦੇ ਸਦੀਵੀ ਵਿਛੋੜੇ 'ਤੇ ਮੁਲਾਜ਼ਮ ਜਥੇਬੰਦੀਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਨਵੀਨ ਸਚਦੇਵਾ, ਬਾਜ ਸਿੰਘ ਭੁੱਲਰ, ਸੁਖਜਿੰਦਰ ਸਿੰਘ ਖਾਨਪੁਰ, ਪਰਮਿੰਦਰ ਸਿੰਘ ਸੋਢੀ, ਰਾਜਬੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਰਣਬੀਰ ਸਿੰਘ ਢਿੱਲੋਂ ਨੇ ਸਮੇਂ ਦੀਆਂ ਸਰਕਾਰਾਂ ਨਾਲ ਸੰਘਰਸ਼ ਕਰਕੇ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਲਈ ਕੇਂਦਰੀ ਪੈਟਰਨ 'ਤੇ ਮਹਿੰਗਾਈ ਭੱਤਾ, ਮਕਾਨ ਕਰਾਇਆ ਭੱਤਾ, ਪੰਜਾਬ ਦੇ ਚੰਗੇ ਤਨਖਾਹ ਸਕੇਲ, ਕੇਂਦਰੀ ਪੈਟਰਨ ਸਕੂਲਾਂ ਨੂੰ ਤੋੜ ਕੇ ਪੰਜਾਬ ਦੇ ਸਕੂਲਾਂ ਦੀ ਵੱਖਰੀ ਪਛਾਣ ਬਣਾਉਣਾ ਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਪੰਜਾਬ ਦੇ ਮੁਲਾਜ਼ਮਾਂ ਨੂੰ ਲੈ ਕੇ ਦੇਣ ਲਈ ਤਿੰਨ ਵਾਰ ਮੁਅੱਤਲ ਅਤੇ ਦੋ ਵਾਰ ਟਰਮੀਨੇਟ ਹੋਏ।ਇਸ ਸਮੇਂ ਉਹ ਪੰਜਾਬ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ ਪੰਜਾਬ ਸਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680, ਸੈਕਟਰ 22 ਬੀ ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਤੇ ਆਲ ਇੰਡੀਆ ਸਟੇਟ ਇੰਪਲਾਈਜ਼ ਕਨਫੈਡਰੇਸ਼ਨ ਦੇ ਕੌਮੀ ਪ੍ਰਧਾਨ ਸਨ।ਉਨ੍ਹਾ ਦੇ ਅਸਹਿ ਵਿਛੋੜੇ 'ਤੇ ਸਮੁੱਚੇ ਮੁਲਾਜ਼ਮ ਭਾਈਚਾਰੇ ਨੇ ਦੁੱਖ ਦਾ ਪ੍ਰਗਟਾਵਾ ਕੀਤਾ, ਜਿਸ ਵਿੱਚ ਬਲਦੇਵ ਸਿੰਘ ਸੰਧੂ, ਜਗਦੇਵ ਸ਼ਰਮਾ, ਗੁਰਪਾਲ ਜੀਰਵੀ, ਭੁਪਿੰਦਰ ਸਿੰਘ, ਹਰਦੀਦਾਰ ਸਿੰਘ, ਗੌਰਮਿੰਟ ਟੀਚਰ ਯੂਨੀਅਨ ਦੇ ਸੂਬਾਈ ਆਗੂ ਬਲਵਿੰਦਰ ਸਿੰਘ ਭੁੱਟੋ, ਪ੍ਰਧਾਨ ਰਾਜੀਵ ਹਾਂਡਾ, ਡੀਟੀਐੱਫ ਦੇ ਪ੍ਰਧਾਨ ਬਲਰਾਮ ਸ਼ਰਮਾ, ਮਨਿਸਟਰੀਅਲ ਸਟਾਫ ਦੇ ਪ੍ਰਧਾਨ ਵਰਨ ਕੁਮਾਰ, ਕਰਮਜੀਤ ਸਿੰਘ, ਮਾਨ ਸਿੰਘ, ਪ੍ਰਿੰਸੀਪਲ ਮੁਖਤਿਆਰ ਸਿੰਘ, ਪ੍ਰਿੰਸੀਪਲ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ, ਸਾਬਕਾ ਡੀ ਓ ਚਮਕੌਰ ਸਿੰਘ ਸਰਾਂ, ਪ੍ਰਿੰਸੀਪਲ ਕਰਮਜੀਤ ਸਿੰਘ ਜੋਸ਼ਨ, ਗੁਰਮੀਤ ਸਿੰਘ ਸੰਧੂ, ਸਰਬਜੀਤ ਸਿੰਘ ਭਾਵੜਾ, ਲੈਕਚਰਾਰ ਯੂਨੀਅਨ ਦੇ ਪ੍ਰਧਾਨ ਮਲਕੀਤ ਸਿੰਘ ਜੋਸਨ, ਕੰਪਿਊਟਰ ਯੂਨੀਅਨ ਦੇ ਪ੍ਰਧਾਨ ਦਵਿੰਦਰ ਸਿੰਘ ਸੰਧੂ, ਬਲਵਿੰਦਰ ਸਿੰਘ ਮੁਲਤਾਨੀ, ਸੰਜੀਵ ਬਜਾਜ, ਨੀਰਜ ਕੁਮਾਰ, ਮੁੱਖ ਅਧਿਆਪਕ ਅਰਵਿੰਦਰ ਸਿੰਘ, ਦਿਨੇਸ਼ ਸ਼ਰਮਾ, ਗੁਰਪ੍ਰੀਤ ਸਿੰਘ, ਨਸੀਬ ਸ਼ਰਮਾ, ਜਿੰਦਰ ਪਾਇਲਟ, ਹਰਪ੍ਰੀਤ ਸਿੰਘ ਬੈਂਸ, ਗੁਰਸ਼ਾਮ ਸਿੰਘ, ਸੰਜੀਵ ਸਚਦੇਵਾ, ਰਣ ਸਿੰਘ, ਤੇਜਿੰਦਰ ਸਿੰਘ, ਬਲਜਿੰਦਰ ਸਿੰਘ ਮੱਖੂ, ਅਵਤਾਰ ਸਿੰਘ ਆਦਿ ਨੇ ਰਣਬੀਰ ਸਿੰਘ ਢਿੱਲੋਂ ਦੀ ਮੌਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਆ ਅਤੇ ਉਨ੍ਹਾਂ ਦੇ ਜਾਣ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ।

# ਪਾਤੜਾਂ ਪੁਲਸ ਵੱਲੋਂ ਕਾਰ ਚੋਰ ਗਰੋਹ ਦਾ ਪਰਦਾ ਫਾਸ਼, ਚੋਰੀ ਦੀ ਕਾਰ ਸਮੇਤ ਕਾਬੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਿਟੀ ਪੁਲਸ ਨੇ ਸ਼ਹਿਰ ਵਿੱਚੋਂ ਚੋਰੀ ਹੋਈ ਇੱਕ ਕਾਰ ਦੇ ਮਾਮਲੇ ਦੀ ਪੜਤਾਲ ਦੌਰਾਨ ਕਾਰ ਚੋਰ ਗਰੋਹ ਦਾ ਪਰਦਾਫਾਸ਼ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਇਸ ਦੌਰਾਨ ਪੁਲਸ ਨੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਤੋਂ ਸਖਤੀ ਨਾਲ ਕੀਤੀ ਗਈ ਪੁੱਛ ਪੜਤਾਲ ਦੇ ਆਧਾਰ 'ਤੇ ਤਿੰਨ ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਜਾਣਕਾਰੀ ਦਿੰਦਿਆਂ ਸਿਟੀ ਪੁਲਸ ਪਾਤੜਾਂ ਦੇ ਇੰਚਾਰਜ ਕਰਨੈਲ ਸਿੰਘ ਨੇ ਦੱਸਿਆ ਕਿ 10 ਫਰਵਰੀ 2024 ਨੂੰ ਸ਼ਹਿਰ ਦੇ ਜਾਖਲ ਰੋਡ ਵਾਸੀ ਸੰਦੀਪ ਸਿੰਗਲਾ ਵੱਲੋਂ ਉਸ ਦੀ ਕਾਰ ਚੋਰੀ ਹੋਣ ਸਬੰਧੀ ਪੁਲਸ ਨੂੰ ਸ਼ਿਕਾਇਤ ਕੀਤੀ ਗਈ ਸੀ, ਜਿਸ ਦੀ ਪੜਤਾਲ ਦੌਰਾਨ 20 ਜੁਲਾਈ ਨੂੰ ਮੁਖਬਰ ਤੋਂ ਸੂਚਨਾ ਮਿਲੀ ਕਿ ਕੋਈ ਵਿਅਕਤੀ ਕਾਰ ਲੈ ਕੇ ਪਾਤੜਾਂ ਵੱਲ ਆ ਰਿਹਾ ਹੈ, ਜਿਸ 'ਤੇ ਸਹਾਇਕ ਥਾਣੇਦਾਰ ਤੇਜਾ ਸਿੰਘ ਦੀ ਅਗਵਾਈ ਵਿੱਚ ਪੁਲਸ ਪਾਰਟੀ ਨੇ ਨਰਵਾਣਾ ਰੋਡ ਬਾਈਪਾਸ ਹੇਠਾਂ ਨਾਕੇਬੰਦੀ ਕਰਕੇ ਚੋਰੀ ਹੋਈ ਕਾਰ ਨੰਬਰ ਐੱਚ ਆਰ 22 ਕਿਊ 6376 ਮਾਰਕਾ ਲੀਵਾ ਨੂੰ ਬਰਾਮਦ ਕਰਦਿਆਂ ਮਨਦੀਪ ਸਿੰਘ ਵਾਸੀ ਘਰੰਡੀ ਰੂਪਾਂਵਾਲੀ, ਥਾਣਾ ਟੋਹਾਣਾ ਜ਼ਿਲ੍ਹਾ ਫਤਿਹਾਬਾਦ (ਹਰਿਆਣਾ) ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਦੱਸਿਆ ਕਿ ਸਖਤੀ ਨਾਲ ਕੀਤੀ ਗਈ ਪੁੱਛ ਪੜਤਾਲ ਮਗਰੋਂ ਕੁਲਦੀਪ ਸ਼ਹਿਰਾਵਤ ਵਾਸੀ ਪਿੰਡ ਬਿਠਮੜਾ, ਥਾਣਾ ਉਕਲਾਣਾ ਜ਼ਿਲ੍ਹਾ ਹਿਸਾਰ ਹਾਲ ਆਬਾਦ ਸੈਕਟਰ 25 ਪੰਚਕੂਲਾ (ਹਰਿਆਣਾ) ਅਤੇ ਨਰੇਸ਼ ਨੈਨ ਵਾਸੀ ਪਿੰਡ ਖਰੜਵਾਲ ਜ਼ਿਲ੍ਹਾ ਜੀਂਦ, ਹਾਲ ਆਬਾਦ ਸੈਕਟਰ 26 ਪੰਚਕੂਲਾ (ਹਰਿਆਣਾ) ਨੂੰ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ।ਉਨ੍ਹਾਂ ਦਾਅਵਾ ਕੀਤਾ ਹੈ ਕਿ ਦੋਵੇਂ ਕਥਿਤ ਦੋਸ਼ੀਆਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।ਮਾਮਲੇ ਦੀ ਪੜਤਾਲ ਮਗਰੋਂ ਹੋਰ ਖੁਲਾਸੇ ਹੋਣ ਦੀਆਂ ਸੰਭਾਵਨਾਵਾਂ ਹਨ।

# ਬੀ ਐੱਸ ਐੱਫ ਵੱਲੋਂ 492 ਗ੍ਰਾਮ ਹੈਰੋਇਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤ-ਪਾਕਿ ਅੰਤਰਰਾਸ਼ਟਰੀ ਸਰਹੱਦ 'ਤੇ ਤੈਨਾਤ ਬੀਐੱਸਐੱਫ ਦੇ ਜਵਾਨਾਂ ਨੇ ਸੂਚਨਾ ਦੇ ਆਧਾਰ 'ਤੇ ਪਿੰਡ ਚੱਕ ਭੰਗੇ ਵਾਲਾ ਵਿਖੇ ਸਰਚ ਅਭਿਆਨ ਚਲਾ ਕੇ ਪਾਕਿਸਤਾਨੀ ਸਮੱਗਲਰਾਂ ਵੱਲੋਂ ਭੇਜੀ ਗਈ ਹੈਰੋਇਨ ਦੀ ਖੇਪ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੋੜਾਂ ਵਿੱਚ ਦੱਸੀ ਜਾਂਦੀ ਹੈ।ਜਾਣਕਾਰੀ ਦਿੰਦਿਆਂ ਬੀ ਐੱਸ ਐੱਫ ਅਧਿਕਾਰੀਆਂ ਨੇ ਦੱਸਿਆ ਕਿ ਬੀ ਐੱਸ ਐੱਫ ਅਧਿਕਾਰੀਆਂ ਨੂੰ ਸੂਚਨਾ ਮਿਲੀ ਸੀ ਕਿ ਪਾਕਿ ਸਮੱਗਲਰਾਂ ਵੱਲੋਂ ਪਿੰਡ ਭੰਗੇਵਾਲਾ ਰਾਹੀਂ ਹੈਰੋਇਨ ਭੇਜੀ ਗਈ ਹੈ।

ਬੀ ਐੱਸ ਐੱਫ ਦੇ ਜਵਾਨਾਂ ਨੇ ਕਾਰਵਾਈ ਕਰਦੇ ਹੋਏ ਪਿੰਡ ਭੰਗੇਵਾਲਾ 'ਚ ਤਲਾਸ਼ੀ ਮੁਹਿੰਮ ਚਲਾਉਂਦੇ ਹੋਏ ਪੀਲੇ ਪੈਕਟ 'ਚ ਲਪੇਟੀ 492 ਗ੍ਰਾਮ ਹੈਰੋਇਨ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ, ਜਦਕਿ ਇਸ ਪੈਕਟ ਦੇ ਨਾਲ ਬੀ ਐੱਸ ਐੱਫ ਦੇ ਜਵਾਨਾਂ ਨੂੰ ਇੱਕ ਲੋਹੇ ਦੀ ਮੁੰਦਰੀ ਵੀ ਬਰਾਮਦ ਹੋਈ ਹੈ।ਬੀ ਐੱਸ ਐੱਫ ਅਧਿਕਾਰੀਆਂ ਨੇ ਦੱਸਿਆ ਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਉਕਤ ਹੈਰੋਇਨ ਕਿਹੜੇ ਸਮੱਗਲਰਾਂ ਵੱਲੋਂ ਭੇਜੀ ਗਈ ਸੀ ਅਤੇ ਇਸ ਦੀ ਡਲਿਵਰੀ ਹੋਰ ਕਿਸ ਨੂੰ ਕਰਨੀ ਸੀ।



# ਲੰਡਨ 'ਚ ਅਦਬੀ ਮੇਲੇ ਦਾ ਸ਼ਾਨਦਾਰ ਆਗਾਜ਼

## ਅੰਤਰਰਾਸ਼ਟਰੀ ਕਵੀ ਦਰਬਾਰ 'ਚ ਕਵੀਆਂ ਨੇ ਬੰਨ੍ਹਿਆ ਰੰਗ



**ਮਾਨਸਾ (ਆਤਮਾ ਸਿੰਘ ਪਮਾਰ)**

ਲੰਡਨ ਵਿਖੇ 'ਅਦਬੀ ਮੇਲੇ 2024' ਦਾ ਅੱਜ ਸ਼ਾਨਦਾਰ ਆਗਾਜ਼ ਹੋਇਆ।ਮੇਲੇ ਦੇ ਮੁੱਖ ਪ੍ਰਬੰਧਕਾਂ ਵਿੱਚੋਂ ਅਜ਼ੀਮ ਸ਼ੇਖਰ ਨੇ ਸਭਨਾਂ ਮਹਿਮਾਨਾਂ ਦਾ ਸੁਆਗਤ ਕਰਦਿਆਂ ਦਾਅਵਾ ਕੀਤਾ ਕਿ ਇਹ ਮੇਲਾ ਅੰਤਰਰਾਸ਼ਟਰੀ ਪੱਧਰ 'ਤੇ ਵਿਲੱਖਣ ਪੈੜਾਂ ਛੱਡੇਗਾ। ਰਾਜਿੰਦਰਜੀਤ ਨੇ ਮੇਲੇ ਦੀ ਰੂਪ-ਰੇਖਾ ਦਰਸ਼ਕਾਂ ਨਾਲ਼ ਸਾਂਝੀ ਕੀਤੀ।ਇਸ ਤੋਂ ਬਾਅਦ ਮੇਲੇ ਦਾ ਆਗਾਜ਼ ਪੰਜਾਬੀ ਲੋਕ ਰੰਗ (ਲੰਮੀ ਹੇਕ ਦੇ ਗੀਤ) ਕੁਲਵੰਤ ਕੌਰ ਢਿੱਲੋਂ, ਨਸੀਬ, ਪਰਮਜੀਤ ਕੌਰ ਸੰਧਾਵਾਲੀਆ, ਰਾਜਿੰਦਰ ਕੌਰ ਤੇ ਮਨਜੀਤ ਕੌਰ ਪੱਡਾ ਵੱਲੋਂ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਸੈਸ਼ਨ ਦੇ ਅਗਲੇ ਦੌਰ ਵਿੱਚ ਮੁੱਖ ਭਾਸ਼ਣ ਡਾ. ਜਸਵਿੰਦਰ ਸਿੰਘ ਵੱਲੋਂ ਸਮਕਾਲੀ ਪੰਜਾਬੀ ਅਦਬ ਦਾ ਵਿਸ਼ਵੀ ਮੁਹਾਂਦਰਾ ਤੇ ਵੰਗਾਰਾਂ 'ਤੇ ਦਿੱਤਾ।ਇਸ ਤੋਂ ਬਾਅਦ ਉੱਘੇ ਸ਼ਾਇਰ ਬਾਬਾ ਨਜ਼ਮੀ ਨੇ 'ਅਸੀਸ' ਦਿੱਤੀ।ਇਸ ਸੈਸ਼ਨ ਦਾ ਸੰਚਾਲਨ ਸ਼ਾਇਰਾ ਦਲਵੀਰ ਕੌਰ ਵੱਲੋਂ ਕੀਤਾ ਗਿਆ।ਅਗਲਾ ਸੈਸ਼ਨ ਚਿੰਤਨੀ ਸੈਸ਼ਨ ਸੀ, ਜਿਸ ਦਾ ਵਿਸ਼ਾ : ਗਲੋਬਲੀ ਦੌਰ ਵਿੱਚ ਪੰਜਾਬੀ ਭਾਸ਼ਾ : ਚੁਣੌਤੀਆਂ ਤੇ ਸੰਭਾਨਾਵਾਂ, ਸਾਮਰਾਜੀ ਮਨਸੂਬੇ ਬਨਾਮ ਲੋਕ ਮੁਕਤੀ ਦਾ ਸਮਕਾਲੀ ਅਦਬੀ ਪ੍ਰਸੰਗ ਸੀ। ਇਸ ਦੇ ਬੁਲਾਰੇ ਕਰਮਵਾਰ ਡਾ. ਕੁਲਦੀਪ ਸਿੰਘ ਦੀਪ ਤੇ ਡਾ. ਧਨਵੰਤ ਕੌਰ ਸਨ ਅਤੇ ਸੰਚਾਲਨ ਗੁਰਨਾਮ ਗਰੇਵਾਲ ਤੇ ਸੰਯੋਜਕ ਦਰਸ਼ਨ ਬੁਲੰਦਵੀ ਸਨ। ਤੀਸਰੇ ਸੈਸ਼ਨ ਵਿੱਚ ਮਿਆਰੀ ਪਰਚੇ 'ਤਾਸਮਨ' ਦਾ ਪਰਵਾਸੀ ਅੰਕ ਨੂੰ ਲੋਕ ਅਰਪਣ ਕੀਤਾ ਗਿਆ। ਇਸੇ ਸੈਸ਼ਨ ਦੇ ਅਗਲੇ ਦੌਰ ਵਿੱਚ ਅੰਤਰਰਾਸ਼ਟਰੀ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਦੁਨੀਆ ਭਰ ਤੋਂ ਤੀਹ ਕਵੀਆਂ ਨੇ ਕਵਿਤਾ ਪਾਠ ਕੀਤਾ ਗਿਆ; ਇਸ ਨੂੰ ਸਰੋਤਿਆਂ ਵੱਲੋਂ ਖੂਬ ਹੁੰਗਾਰਾ ਮਿਲਿਆ। ਇਸ ਦਾ ਸੰਚਾਲਨ ਮਨਜੀਤ ਪੁਰੀ ਤੇ ਪਰਮਜੀਤ ਦਿਓਲ ਵੱਲੋਂ ਕੀਤਾ ਗਿਆ।ਦਿਨ ਦੇ ਆਖ਼ਰ ਵਿੱਚ 'ਰੰਗਮੰਚ ਦਾ ਰੰਗ' ਅਧੀਨ ਨਾਟਕ : ਗੁੰਮਸ਼ੁਦਾ ਔਰਤ' ਲੇਖਕ ਸ਼ਬਦੀਸ਼ ਤੇ ਅਦਾਕਾਰ ਤੇ ਨਿਰਦੇਸ਼ਨ ਅਨੀਤਾ ਸ਼ਬਦੀਸ਼ ਵੱਲੋਂ ਖੇਡਿਆ ਗਿਆ, ਜਿਸ ਨੂੰ ਦਰਸ਼ਕਾਂ ਖੂਬ ਸਲਾਹਿਆ ਗਿਆ।ਇਸ ਦਾ ਸੰਚਾਲਨ ਰੂਪ ਦਵਿੰਦਰ ਵੱਲੋਂ ਕੀਤਾ ਗਿਆ।

# ਕਿਸਾਨਾਂ ਦੀਆਂ ਮੁਸ਼ਕਲਾਂ ਦਾ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਕੀਤਾ ਜਾਵੇਗਾ ਹੱਲ : ਖੇਤੀਬਾੜੀ ਮੰਤਰੀ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਉਨ੍ਹਾਂ ਅੱਜ ਆਪਣੇ ਗ੍ਰਹਿ ਖੁੱਡੀਆਂ ਵਿਖੇ ਪ੍ਰੈੱਸ ਕਾਨਫਰੰਸ ਕੀਤੀ। ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦੇ ਹੋਏ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਦੇ ਬਾਰਡਰਾਂ 'ਤੇ ਬੈਠੇ ਕਿਸਾਨਾਂ ਦੇ ਮੁੱਦਿਆਂ ਨੂੰ ਕੇਂਦਰੀ ਮੰਤਰੀ ਨੇ ਸਰਕਾਰ ਨਾਲ ਗੱਲ ਕਰ ਕੇ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾ ਕਿਹਾ ਕਿ ਪਰਾਲੀ ਦਾ ਮੁੱਦਾ ਗੰਭੀਰ ਹੈ ਤੇ ਪਰਾਲੀ ਦੀ ਸਾਂਭ ਸੰਭਾਲ ਲਈ ਕਿਸਾਨਾਂ ਨੂੰ ਸਿੱਧੇ ਪੈਸੇ ਦੇਣ 'ਤੇ ਵਿਚਾਰ ਕਰਨ ਦੀ ਗੱਲ ਕੀਤੀ, ਜਿਸ ਲਈ ਪੰਜਾਬ ਸਰਕਾਰ ਨੇ 500 ਕਰੋੜ ਰੁਪਏ ਰਾਖਵੇਂ ਰੱਖੇ ਜਾਣ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਕ੍ਰਿਸ਼ੀ ਯੋਜਨਾ ਦਾ ਪਿਆ ਫੰਡ ਕੇਂਦਰ ਸਰਕਾਰ ਨੂੰ ਜਲਦ ਰਿਲੀਜ਼ ਕਰਨ ਦੀ ਮੰਗ ਰੱਖੀ ਗਈ ਅਤੇ ਉਨ੍ਹਾਂ ਨੇ ਜਲਦ ਦੇਣ ਦਾ ਭਰੋਸਾ ਦਿੱਤਾ। ਉਨ੍ਹਾ ਕਿਹਾ ਕਿ ਜੇਕਰ ਕਿਸਾਨ ਝੋਨੇ ਦੀ ਫ਼ਸਲ ਤੋਂ ਇਲਾਵਾ ਹੋਰ ਫ਼ਸਲਾਂ ਵੱਲ ਧਿਆਨ ਦਿੰਦਾ ਹੈ ਤਾਂ ਉਨ੍ਹਾਂ ਕਿਸਾਨਾਂ ਨੂੰ ਸਰਕਾਰ ਵੱਲੋਂ ਫੰਡ ਮੁਹੱਈਆ ਕਰਵਾਇਆ ਜਾਵੇਗਾ।

# ਕੇਂਦਰੀ ਜੇਲ੍ਹ 'ਚ ਕੈਦੀ ਵੱਲੋਂ ਜੇਲ੍ਹ ਹੈੱਡ ਵਾਰਡਰ 'ਤੇ ਹਮਲਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਕੇਂਦਰੀ ਜੇਲ੍ਹ ਗੋਇੰਦਵਾਲ ਤੋਂ ਤਬਦੀਲ ਹੋ ਕੇ ਆਏ ਕੈਦੀ ਨੇ ਜੇਲ੍ਹ ਵਾਰਡਰ 'ਤੇ ਹਮਲਾ ਕਰਕੇ ਜ਼ਖਮੀਂ ਕਰ ਦਿੱਤਾ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਉਕਤ ਕੈਦੀ ਖਿਲਾਫ 42 ਪਰੀਸੰਨਜ਼ ਐਕਟ 132, 221, 121 (1) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਸਰਵਨ ਸਿੰਘ ਨੇ ਦੱਸਿਆ ਕਿ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀ ਸਾਜਨ ਨਾਇਰ ਪੁੱਤਰ ਵਿਜੈ ਕੁਮਾਰ ਵਾਸੀ ਹਾਊਸ ਨੰਬਰ 3794 ਗਲੀ ਨੰਬਰ 1 ਮੁਹੱਲਾ ਕੋਟ ਹਰੀਪੁਰਾ ਥਾਣਾ ਇਸਲਾਮਾਬਾਦ ਜ਼ਿਲ੍ਹਾ ਅੰਮ੍ਰਿਤਸਰ ਨੂੰ ਕੇਂਦਰੀ ਜੇਲ੍ਹ ਗੋਇੰਦਵਾਲ ਤੋਂ ਤਬਦੀਲ ਹੋ ਕੇ ਜੇਲ੍ਹ ਅੰਦਰ ਦਾਖਲ ਹੋਇਆ ਹੈ। ਜਦ ਇਸ ਨੂੰ ਚੱਕੀ ਨੰਬਰ 5 ਵਿਖੇ ਬੰਦ ਕਰਨ ਲੱਗੇ ਤਾਂ ਇਹ ਕਰਮਚਾਰੀਆਂ ਨਾਲ ਬਹਿਸਬਾਜ਼ੀ ਤੇ ਗਾਲੀ ਗਲੋਚ ਕਰਨ ਲੱਗਾ ਕਿ ਮੈਂ ਦੁਪਹਿਰੇ ਬੰਦੀ ਨਹੀਂ ਕਰਾਉਣੀ ਤੇ ਹੈੱਡ ਵਾਰਡਰ ਯਾਵਿੰਦਰ ਸ਼ਰਮਾ ਨੰਬਰ 2612 ਦੇ ਗੱਲੇ ਨੂੰ ਹੱਥ ਪਾਇਆ ਤੇ ਉਸ ਦੀ ਵਰਦੀ ਪਾੜ ਦਿੱਤੀ। ਸੁਖਜਿੰਦਰ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀ ਨੇ ਬੈਡਮਿੰਟਨ ਖੇਡਣ ਵਾਲੇ ਰੈਕਟ ਨੂੰ ਤੋੜ ਕੇ ਮੁੱਠੇ ਦੀ ਰਾਡ ਨੂੰ ਤਿੱਖਾ ਕੀਤਾ ਹੋਇਆ ਸੀ, ਉਹ ਪਾਸਾ ਹੈੱਡ ਵਾਰਡਰ ਯਾਦਵਿੰਦਰ ਸ਼ਰਮਾ ਦੇ ਵਾਰ ਕੀਤੇ, ਜਿਸ ਨਾਲ ਉਸ ਦੇ ਦੋਵੇਂ ਮੋਢਿਆਂ ਤੇ ਖੱਬੇ ਪਾਸੇ ਵੱਖੀ ਕੋਲ ਗੰਭੀਰ ਸੱਟਾਂ ਲੱਗੀਆਂ। ਜਾਂਚਕਰਤਾ ਸਰਵਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਸੁਖਬੀਰ ਬਾਦਲ ਲਈ ਚੁਣੌਤੀ ਬਣ ਸਕਦੀ ਹੈ ਗਿੱਦੜਬਾਹਾ ਤੇ ਬਰਨਾਲਾ ਜ਼ਿਮਨੀ ਚੋਣ !

**ਮਹਿਲ ਕਲਾ (ਬਲਵਿੰਦਰ ਵਜੀਦਕੇ)**-ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਗਿੱਦੜਬਾਹਾ ਤੇ ਬਰਨਾਲਾ ਦੀ ਜ਼ਿਮਨੀ ਚੋਣ ਸਿਰਦਰਦੀ ਬਣਨ ਲੱਗੀ ਹੈ। ਜਲੰਧਰ (ਪੱਛਮੀ) ਹਲਕੇ 'ਚ ਹੋਈ ਹਾਰ ਤੋਂ ਬਾਅਦ ਤੇ ਪਾਰਟੀ ਵਿਚਲੀ ਖਾਨਾਜੰਗੀ ਮਗਰੋਂ ਪਾਰਟੀ ਤੇ ਸਾਖ ਬਚਾਉਣ ਲਈ ਗਿੱਦੜਬਾਹਾ ਤੇ ਬਰਨਾਲਾ ਦੀ ਜ਼ਿਮਨੀ ਚੋਣ ਹਰ ਹਾਲਤ ਵਿੱਚ ਜਿੱਤਣਾ ਚਾਹੁੰਦੀ ਹੈ।ਹਾਲਾਂਕਿ ਅਜੇ ਤੱਕ ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਦੀਆਂ ਖਾਲੀ ਹੋਈਆਂ ਵਿਧਾਨ ਸਭਾ ਸੀਟਾਂ ਲਈ ਜ਼ਿਮਨੀ ਚੋਣ ਦਾ ਕੋਈ ਐਲਾਨ ਨਹੀਂ ਕੀਤਾ ਹੈ।ਸੂਬੇ ਦੀਆਂ ਚਾਰ ਸੀਟਾਂ ਦੇ ਵਿਧਾਇਕ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਮੈਂਬਰ ਪਾਰਲੀਮੈਂਟ ਚੁਣੇ ਗਏ ਹਨ।

ਮਾਲਵਾ ਖੇਤਰ ਦੇ ਗਿੱਦੜਬਾਹਾ ਤੇ ਬਰਨਾਲਾ ਹਲਕੇ ਵਿੱਚ ਕ੍ਰਮਵਾਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ 'ਆਪ' ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਮੈਂਬਰ ਪਾਰਲੀਮੈਂਟ ਬਣਨ ਉਕਤ ਸੀਟਾਂ ਖਾਲੀ ਹੋਈ ਗਈਆਂ ਹਨ। ਪੰਜਾਬ ਵਿੱਚ ਦੋ ਹੋਰ ਵਿਧਾਨ ਸਭਾ ਹਲਕੇ ਚੱਬੇਵਾਲ (ਹੁਸ਼ਿਆਰਪੁਰ) ਡਾ. ਰਾਜ ਕੁਮਾਰ ਚੱਬੇਵਾਲ ਤੇ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਸੁਖਜਿੰਦਰ ਸਿੰਘ ਰੰਧਾਵਾ ਦੇ ਲੋਕ ਸਭਾ ਮੈਂਬਰ ਬਣਨ ਕਾਰਨ ਖਾਲੀ ਹੋਈਆਂ ਹਨ।ਗਿੱਦੜਬਾਹਾ ਹਮੇਸ਼ਾ ਬਾਦਲਾਂ ਦਾ ਗੜ੍ਹ ਰਿਹਾ ਹੈ ਤੇ ਇੱਥੋਂ ਮਨਪ੍ਰੀਤ ਸਿੰਘ ਬਾਦਲ, ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਰਾਜ ਦੌਰਾਨ ਚੋਣ ਜਿੱਤੇ ਚੁੱਕੇ ਹਨ, ਹਾਲਾਂਕਿ ਉਸ ਵੇਲੇ ਪੰਜਾਬ ਸਰਕਾਰ ਨੇ ਸਾਰੀ ਕੈਬਨਿਟ ਨੂੰ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਬਿਠਾ ਦਿੱਤਾ ਸੀ।ਉਥੋਂ ਚੋਣ ਜਿੱਤਣ ਤੋਂ ਬਾਅਦ ਹੀ ਮਨਪ੍ਰੀਤ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਮੁੱਖ ਆਗੂ ਬਣ ਗਏ ਸਨ।ਅਕਾਲੀ ਦਲ ਨੂੰ ਗਿੱਦੜਬਾਹਾ ਤੋਂ ਬਾਅਦ ਬਰਨਾਲਾ ਜ਼ਿਮਨੀ ਚੋਣ ਲਈ ਤਕੜੀ ਹਿੰਮਤ ਕਰਨੀ ਪੈਣੀ ਹੈ, ਕਿਉਂਕਿ ਅਕਾਲੀ ਦਲ ਨੂੰ ਬਰਨਾਲਾ ਹਲਕੇ ਵਿੱਚ ਸੁਰਜੀਤ ਸਿੰਘ ਬਰਨਾਲਾ ਦੇ ਪਰਿਵਾਰ ਤੇ ਸੁਖਦੇਵ ਸਿੰਘ ਢੀਂਡਸਾ ਧੜੇ ਦਾ ਉਥੇ ਵਧਿਆ ਹੋਇਆ ਦਬਦਬਾ, ਕਈ ਕਿਸਮ ਦੀਆਂ ਪ੍ਰੇਸ਼ਾਨੀਆਂ ਪੈਦਾ ਕਰ ਸਕਦਾ ਹੈ।ਭਾਵੇਂ ਸੁਖਬੀਰ ਸਿੰਘ ਬਾਦਲ ਦਾ ਪਾਰਟੀ ਪ੍ਰਧਾਨ ਬਣਨ ਤੋਂ ਬਾਅਦ ਪੰਜਾਬ, ਹਰਿਆਣਾ ਤੇ ਦਿੱਲੀ ਵਿੱਚ ਪੂਰਾ ਦਬਦਬਾ ਬਣਿਆ ਰਿਹਾ ਹੈ, ਪਰ ਹਾਲ ਹੀ ਵਿੱਚ ਲੋਕ ਸਭਾ ਚੋਣਾਂ ਤੇ ਉਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਮਿਲੀ ਨਮੋਸ਼ੀਜਨਕ ਹਾਰ ਨੇ ਉਨ੍ਹਾਂ ਦੀ ਸਥਿਤੀ ਕਸੂਤੀ ਬਣਾ ਦਿੱਤੀ ਹੈ।ਕਈ ਲੋਕ ਸਭਾ ਉਮੀਦਵਾਰਾਂ ਸਮੇਤ ਪਾਰਟੀ ਦਾ ਇੱਕ ਵੱਡਾ ਹਿੱਸਾ ਅੱਜ-ਕੱਲ੍ਹ ਸੁਖਬੀਰ ਸਿੰਘ ਬਾਦਲ ਤੋਂ ਬਾਗ਼ੀ ਹੋ ਗਿਆ ਹੈ, ਜਿਸ ਕਰਕੇ ਜ਼ਿਮਨੀ ਚੋਣਾਂ ਦੌਰਾਨ ਮੁੜ ਜਲੰਧਰ ਵਰਗੀ ਸਥਿਤੀ ਪੈਦਾ ਹੋਣ ਦਾ ਡਰ ਬਣਿਆ ਹੋਇਆ ਹੈ।

ਦੂਜੇ ਪਾਸੇ ਇਨ੍ਹਾਂ ਚੋਣ ਲਈ ਆਮ ਆਦਮੀ ਪਾਰਟੀ ਤੇ ਕਾਂਗਰਸ ਵੱਲੋਂ ਅੰਦਰ ਖਾਤੇ ਤਿਆਰੀ ਵਿੱਢ ਦਿੱਤੀ ਹੋਈ ਹੈ। ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਭਾਵੇਂ ਲੁਧਿਆਣਾ ਤੋਂ ਐੱਮ ਪੀ ਬਣ ਗਏ ਹਨ, ਪਰ ਉਹ ਗਿੱਦੜਬਾਹਾ ਤੋਂ ਆਪਣੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਚੋਣ ਲੜਾ ਕੇ ਆਪਣਾ ਦਾਅਵਾ ਕਾਇਮ ਰੱਖਣ ਦੇ ਰੌਂਅ ਵਿੱਚ ਹਨ।ਇਸੇ ਤਰ੍ਹਾਂ ਗੁਰਮੀਤ ਸਿੰਘ ਮੀਤ ਹੇਅਰ ਵੀ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਕਿਸੇ ਪਰਿਵਾਰਕ ਮੈਂਬਰ ਨੂੰ ਚੋਣ ਲੜਾ ਕੇ ਸਰਦਾਰੀ ਕਾਇਮ ਕਰਨ ਦੀ ਇੱਛਾ ਰੱਖਦੇ ਵਿਖਾਈ ਦਿੰਦੇ ਹਨ।ਅਕਾਲੀ ਧਿਰਾਂ ਨੂੰ ਅੰਮ੍ਰਿਤਪਾਲ ਸਿੰਘ ਦੇ ਨੇੜਲੇ ਸਾਥੀਆਂ ਗਿੱਦੜਬਾਹਾ ਤੇ ਬਰਨਾਲਾ ਤੋਂ ਚੋਣ ਲੜਨ ਦੇ ਕੀਤੇ ਸੋਸ਼ਲ ਮੀਡੀਆ ਰਾਹੀਂ ਦਾਅਵੇ ਤੋਂ ਵੀ ਘਬਰਾਹਟ ਹੋਣ ਲੱਗੀ ਹੈ।

# ਬੀ ਕੇ ਯੂ ਸੈਣ ਸਭਾ ਦਾ ਵਫ਼ਦ ਕੇਂਦਰੀ ਮੰਤਰੀ ਰਾਮ ਨਾਥ ਠਾਕੁਰ ਨੂੰ ਮਿਲਿਆ



**ਕੋਟਕਪੂਰਾ (ਰਛਪਾਲ ਭੁੱਲਰ)**-ਭਾਰਤੀ ਕਿਸਾਨ ਏਕਤਾ ਸੈਣ ਵੈੱਲਫੇਅਰ ਸਭਾ ਦੇ ਸੂਬਾ ਪ੍ਰਧਾਨ ਡਾਕਟਰ ਪ੍ਰਗਟ ਸਿੰਘ ਧੀਰਾ ਪੱਤਰਾ ਦੀ ਅਗਵਾਈ ਹੇਠ ਰਮਨ ਸੈਣ ਨੀਲਾ ਸਿੰਘ, ਬੂਟਾ ਸਿੰਘ, ਮੋਗੇ ਤੋਂ ਸੈਣ ਸਮਾਜ ਦੇ ਪ੍ਰਧਾਨ ਪਵਨ ਕੁਮਾਰ ਦੀ ਪੂਰੀ ਟੀਮ ਨਾਲ ਸੈਂਟਰ ਦੇ ਖੇਤੀਬਾੜੀ ਮੰਤਰੀ ਰਾਮ ਨਾਥ ਠਾਕੁਰ ਨਾਲ ਮੀਟਿੰਗ ਕੀਤੀ, ਜਿਸ ਵਿੱਚ ਵੱਖ-ਵੱਖ ਇਕਾਈਆਂ ਦੇ ਪ੍ਰਧਾਨਾਂ ਨੇ ਖੇਤੀਬਾੜੀ ਮੰਤਰੀ ਰਾਮਨਾਥ ਠਾਕੁਰ ਨਾਲ ਮੁਲਾਕਾਤ ਕਰਦਿਆਂ ਸਾਂਝੇ ਤੌਰ 'ਤੇ ਸੈਣ ਸਮਾਜ ਦੀਆਂ ਮੰਗਾਂ ਦੀ ਚਰਚਾ ਕੀਤੀ ਤੇ ਖੇਤੀਬਾੜੀ ਮੰਤਰੀ ਨੂੰ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਭਾਰਤੀ ਕਿਸਾਨ ਏਕਤਾ ਸੈਣ ਵੈੱਲਫੇਅਰ ਸਭਾ ਦੇ ਸੂਬਾ ਪ੍ਰਧਾਨ ਡਾਕਟਰ ਪ੍ਰਗਟ ਸਿੰਘ ਧੀਰਾ ਪੱਤਰਾ ਨੇ ਖੇਤੀਬਾੜੀ ਸੰਬੰਧੀ ਜਾਣੂ ਕਰਵਾਉਂਦਿਆਂ ਕਿਸਾਨਾਂ ਦੀਆਂ ਮੰਗਾਂ ਨੂੰ ਜਲਦ ਮੰਨੇ ਜਾਣ ਦੀ ਮੰਗ ਕੀਤੀ ਅਤੇ ਸੈਣ ਸਮਾਜ ਦੀ 27% ਓਬੀਸੀ ਦਾ ਰਾਖਵਾਂਕਰਨ ਦੀ ਮੰਗ ਕਰਦਿਆਂ ਲੋਕ ਸਭਾ, ਵਿਧਾਨ ਸਭਾ ਤੇ ਪੰਚਾਇਤੀ ਰਾਜ ਵਿੱਚ 27% ਓਬੀਸੀ ਦਾ ਕੋਟਾ ਰਾਖਵਾਂ ਕਰਨ ਦੀ ਗੱਲ ਕਹੀ ਅਤੇ ਭਗਤ ਸੈਣ ਜੀ ਦੇ ਜਨਮ ਦਿਹਾੜੇ 'ਤੇ ਸਰਕਾਰੀ ਛੁੱਟੀ ਦਾ ਐਲਾਨ ਕਰਨ ਦੇ ਨਾਲ ਨਾਲ ਪੰਜ ਪਿਆਰਿਆਂ ਵਿੱਚੋਂ ਭਾਈ ਸਾਹਿਬ ਸਿੰਘ ਤੇ ਸੈਣ ਭਗਤ ਜੀ ਦੇ ਨਾਮ 'ਤੇ ਧਰਮਸ਼ਾਲਾ ਬਣਵਾਈਆਂ ਜਾਣ।ਮੈਡਮ ਗੀਤਾ ਅਸ਼ੋਕ ਸੈਣ ਦਾ ਸਾਰੀ ਸੰਸਥਾ ਨੂੰ ਖੇਤੀਬਾੜੀ ਮੰਤਰੀ ਰਾਮ ਨਾਥ ਨਾਲ ਮੀਟਿੰਗ ਕਰਵਾਉਣ ਬਾਰੇ ਧੰਨਵਾਦ ਕੀਤਾ।ਇਸ ਸਮੇਂ ਭਾਰਤੀ ਕਿਸਾਨ ਏਕਤਾ ਸੈਣ ਵੈੱਲਫੇਅਰ ਸਭਾ ਦੇ ਸੂਬਾ ਪ੍ਰਧਾਨ ਡਾਕਟਰ ਪ੍ਰਗਟ ਸਿੰਘ ਧੀਰਾ ਪੱਤਰਾ, ਆਲ ਇੰਡੀਆ ਸੈਣ ਸਭਾ ਦੇ ਪੰਜਾਬ ਪ੍ਰਧਾਨ ਰਮਨ ਸੈਣ ਫਾਜ਼ਿਲਕਾ, ਸੈਣ ਸਭਾ ਦੇ ਪ੍ਰਧਾਨ ਪਵਨ ਕੁਮਾਰ ਮੋਗਾ, ਨੀਲਾ ਸਿੰਘ, ਬੂਟਾ ਸਿੰਘ ਆਦਿ ਹਾਜ਼ਰ ਸਨ।

# ਚੇਅਰਮੈਨ ਜੱਸੀ ਸੋਹੀਆਂ ਵਾਲਾ ਦੇ ਯਤਨਾਂ ਸਦਕਾ ਮ੍ਰਿਤਕ ਮਨਰੇਗਾ ਮਜ਼ਦੂਰਾਂ ਦੇ ਪਰਵਾਰਾਂ ਨੂੰ 2-2 ਲੱਖ ਦੀ ਰਾਸ਼ੀ ਜਾਰੀ

## *ਗੰਭੀਰ ਜ਼ਖਮੀ ਨੂੰ 1 ਲੱਖ ਤੇ 7 ਹੋਰ ਜ਼ਖਮੀਆਂ ਨੂੰ 25-25 ਹਜ਼ਾਰ ਰੁਪਏ ਮਿਲਣਗੇ*

## ਚੇਅਰਮੈਨ ਨੇ ਮੁੱਖ ਮੰਤਰੀ ਭਗਵੰਤ ਦਾ ਕੀਤਾ ਧੰਨਵਾਦ

**ਨਾਭਾ (ਵਰਿੰਦਰ ਵਰਮਾ)**-ਪਿਛਲੇ ਦਿਨੀਂ ਨਾਭਾ ਹਲਕੇ ਦੇ ਪਿੰਡ ਤੁੰਗਾ ਵਿਖੇ ਹੋਏ ਟਰੈਕਟਰ ਹਾਦਸੇ ਵਿੱਚ 2 ਮਨਰੇਗਾ ਮਜ਼ਦੂਰ ਔਰਤਾਂ ਦੀ ਮੌਤ ਹੋ ਗਈ ਸੀ ਅਤੇ 8 ਮਨਰੇਗਾ ਮਜ਼ਦੂਰ ਜ਼ਖਮੀ ਹੋ ਗਏ ਸਨ।ਇਨ੍ਹਾਂ ਮਜ਼ਦੂਰਾਂ ਨੂੰ ਮੁਆਵਜ਼ਾ ਦਿਵਾਉਣ ਲਈ ਬੀਤੇ ਦਿਨੀਂ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ ਮਨਰੇਗਾ ਮਜ਼ਦੂਰਾਂ ਨੂੰ ਮਾਲੀ ਮਦਦ ਦੇਣ ਦੀ ਮੰਗ ਕੀਤੀ ਸੀ।ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਮੰਗ ਤਹਿਤ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਾਦਸੇ ਦੌਰਾਨ ਮਰਨ ਵਾਲੀਆਂ 2 ਮਜ਼ਦੂਰ ਔਰਤਾਂ ਜਰਨੈਲ ਕੌਰ ਪਿੰਡ ਤੁੰਗਾ ਤੇ ਦਰੋਪਤੀ ਕੌਰ ਪਿੰਡ ਹਿੰਮਤਪੁਰਾ (ਮਨਸੂਰਪੁਰ ਛੀਟਾਂਵਾਲਾ) ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ, ਹਾਦਸੇ ਦੌਰਾਨ ਗੰਭੀਰ ਜ਼ਖਮੀ ਸੁਰਜੀਤ ਕੌਰ ਨੂੰ ਇੱਕ ਲੱਖ ਰੁਪਏ, ਜਦੋਂਕਿ ਬਾਕੀ 7ਜ਼ਖਮੀ ਮਜ਼ਦੂਰਾਂ ਨੂੰ 25-25 ਹਜ਼ਾਰ ਰੁਪਏ ਦੀ ਮਾਲੀ ਮਦਦ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ।ਇਹ ਜਾਣਕਾਰੀ ਦਿੰਦੇ ਹੋਏ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਮਨਰੇਗਾ ਮਜ਼ਦੂਰਾਂ ਦੀ ਮਾਲੀ ਮਦਦ ਕਰਕੇ ਦਲਿਤ ਹਿਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਦਲਿਤਾਂ ਤੇ ਮਜ਼ਦੂਰਾਂ ਨਾਲ ਚਟਾਨ ਵਾਂਗ ਖੜ੍ਹੀ ਸੀ ਅਤੇ ਖੜ੍ਹੀ ਹੈ।ਉਨ੍ਹਾ ਕਿਹਾ ਕਿ ਇਸ ਮੰਦਭਾਗੀ ਘਟਨਾ ਨਾਲ, ਜੋ 2 ਮਜ਼ਦੂਰ ਔਰਤਾਂ ਦੀਆਂ ਕੀਮਤੀ ਜਾਨਾਂ ਚਲੀਆਂ ਗਈਆਂ ਸਨ, ਉਨ੍ਹਾਂ ਦਾ ਪਰਿਵਾਰਾਂ ਨੂੰ ਕਦੇ ਵੀ ਘਾਟਾ ਪੂਰਾ ਨਹੀਂ ਹੋਵੇਗਾ। ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਮਾਲੀ ਮਦਦ ਕਰਕੇ ਬਹੁਤ ਹੀ ਸਰਾਹੁਣ ਯੋਗ ਉਪਰਾਲਾ ਕੀਤਾ ਹੈ।

# ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਮੁੱਖ ਮੰਤਰੀ ਨਾਲ ਬੈਠਕ

## ਸੇਮ ਮਾਰੇ ਪਿੰਡਾਂ 'ਚ ਮੁੜ ਵਸੇਬੇ ਦੇ ਪ੍ਰੋਜੈਕਟ ਸ਼ੁਰੂ ਕਰਨ ਦੀ ਰੱਖੀ ਮੰਗ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਕੇ ਆਪਣੇ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਮੁੱਦੇ ਉਨ੍ਹਾਂ ਦੇ ਸਾਹਮਣੇ ਰੱਖੇ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਇਸ ਮੀਟਿੰਗ ਦੌਰਾਨ ਉਨ੍ਹਾਂ ਨੇ ਸਰਹੱਦੀ ਖੇਤਰ ਵਿੱਚ ਸਿੱਖਿਆ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੀ ਜਿੱਥੇ ਮੰਗ ਰੱਖੀ, ਉੱਥੇ ਨਾਲ ਦੀ ਨਾਲ ਉਨ੍ਹਾਂ ਨੇ ਇਸ ਇਲਾਕੇ ਵਿੱਚ ਵੱਧ ਤੋਂ ਵੱਧ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੀ ਮੰਗ ਵੀ ਮੁੱਖ ਮੰਤਰੀ ਸਾਹਮਣੇ ਰੱਖੀ। ਉਨ੍ਹਾਂ ਆਖਿਆ ਕਿ ਧਰਤੀ ਹੇਠਲੇ ਪਾਣੀ ਦੀ ਲਗਾਤਾਰ ਵਰਤੋਂ ਨਾਲ ਧਰਤੀ ਹੇਠਲਾ ਪਾਣੀ ਨੀਵਾਂ ਜਾ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਨਹਿਰੀ ਪਾਣੀ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਹੀ ਛਿਮਾਹੀ ਨਹਿਰਾਂ ਨੂੰ ਬਾਰਾਂਮਾਸੀ ਕਰਨ ਦਾ ਫੈਸਲਾ ਕੀਤਾ ਗਿਆ ਸੀ ਅਤੇ ਹੁਣ ਅਸੀਂ ਮੁੱਖ ਮੰਤਰੀ ਸਾਹਮਣੇ ਮੰਗ ਰੱਖੀ ਹੈ ਕਿ ਵੱਧ ਤੋਂ ਵੱਧ ਪਾਣੀ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਵੇ। ਵਿਧਾਇਕ ਨੇ ਦੱਸਿਆ ਕਿ ਜਲਾਲਾਬਾਦ ਹਲਕੇ ਦੇ ਕਈ ਪਿੰਡਾਂ ਵਿੱਚ ਸੇਮ ਨਾਲ ਜ਼ਮੀਨਾਂ ਖਰਾਬ ਹੋ ਚੁੱਕੀਆਂ ਹਨ ਤੇ ਇਸ ਸਮੱਸਿਆ ਦਾ ਸਥਾਈ ਹੱਲ ਕੀਤੇ ਜਾਣ ਦੀ ਜ਼ਰੂਰਤ ਹੈ। ਇਸ ਲਈ ਉਨ੍ਹਾਂ ਸੇਮ ਮਾਰੀਆਂ ਜ਼ਮੀਨਾਂ ਦੀ ਪੁਨਰ ਸੁਰਜੀਤੀ ਲਈ ਪ੍ਰੋਜੈਕਟ ਸ਼ੁਰੂ ਕਰਨ ਦੀ ਮੰਗ ਵੀ ਮੁੱਖ ਮੰਤਰੀ ਕੋਲ ਰੱਖੀ। ਵਿਧਾਇਕ ਨੇ ਆਖਿਆ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਨੇ ਹਲਕੇ ਦੀਆਂ ਇਨ੍ਹਾਂ ਮੰਗਾਂ ਨੂੰ ਜਲਦ ਪੂਰਾ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਉਨ੍ਹਾਂ ਨਾਲ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਵਨਾ ਵੀ ਹਾਜ਼ਰ ਸਨ।

# ਮਾਤਾ ਗੁਜਰੀ ਭਲਾਈ ਕੇਂਦਰ ਵੱਲੋਂ ਬੂਟਿਆਂ ਦੀ ਛਬੀਲ



**ਬੁਢਲਾਡਾ (ਅਸ਼ੋਕ ਲਾਕੜਾ)**-ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ ਵਣ ਮਹਾਂਉਤਸਵ ਮੌਕੇ ਕੰਨਿਆ ਸੈਕੰਡਰੀ ਸਕੂਲ ਬੁਢਲਾਡਾ ਨੇੜੇ ਆਪਣੇ ਦਫ਼ਤਰ ਸਾਹਮਣੇ ਵੱਖੋ ਵੱਖਰੇ ਪੌਦਿਆਂ ਦੀ ਛਬੀਲ ਲਗਾਈ ਗਈ ਤੇ ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਪੌਦੇ ਲਗਾਏ।ਜਾਣਕਾਰੀ ਦਿੰਦੇ ਹੋਏ ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਕੁਲਦੀਪ ਸਿੰਘ ਅਨੇਜਾ ਨੇ ਦੱਸਿਆ ਕਿ ਇੱਕ-ਦੋ ਪੌਦੇ ਲੈਣ ਲਈ ਕੋਈ ਦੂਰ ਨਹੀਂ ਜਾਂਦਾ।

ਇਸ ਲਈ ਵਾਤਾਵਰਨ ਪ੍ਰੇਮੀਆਂ ਦੀ ਸਹੂਲਤ ਲਈ ਸੰਸਥਾ ਵੱਲੋਂ ਇਹ ਉਪਰਾਲਾ ਕੀਤਾ ਗਿਆ, ਜਿਸ ਨੂੰ ਲੋਕਾਂ ਨੇ ਬਹੁਤ ਸਲਾਹਿਆ। ਉਨ੍ਹਾਂ ਕਿਹਾ ਕਿ ਛਬੀਲ ਦੌਰਾਨ ਭਾਰੀ ਗਿਣਤੀ ਵਿੱਚ ਸ਼ਹਿਰ ਵਾਸੀ ਆ ਕੇ 500 ਤੋਂ ਵੱਧ ਪੌਦੇ ਲੈ ਕੇ ਗਏ, ਜੋ ਉਨ੍ਹਾਂ ਨੇ ਲਗਾਉਣ ਦਾ ਵਾਅਦਾ ਕੀਤਾ।ਸੁਹੰਜਣਾ, ਸੁਖਚੈਨ, ਬਹੇੜਾ, ਲਸੂੜਾ, ਟਾਹਲੀ, ਰਜੈਨ, ਨਿੰਮ, ਸਾਂਗਵਾਨ, ਫਰਮਾਹ, ਸ਼ਰੀਂਹ ਸਮੇਤ ਅਨੇਕਾਂ ਪ੍ਰਕਾਰ ਦੇ ਪੌਦੇ ਫ੍ਰੀ ਵੰਡੇ ਗਏ। ਕੁਲਵਿੰਦਰ ਸਿੰਘ ਈ ਓ ਤੇ ਰਜਿੰਦਰ ਵਰਮਾ ਨੇ ਦੱਸਿਆ ਕਿ ਸਾਉਣ ਦਾ ਸਾਰਾ ਮਹੀਨਾ ਸ਼ਹਿਰ 'ਚ ਪੌਦੇ ਲਗਾਏ ਜਾਣਗੇ।ਪੌਦੇ ਲਗਾਉਣ ਦੀ ਸ਼ੁਰੂਆਤ ਮੌਕੇ ਪੰਜਾਬੀ ਸ਼ਮਸ਼ਾਨਘਾਟ ਘਾਟ ਵਿਖੇ ਅਸ਼ੋਕ ਤਨੇਜਾ ਤੇ ਸਰਪੰਚ ਹੰਸ ਰਾਜ ਸਮੇਤ ਸ਼ਮਸ਼ਾਨਘਾਟ ਦੀ ਕਮੇਟੀ ਤੇ ਸੰਸਥਾ ਮੈਂਬਰ ਹਾਜ਼ਰ ਸਨ।ਤਹਿਸੀਲ ਕੰਪਲੈਕਸ ਵਿਖੇ ਵੀ ਪੌਦੇ ਲਗਾਏ ਗਏ।ਇਸ ਮੌਕੇ ਐੱਸ ਡੀ ਐੱਮ, ਡੀ ਐੱਸ ਪੀ, ਤਹਿਸੀਲਦਾਰ ਸਮੇਤ ਦਫ਼ਤਰ ਦਾ ਸਟਾਫ਼ ਤੇ ਸੰਸਥਾ ਮੈਂਬਰ ਬਲਬੀਰ ਸਿੰਘ ਕੈਂਥ, ਵਿਜੇ ਕੁਮਾਰ ਗੋਇਲ, ਅਮਰ ਨਾਥ, ਗੁਰਤੇਜ ਸਿੰਘ ਕੈਂਥ, ਨਰੇਸ਼ ਕੁਮਾਰ ਬੰਸੀ, ਲੱਕੀ ਸਟੂਡੀਓ, ਸੁਰਿੰਦਰ ਕੁਮਾਰ ਸ਼ਿੰਦਾ, ਮਹਿੰਦਰਪਾਲ ਸਿੰਘ ਅਨੰਦ, ਨੱਥਾ ਸਿੰਘ, ਦਰਸ਼ਨ ਸਿੰਘ ਬਰ੍ਹੇ, ਮੇਜਰ ਸਿੰਘ, ਮਨਜੀਤ ਸਿੰਘ ਮਨੀ, ਪ੍ਰਿੰਸ, ਫਤਿਹ ਸਿੰਘ ਆਦਿ ਹਾਜ਼ਰ ਸਨ।

# ਮਾਣੋਚਾਹਲ ਦੀ ਅਗਵਾਈ 'ਚ ਕਿਸਾਨਾਂ ਦਾ 13ਵਾਂ ਜਥਾ ਸ਼ੰਭੂ ਬਾਰਡਰ ਲਈ ਰਵਾਨਾ



**ਖਡੂਰ ਸਾਹਿਬ (ਰਵੀ ਖਹਿਰਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਤਰਨਤਾਰਨ ਤੋਂ ਸੂਬਾ ਆਗੂ ਤੇ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਅਗਵਾਈ ਹੇਠ 13ਵਾਂ ਵੱਡਾ ਜੱਥਾ ਖਡੂਰ ਸਾਹਿਬ ਤੋਂ ਸ਼ੰਭੂ ਬਾਰਡਰ ਲਈ ਰਵਾਨਾ ਹੋਇਆ।ਇਸ ਮੌਕੇ ਮਾਣੋਚਾਹਲ ਨੇ ਕਿਹਾ ਕਿ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਪ੍ਰਸ਼ਾਸਨ ਦੇ ਅਧਿਕਾਰੀਆ ਨੂੰ ਬੈਰੀਕੇਡ ਖੋਲ੍ਹਣ ਦੇ ਹੁਕਮ ਦਿੱਤੇ ਹਨ ਪਰ ਅਜੇ ਵੀ ਹਰਿਆਣਾ ਸਰਕਾਰ ਹਾਈਕੋਰਟ ਦੇ ਫ਼ੈਸਲੇ ਤੋਂ ਭਜਦੀ ਨਜ਼ਰ ਆ ਰਹੀ ਹੈ।ਹਾਈਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਕਿਹਾ ਗਿਆ ਹੈ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣਾ ਲੋਕਤੰਤਰ ਤੇ ਸੰਵਿਧਾਨ ਦੇ ਉਲਟ ਹੈ, ਪਰ ਇਸ ਦੇ ਬਾਵਜੂਦ ਅਜੇ ਤੱਕ ਹਰਿਆਣਾ ਸਰਕਾਰ ਨੇ ਕੋਈ ਬਿਆਨ ਨਹੀਂ ਦਿੱਤਾ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਜ਼ਬਰਦਸਤੀ ਕਿਉਂ ਰੋਕਿਆ।ਇਸ ਮੌਕੇ ਜ਼ਿਲ੍ਹਾ ਜਥੇਬੰਦਕ ਸਕੱਤਰ ਹਰਿੰਦਰਜੀਤ ਸਿੰਘ ਕੰਗ ਤੇ ਜ਼ਿਲ੍ਹਾ ਆਗੂ ਰੇਸ਼ਮ ਸਿੰਘ ਘੁਰਕਵਿੰਡ ਨੇ ਕਿਹਾ ਕਿ ਸ਼ੰਭੂ ਖਨੌਰੀ ਬਾਰਡਰ 'ਤੇ ਮੋਰਚੇ ਚੜ੍ਹਦੀ ਕਲਾ ਵਿਚ ਚੱਲ ਰਹੇ ਹਨ। ਇਸ ਮੌਕੇ ਪ੍ਰੈੱਸ ਸਕੱਤਰ ਭੁਪਿੰਦਰ ਸਿੰਘ ਭਿੰਦਾ ਖਡੂਰ ਸਾਹਿਬ ਨੇ ਕਿਹਾ ਕਿ ਸਾਡਾ ਸਭ ਦਾ ਇਨਸਾਨੀਅਤ ਨਾਤੇ ਫਰਜ਼ ਬਣਦਾ ਹੈ ਕਿ ਅਸੀਂ ਮੋਰਚੇ ਵਿਚ ਹਾਜ਼ਰੀ ਭਰੀਏ। ਇਸ ਮੌਕੇ ਬੀਬੀ ਰਣਜੀਤ ਕੌਰ ਕੱਲਾ, ਬੀਬੀ ਗੁਰਜੀਤ ਕੌਰ, ਬੀਬੀ ਇੰਦਰਜੀਤ ਕੌਰ, ਸੁਖਵਿੰਦਰ ਸਿੰਘ ਦੁੱਗਲਵਾਲ, ਕੁਲਵੰਤ ਸਿੰਘ ਭੈਲ, ਮੁਖਤਿਆਰ ਸਿੰਘ ਬਿਹਾਰੀਪੁਰ, ਭਗਵਾਨ ਸਿੰਘ ਧੁੰਦਾ, ਹਰਭਿੰਦਰ ਸਿੰਘ ਮਾਲਚੱਕ, ਬਲਬੀਰ ਸਿੰਘ, ਫੂਲਾ ਸਿੰਘ, ਦਲਬੀਰ ਸਿੰਘ, ਸਤਨਾਮ ਸਿੰਘ ਖੋਜਕੀਪੁਰ, ਮਨਜੀਤ ਸਿੰਘ ਵੈਰੋਵਾਲ਼, ਅਜਮੇਰ ਸਿੰਘ ਪੱਖੋਕੇ ਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।



# ਬਾਵਾ ਪਰਵਾਰ ਨੇ ਬੱਚਿਆਂ ਨੂੰ ਖੇਡ ਕਿੱਟਾਂ ਵੰਡੀਆਂ

ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)-ਇਲਾਕੇ ਵਿੱਚ ਸਮਾਜ ਸੇਵਾ ਨੂੰ ਪਹਿਲ ਦੇਣ ਵਾਲੇ ਸਵ: ਬਾਵਾ ਸੁਜਿੰਦਰ ਸਿੰਘ ਲਾਲੀ ਦੇ ਹੋਣਹਾਰ ਫਰਜ਼ੰਦ ਬਾਵਾ ਹਰਪ੍ਰੀਤ ਸਿੰਘ ਮਿੰਨਾ ਅਤੇ ਗੁਰਮੁੱਖ ਸਿੰਘ ਗੁਰੀ ਵੱਲੋਂ ਇਲਾਕੇ ਦੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਅਤੇ ਉਤਸ਼ਾਹਿਤ ਕਰਨ ਲਈ ਖੇਡ ਕਿੱਟਾਂ ਦੀ ਵੰਡ ਕੀਤੀ ਗਈ।ਇਸ ਮੌਕੇ ਬਾਵਾ ਹਰਪ੍ਰੀਤ ਸਿੰਘ ਮਿੰਨਾ ਅਤੇ ਗੁਰਮੁੱਖ ਸਿੰਘ ਗੁਰੀ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਬਾਵਾ ਸੁਜਿੰਦਰ ਸਿੰਘ ਦੀ ਯਾਦ ਨੂੰ ਸਮਰਪਿਤ ਅੱਧੀ ਦਰਜਨ ਖੇਡ ਕਿੱਟਾਂ ਬੱਚਿਆਂ ਵਿੱਚ ਤਕਸੀਮ ਕੀਤੀਆਂ ਗਈਆ ਹਨ।ਇਨ੍ਹਾਂ ਖੇਡ ਕਿੱਟਾਂ ਵਿੱਚ ਵਾਲੀਬਾਲ ਅਤੇ ਫੁੱਟਬਾਲ ਆਦਿ ਨਾਲ ਸਬੰਧਤ ਖੇਡਾਂ ਦਾ ਸਾਮਾਨ ਦਿੱਤਾ ਗਿਆ ਹੈ।ਉਨ੍ਹਾਂ ਆਖਿਆ ਕਿ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਨਾਲ-ਨਾਲ ਉਹ ਨਰੋਏ ਸਮਾਜ ਦੀ ਸਿਰਜਣਾ ਲਈ ਸਦਾ ਯਤਨਸ਼ੀਲ ਰਹਿਣਗੇ।ਇਸ ਤੋਂ ਇਲਾਵਾ ਇਲਾਕੇ ਵਿੱਚ ਸਮਾਜ ਸੇਵਾ ਨਾਲ ਜੁੜੇ ਕੰਮ ਵੀ ਏਸੇ ਤਰ੍ਹਾਂ ਜਾਰੀ ਰੱਖਣਗੇ।ਇਸ ਮੌਕੇ ਪ੍ਰੇਮ ਸਿੰਘ ਪੰਨੂੰ, ਹਰਦੇਵ ਸਿੰਘ ਮੱਲ੍ਹੀ, ਰਾਜੂ ਮਾਸਟਰ, ਬਲਬੀਰ ਸਿੰਘ ਝੰਡੇਰੀਆਂ, ਗੁਰਮੇਜ ਸਿੰਘ ਖੱਖ ਆਦਿ ਸਖਸ਼ੀਅਤਾਂ ਹਾਜ਼ਰ ਸਨ।

# ਕਾਹਨੂੰਵਾਨ ਛੰਭ 'ਚ ਕੂੜਾ ਸੁੱਟਣ 'ਤੇ ਲੱਗੀ ਰੋਕ ਸੰਘਰਸ਼ੀ ਲੋਕਾਂ ਦੇ ਏਕੇ ਦੀ ਜਿੱਤ: ਵਾਤਾਵਰਣ ਪ੍ਰੇਮੀ



ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)-ਗੁਰਦਾਸਪੁਰ ਨਗਰ ਕੌਂਸਲ ਵੱਲੋਂ ਘੱਲੂਘਾਰਾ ਕਾਹਨੂੰਵਾਨ ਛੰਭ ਵਿੱਚ ਸੁੱਟਿਆ ਜਾ ਰਿਹਾ ਕੂੜਾ ਕਰਕਟ ਪੱਕੇ ਦੌਰ 'ਤੇ ਬੰਦ ਕਰ ਦਿੱਤਾ ਹੈ। ਇਸ ਸਬੰਧੀ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਵੱਲੋਂ ਪਿੰਡ ਚੋਪੜਾ ਵਾਸੀਆਂ ਦੇ ਲਗਾਏ ਧਰਨੇ ਵਿੱਚ ਆਣ ਕੇ ਯਕੀਨ ਦਿਵਾਇਆ ਗਿਆ। ਘੱਲੂਘਾਰਾ ਕਾਹਨੂੰਵਾਨ ਛੰਭ ਬਚਾਓ ਮੰਚ ਅਤੇ ਵਾਤਾਵਰਣ ਪ੍ਰੇਮੀਆਂ ਨੇ ਇਸਨੂੰ ਲੋਕਾਂ ਦੇ ਏਕੇ ਦੀ ਜਿੱਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਦੇ ਏਕੇ ਅੱਗੇ ਗੁਰਦਾਸਪੁਰ ਪ੍ਰਸ਼ਾਸਨ ਨੂੰ ਝੁਕਣਾ ਪਿਆ ਅਤੇ ਨਗਰਪਾਲਿਕਾ ਗੁਰਦਾਸਪੁਰ ਵੱਲੋਂ ਸ਼ਹਿਰ ਦਾ ਕੂੜਾ ਕਰਕਟ ਨਾ ਸੁੱਟਣ ਦਾ ਵਾਇਦਾ ਕੀਤਾ। ਇਸ ਮੌਕੇ ਨਾਇਬ ਤਹਿਸੀਲਦਾਰ ਗੁਰਦਾਸਪੁਰ ਹਿਰਦੇਪਾਲ ਸਿੰਘ, ਨਾਇਬ ਤਹਿਸੀਲਦਾਰ ਕਾਹਨੂੰਵਾਨ ਕੁਲਵਿੰਦਰ ਸਿੰਘ, ਗਿਰਦਾਵਰ ਸਤਿੰਦਰ ਸਿੰਘ ਕਾਹਨੂੰਵਾਨ, ਜ਼ਿਲ੍ਹਾ ਲੋਕ ਸੰਪਰਕ ਅਫਸਰ ਇੰਦਰਜੀਤ ਸਿੰਘ ਹਰਪੁਰਾ ਹਾਜ਼ਰ ਸਨ। ਪਿੰਡ ਚੋਪੜਾ ਅਤੇ ਇਲਾਕਾ ਵਾਸੀਆਂ ਵੱਲੋਂ ਪ੍ਰਣ ਕੀਤਾ ਗਿਆ ਕਿ ਜਿੰਨਾ ਚਿਰ ਨਗਰਪਾਲਿਕਾ ਗੁਰਦਾਸਪੁਰ ਵਾਲੇ ਕਾਹਨੂੰਵਾਨ ਛੰਭ ਵਿੱਚੋਂ ਕੂੜਾ ਨਹੀਂ ਚੁੱਕਦੇ, ਧਰਨਾ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਬਲਬੀਰ ਸਿੰਘ ਰੰਧਾਵਾ, ਗੁਰਮਤਿ ਲੋਕ ਧਾਰਾ ਦੇ ਆਗੂ ਵਰਿੰਦਰਜੀਤ ਸਿੰਘ ਜਾਗੋਵਾਲ, ਜਸਪਾਲ ਸਿੰਘ ਭਿੱਟੇਵੱਡ, ਜਸਬੀਰ ਸਿੰਘ ਬਾਜਵਾ, ਲਖਵਿੰਦਰ ਸਿੰਘ ਜਾਗੋਵਾਲ, ਸਰਪੰਚ ਸਰਬਜੀਤ ਸਿੰਘ,ਅਮਰਜੀਤ ਸਿੰਘ ਰਾਣਾ, ਸੁਖਵੰਤ ਸਿੰਘ ਕਿਸਾਨ ਆਗੂ ਸਠਿਆਲੀ, ਹੁਸਨਾਕ ਸਿੰਘ ਸਠਿਆਲੀ, ਗੁਰਮੇਜ ਸਿੰਘ ਸਠਿਆਲੀ, ਬਲਜੀਤ ਸਿੰਘ ਕੋਟਲੀ ਸੈਣੀਆਂ, ਬਚਿੱਤਰ ਸਿੰਘ ਸਾਬਕਾ ਸਰਪੰਚ, ਮਹਿੰਦਰ ਸਿੰਘ, ਸਤਨਾਮ ਸਿੰਘ ਚੋਪੜਾ, ਬਲਵਿੰਦਰ ਸਿੰਘ ਮੰਗਾ ਅਤੇ ਕਸ਼ਮੀਰ ਸਿੰਘ, ਕੁਲਜੀਤ ਸਿੰਘ ਬਹਿਰਾਮਪੁਰ, ਕਾਲਾ ਸਿੰਘ ਈਸੇਪੁਰ ਆਦਿ ਹਾਜ਼ਰ ਸਨ।

# ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ 'ਚ ਵਣ-ਮਹਾਂਉਤਸਵ ਮਨਾਇਆ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਵਣ-ਮਹਾਉਤਸਵ ਮਨਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰ. ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਦੱਸਿਆ ਕਿ ਸਕੂਲ ਕੈਂਪ ਵਿਚ ਵਣ-ਮਹਾਂਉਤਸਵ ਦੀ ਸ਼ੁਰੂਆਤ ਕਰਦੇ ਹੋਏ ਅੰਬਾਂ ਦੀ ਚੰਗੀ ਵੰਨਗੀ ਦੇ ਬੂਟੇ ਲਗਾਏ ਗਏ ਹਨ।ਇਸ ਦਿਵਸ ਸਬੰਧੀ ਇੱਕ ਸੈਮੀਨਾਰ ਵੀ ਕਰਵਾਇਆ ਗਿਆ ਜਿਸ ਵਿੱਚ ਅੰਗਰੇਜ਼ੀ ਲੈਕਚਰਾਰ ਜਸਕਿਰਨ ਕੌਰ ਨੇ ਵਣ-ਮਹਾਂਉਤਸਵ ਦੀ ਮਹੱਤਤਾ ਦੱਸਦੇ ਹੋਏ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਦੇ ਨਾਲ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਬਾਰੇ ਪ੍ਰੇਰਿਤ ਕੀਤਾ। ਇਸ ਸੈਮੀਨਾਰ ਦੇ ਮੁੱਖ ਭਾਸ਼ਣ ਵਿੱਚ ਪ੍ਰਿੰ. ਹਰਪ੍ਰੀਤ ਸਿੰਘ ਹੁੰਦਲ ਨੇ ਰੁੱਖਾਂ ਦੀ ਅਹਿਮੀਅਤ ਬਾਰੇ ਦੱਸਿਆ ਕਿ ਕਿਵੇਂ ਰੁੱਖਾਂ ਨਾਲ ਸਾਨੂੰ ਸ਼ੁੱਧ ਵਾਤਾਵਰਣ ਮਿਲਦਾ ਹੈ। ਉਨ੍ਹਾਂ ਕਿਹਾ ਕਿ ਆਪਣੇ ਸੁਨਹਿਰੇ ਭਵਿੱਖ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਸਾਫ-ਸੁਥਰੇ ਵਾਤਾਵਰਣ ਦੀ ਸਿਰਜਣਾ ਹੋ ਸਕੇ। ਇਸ ਮੌਕੇ ਪ੍ਰੋ. ਕੁਲਵਿੰਦਰ ਸਿੰਘ, ਪ੍ਰੋ. ਹਰਜਿੰਦਰ ਸਿੰਘ, ਸਕੂਲ ਇੰਚਾਰਜ ਰਵਿੰਦਰ ਸਿੰਘ, ਦਲਜੀਤ ਕੌਰ, ਰਮਨਜੀਤ ਕੌਰ ਅਨਾਮਿਕਾ, ਅਮਤਲ ਮੁਤੀਨ, ਸਨਾਵਰ, ਮੁਨੀਰ, ਬਲਵੀਰ ਕੌਰ, ਰਮਨਜੀਤ ਕੌਰ, ਜਸਕਿਰਨ ਕੌਰ ਅਤੇ ਰਾਜਦੀਪ ਸਿੰਘ ਆਦਿ ਹਾਜ਼ਰ ਸਨ

# ਸੰਤ ਅਮਰਦਾਸ, ਸੰਤ ਰਾਮ ਕਿਸ਼ਨ ਦੇ ਬਰਸੀ ਸਮਾਗਮ ਮੌਕੇ ਡਾ. ਚੱਬੇਵਾਲ ਨੂੰ ਕੀਤਾ ਸਨਮਾਨਤ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**-ਬ੍ਰਹਮਲੀਨ ਸੰਤ ਬਾਬਾ ਅਮਰਦਾਸ ਦੀ 15ਵੀਂ ਬਰਸੀ ਅਤੇ ਬ੍ਰਹਮਲੀਨ ਸੰਤ ਬਾਬਾ ਰਾਮ ਕਿਸ਼ਨ ਦੀ ਤੀਸਰੀ ਬਰਸੀ 'ਤੇ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਧਾਰਮਿਕ ਸਮਾਗਮ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋਂ ਮਾਹਿਲਪੁਰ ਰੋਡ ਹੁਸ਼ਿਆਰਪੁਰ ਵਿਖੇ ਮੌਜੂਦਾ ਗੱਦੀਨਸ਼ੀਨ ਸੰਤ ਰਮੇਸ਼ ਦਾਸ ਦੀ ਅਗਵਾਈ ਹੇਠ ਬੜੀ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ, ਢਾਡੀ, ਕਥਾਵਾਚਕ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਵੱਖ ਵੱਖ ਡੇਰਿਆਂ ਦੇ ਸੰਤ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਸੰਤ ਸਰਵਣ ਦਾਸ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ, ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ, ਸੰਤ ਸਰਵਣ ਦਾਸ ਲੁਧਿਆਣਾ ਸੀਨੀ.ਮੀਤ ਪ੍ਰਧਾਨ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਬੀਬੀ ਮੀਨਾ ਦੇਵੀ ਜੈਜੋਂ, ਸੰਤ ਦਿਨੇਸ਼ ਗਿਰ ਭਗਤ ਨਗਰ, ਸੰਤ ਹਰਮੀਤ ਸਿੰਘ ਬਣਾ ਸਾਹਿਬ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਸ਼ੀਤਲ ਦਾਸ ਕਾਲੇਵਾਲ ਭਗਤਾਂ, ਸੰਤ ਵਿਨੈ ਮੁਨੀ ਜੰਮੂ, ਸੰਤ ਹਰਿ ਕਿਸ਼ਨ ਸੋਢੀ ਠੱਕਰਵਾਲ, ਸੰਤ ਬੀਬੀ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਗੁਰੂ ਰਵਿਦਾਸ ਸਾਧੂ ਸੰਪਰਦਾਇ (ਰਜਿ.) ਪੰਜਾਬ, ਸੰਤ ਗੁਰਮੇਲ ਦਾਸ ਰਹੀਮਪੁਰ, ਸੰਤ ਬੀਬੀ ਗੰਗਾ ਦੇਵੀ, ਸੰਤ ਬੀਬੀ ਕੁਲਦੀਪ ਕੌਰ ਮੇਹਨਾ, ਸੰਤ ਟਹਿਲ ਦਾਸ ਖੇੜਾ, ਸੰਤ ਰਣਜੀਤ ਸਿੰਘ ਬਾਹੋਵਾਲ, ਸੰਤ ਬਲਵੰਤ ਸਿੰਘ ਡੀਂਗਰੀਆਂ, ਸੰਤ ਮੇਜਰ ਸਿੰਘ ਹੱਲੂਵਾਲ, ਸੰਤ ਜਸਵੰਤ ਸਿੰਘ ਠੱਕਰਵਾਲ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਪਵਨ ਕੁਮਾਰ ਤਾਜੇਵਾਲ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਵਡਭਾਗੀ ਹਿਮਾਚਲ, ਸੰਤ ਰਾਮ ਸੇਵਕ ਹਰੀਪੁਰ ਖਾਲਸਾ, ਸੰਤ ਭੋਲਾ ਦਾਸ ਭਾਗਸਿੰਘ ਪੁਰ, ਸੰਤ ਸਤਨਾਮ ਦਾਸ ਬੰਬੇਲੀ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ ਆਦਿ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਲੋਕ ਸਭਾ ਹੁਸ਼ਿਆਰਪੁਰ ਦੇ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਸਮਾਗਮ ਵਿਚ ਹਾਜ਼ਰੀ ਭਰੀ ਅਤੇ ਸੰਤਾਂ ਮਹਾਂਪੁਰਸ਼ਾਂ ਤੇ ਇਲਾਕੇ ਦੀ ਸੰਗਤ ਦਾ ਧੰਨਵਾਦ ਕੀਤਾ। ਡੇਰੇ ਦੇ ਗੱਦੀਨਸ਼ੀਨ ਸੰਤ ਰਮੇਸ਼ ਦਾਸ, ਸੰਤ ਨਿਰੰਜਣ ਦਾਸ ਨੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਰਾਣਾ ਸਵਰਾਜ ਯੂਨੀਵਰਸਲ ਸਕੂਲ ਲੇਹਲ ਵਿਖੇ ਮਨਾਇਆ ਵਣ-ਮਹਾਂਉਤਸਵ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਰਾਣਾ ਸਵਰਾਜ ਯੂਨੀਵਰਸਲ ਪਬਲਿਕ ਸਕੂਲ ਲੇਹਲ (ਧਾਰੀਵਾਲ) ਵਿਖੇ ਹਰਿਆਲੀ ਮਿਸ਼ਨ ਤਹਿਤ ਵਣ-ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਯੂਨੀਵਰਸਲ ਸਿੱਖਿਆ ਸੰਸਥਾਵਾਂ ਦੇ ਸੰਸਥਾਪਕ ਦੇ ਚੇਅਰਮੈਨ ਡਾ: ਸਰਬਜੀਤ ਸਿੰਘ ਛੀਨਾ ਦੀ ਅਗਵਾਈ ਵਿੱਚ ਮਨਾਏ ਗਏ ਵਣ-ਮਹਾਂਉਤਸਵ ਦੀ ਸ਼ੁਰੂਆਤ ਸਾਬਕਾ ਕੌਂਸਲਰ ਬ੍ਰਿਜ ਭੂਸ਼ਨ ਦੁੱਗਲ ਦੇ ਹੱਥੀਂ ਸਕੂਲ ਵਿੱਚ ਚਕੋਦਰੇ ਦਾ ਬੂਟਾ ਲਗਾ ਕੇ ਕੀਤੀ। ਵਾਈਸ ਪ੍ਰਿੰ. ਊਸ਼ਾ, ਕਲਰਕ ਸਰਬਜੀਤ ਕੌਰ, ਚੇਅਰਮੈਨ ਡਾ..ਐੱਸ. ਐੱਸ. ਛੀਨਾ, ਸੁਖਰਾਜ ਸਿੰਘ ਨੰਬਰਦਾਰ, ਐੱਸ. ਪੀ (ਰਿਟਾਇਰਡ) ਚਰਨ ਸਿੰਘ ਚਾਹਲ, ਪ੍ਰਭਜੋਤ ਸਿੰਘ, ਜੋਬਨਜੀਤ ਸਿੰਘ, ਬਿੱਲੂ ਅਤੇ ਸਕੂਲ ਅਧਿਆਪਕ ਵੀ ਮੌਜੂਦ ਸਨ। ਇਸ ਮੌਕੇ ਸਾਬਕਾ ਕੌਂਸਲਰ ਬ੍ਰਿਜ ਭੂਸ਼ਨ ਦੁੱਗਲ ਅਤੇ ਰਿਟਾ.ਐੱਸ. ਪੀ. ਚਰਨ ਸਿੰਘ ਚਾਹਲ ਨੇ ਡਾ: ਐੱਸ. ਐੱਸ. ਛੀਨਾ ਵੱਲੋਂ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਧਾਰੀਵਾਲ ਇਲਾਕੇ ਦੇ ਵਿੱਚ ਚਲਾਈਆਂ ਜਾ ਰਹੀਆਂ ਵਿਦਿਅਕ ਸੰਸਥਾਵਾਂ ਅਤੇ ਹਾਕੀ ਅਕੈਡਮੀ ਦੇ ਪ੍ਰਬੰਧਾਂ ਅਤੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਛੀਨਾਂ ਨੇ ਕਿਹਾ ਦਿਨ-ਬ-ਦਿਨ ਪਲੀਤ ਹੋ ਰਹੇ ਵਾਤਾਵਰਣ ਅਤੇ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਲਈ ਵਧੇਰੇ ਰੁੱਖ ਲਗਾਉਣ ਦੀ ਲੋੜ ਹੈ। ਹਰ ਮਨੁੱਖ ਨੂੰ ਇਕ ਇਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ। ਰੁੱਖ ਲਗਾਉਣ ਨਾਲ ਵਾਤਾਵਰਣ ਸ਼ੁੱਧ ਰਹਿੰਦਾ ਹੈ ਅਤੇ ਕਈ ਬਿਮਾਰੀਆਂ ਤੋਂ ਸਾਨੂੰ ਨਿਜਾਤ ਮਿਲਦੀ ਹੈ। ਰੁੱਖ ਮਨੁੱਖ ਨੂੰ ਆਕਸੀਜਨ ਦੇਣ ਦੇ ਨਾਲ ਨਾਲ ਜਾਨਵਰਾਂ/ਜੀਵ ਜੰਤੂਆਂ ਤੇ ਮਨੁੱਖਾਂ ਲਈ ਛਾਂ ਮਾਣਨ ਦਾ ਸਹਾਰਾ ਵੀ ਬਣਦੇ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਵਾਤਾਵਰਣ ਦੀ ਸੰਭਾਲ ਕਰਨ ਵਿੱਚ ਵਧੇਰੇ ਯੋਗਦਾਨ ਪਾਉਣ ਲਈ ਪ੍ਰੇਰਿਆ।

# ਸਖੀ ਵਨ ਸਟੋਪ ਸੈਂਟਰ ਦਾ ਸੈਂਕੜੇ ਲੋੜਵੰਦ ਔਰਤਾਂ ਨੇ ਉਠਾਇਆ ਲਾਭ



**ਗੁਰਦਾਸਪੁਰ, (ਜਨਕ ਮਹਾਜਨ)**-ਇਸਤਰੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਤੋਂ ਜਾਣੂੰ ਕਰਵਾਉਣ ਸਬੰਧੀ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਭਾਰਤ ਸਰਕਾਰ ਵੱਲੋਂ ਪ੍ਰਾਪਤ ਸਪੈਸ਼ਲ ਜਾਗਰੂਕਤਾ 100 ਦਿਨਾ ਕੈਲੰਡਰ ਦੇ ਸਬੰਧ ਵਿੱਚ ਲੋਕਾਂ ਨੂੰ ਸਖੀ ਵਨ ਸਟੋਪ ਸੈਂਟਰ ਅਤੇ ਜ਼ਿਲ੍ਹਾ ਹੱਬ (ਡੀਐੱਚਈਡਬਲਯੂ) ਰਾਹੀਂ ਔਰਤਾਂ ਦੇ ਵੱਖ-ਵੱਖ ਅਧਿਕਾਰਾਂ ਤੇ ਸਕੀਮਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੰਜੀਵ ਕੁਮਾਰ ਬਸ਼ੀਨ ਨੇ ਦੱਸਿਆ ਕਿ ਔਰਤਾਂ ਨੂੰ 'ਬੇਟੀ ਬਚਾਓ ਬੇਟੀ ਪੜ੍ਹਾਓ' 'ਸਖੀ ਵਨ ਸਟੋਪ ਸੈਂਟਰ, ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ, ਮੁਫ਼ਤ ਕਾਨੂੰਨੀ ਸਹਾਇਤਾ, ਮਹਿਲਾ ਹੈਲਪ ਲਾਈਨ ਨੰਬਰ 181 ਆਦਿ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਖੀ ਵਨ ਸਟੋਪ ਸੈਂਟਰ, ਮਹਿਲਾ ਹੈਲਪ ਲਾਈਨ ਨੰਬਰ ਰਾਹੀਂ ਪੀੜਤ ਔਰਤਾਂ ਨੂੰ ਕਾਫ਼ੀ ਮਦਦ ਮਿਲ ਰਹੀ ਹੈ, ਜਿਸ 'ਚ ਘਰੇਲੂ ਹਿੰਸਾ, ਤੇਜ਼ਾਬੀ ਹਮਲਾ, ਛੇੜਛਾੜ ਦੇ ਅਪਰਾਧ, ਸਾਈਬਰ ਕ੍ਰਾਈਮ ਜਾਂ ਕਿਸੇ ਵੀ ਤਰ੍ਹਾਂ ਦੇ ਹੋ ਰਹੇ ਅੱਤਿਆਚਾਰ ਸਬੰਧੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਤਹਿਤ ਮਨੋਵਿਗਿਆਨਿਕ ਕੌਂਸਲਿੰਗ, ਪੁਲਸ ਸਹਾਇਤਾ, ਮੁਫ਼ਤ ਕਾਨੂੰਨੀ ਸਹਾਇਤਾ, ਮੈਡੀਕਲ ਸਹਾਇਤਾ ਅਤੇ ਲੋੜਵੰਦਾਂ ਨੂੰ ਅਸਥਾਈ ਰਿਹਾਇਸ਼ ਪ੍ਰਦਾਨ ਕੀਤੀ ਜਾ ਰਹੀ ਹੈ। ਇਹ ਸੈਂਟਰ ਹੁਣ ਤੱਕ 1214 ਦੇ ਕਰੀਬ ਹਿੰਸਾ ਨਾਲ ਪੀੜਤ ਔਰਤਾਂ ਨੂੰ ਵੱਖ-ਵੱਖ ਸਹਾਇਤਾ ਪ੍ਰਦਾਨ ਕਰ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਔਰਤਾਂ ਦੇ ਪੱਖ 'ਚ ਆਏ ਨਵੇਂ ਕਾਨੂੰਨਾਂ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਵਿਭਾਗ ਦੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਲੋੜਵੰਦ ਔਰਤਾਂ ਲਾਭ ਉਠਾ ਸਕਣ।

## COURT NOTICE

(U/o 5 Rule 20 CPC)
(Succession Case)
In the Court of
**Ms. Prabhjot Kaur**
Additional Civil Judge (Senior Division), Hoshiarpur
CNR No. PBDHO02-001142-2024
Next Date :-27-08-2024
Ravi Kant Mehan S/o Late Madhu Sudan Parkash @ Madhu Sudan S/o Jagan Nath, Resident of House No. 1215-B, Mall Road, Hoshiarpur and ors. ......Applicants
Vs. General Public
.......Respondent
Application for grant of Succession certificate
Notice To:
General Public
In above titled case, the respondent could not be served. It is ordered that respondent should appear in person or through counsel on 27.08.2024 at 10:00 A.M.
For details logon to https://highcourtchd.gov.in/?trs=district_notice&district=Hoshiarpur
Additional Civil Judge (Senior Division) Hoshiarpur
Dated this day of 16-07-2024

## COURT NOTICE

(U/o 5 Rule 20 CPC)
(Succession Case)
In the Court of
**Ms. Harpreet Kaur**
Civil Judge (Senior Division)
SAS Nagar
CNR No. PBSA02-001316-2014
Next Date :-14-08-2024
Amandeep Singh
Vs.
General Public
Notice To:
General Public
In above titled case, the defendant(s)/ respondent (s) could not be served. It is ordered that defendant (s)/ respondent (s) should appear in person or through counsel on 14.08.2024 at 10:00 A.M.
For details logon to https://highcourtchd.gov.in/?trs=district_notice&district=Mohali
Civil Judge (Senior Division)
SAS Nagar
Dated this day of 17-07-2024

## COURT NOTICE

**In the Court of MS. Radhika Puri**
Additional Civil Judge (Senior Division), Ludhiana
Publication Notice in petition under Section 8 of the Hindu Minorities and Guardianship Act.
CNR No. PBLD02-004259-2024
Next Date : 11-09-2024
Sukhvinder Singh S/o Sh. Sukhdev Singh resident of 439/100, Block-J, Bhai Randhir Singh Nagar, Ludhiana.
Versus General Public
Notice issued to :- General Public
Whereas the above named petitioners Sukhvinder Singh S/o Sh. Sukhdev Singh has filed petition for the Appointing the petitioner as legal guardian of minor Balpreet Singh Bansal and for permission to the petitioner to sell the ½ share i.e. 125 sq. yards of the minor Balpreet Singh Bansal from the Plot measuring 250 sq. yards comprised in Khasra no. 94//7/1, 94//5/1/2/1, Khata No. 1481/1642-1644 as per Jamabandi for the year 2011-12 situated at Village Sunet. Hadbast No, 159, Abadi near Guru Amardas Nagar, Tehsil and District Ludhiana for this welfare.
This Notice is hereby issued to the general public regarding the institution of this petition. If any person has any objection to sell the property of the above said petitioner of the said Children, then he/she should appear in the court on 11.09.2024 at 10.00 a.m., either in person or through an authorised agent of lawyer for filing objections failing which the petition shall be decided in accordance with law.
Given under my hand and the seal of the court, this 16.07.2024
For details logon to https://highcourtchd.gov.in/?trs=district_notice&district=Ludhiana
Additional Civil Judge (Senior Division), Ludhiana.

## COURT NOTICE

(U/o 5 Rule 20 CPC)
In the Court of
**Mrs. Manzra Dutta**
Civil Judge (Junior Division), Kharar
CNR No. PBSAA0-000215-2023
Next Date :- 02-09-2024
Union Bank of India
Vs.
M/s Angad Shoes
Publication Issued To:
Def No. 1. M/s Angad Shoes Shop No 31 Dashmesh Market Balongi, Mohali through its prop. Sh. Daljit Singh S/o Harnam Singh.
Def No. 2 . Daljit Singh S/o Harnam Singh R/o House No. 22,Sunny Enclave Kharar, District SAS Nagar (Mohali) proprietor of M/s Angad Shoes, Shop No. 31, Dashmesh Market Balongi, Mohali
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 02.09.2024 at 10:00 A.M.
For details logon to https://highcourtchd.gov.in/?trs=district_notice&district=SAS Nagar
Civil Judge (Junior Division), Kharar
Dated this day of 17-07-2024

## COURT NOTICE

(U/o 5 Rule 20 CPC)
In the Court of
**Sh. Atul Kamboj**
Civil Judge, (Senior Division) Patiala
CNR No. PBPT02-002760-2024
Next Date :- 02-09-2024
Naib Kaur
Vs.
General Public
Publication Issued to :
General Public
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 0 2.09.2024 at 10:00 A.M.
For details logon to https://highcourtchd.gov.in/?trs=district_notice&district=Patiala
Civil Judge (Senior Division), Patiala
Dated this day of 20-07-2024

## COURT NOTICE

(U/o 5 Rule 20 CPC)
In the Court of
**Ms. Amandeep Kamboj**
Additional Civil Judge, (Senior Division) Nabha
CNR No. PBPTB0-000475-2024
Next Date :- 12-09-2024
Jaswant Singh
Vs.
General Public
Publication Issued to :
General Public
General Public
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 12.09.2024 at 10:00 A.M.
For details logon to https://highcourtchd.gov.in/?trs=district_notice&district=Patiala
Additional Civil Judge, (Senior Division) Nabha
Dated this day of 19-07-2024

# ਚੋਰੀਸ਼ੁਦਾ ਕਾਰ ਸਮੇਤ ਇਕ ਵਿਅਕਤੀ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਘੁੰਮਣ ਕਲਾਂ ਪੁਲਸ ਨੇ ਚੋਰੀਸ਼ੁਦਾ ਮਹਿੰਦਰਾ ਕਾਰ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦਿਲਬਾਗ ਸਿੰਘ ਪੁੱਤਰ ਬੂਆ ਸਿੰਘ ਵਾਸੀ ਸਰਫਕੋਟ ਥਾਣਾ ਡੇਰਾ ਬਾਬਾ ਨਾਨਕ ਹਾਲ ਘੁੰਮਣ ਕਲਾਂ ਨੇ ਦੱਸਿਆ ਕਿ ਉਹ ਪਿੰਡ ਘੁੰਮਣ ਕਲਾਂ ਦੇ ਬਾਹਰਵਾਰ ਡੇਰਿਆਂ 'ਤੇ ਰਹਿੰਦਾ ਹੈ ਜਿਥੇ 15/20 ਘਰਾਂ ਨੇ ਰਲ ਕੇ ਇੱਕ ਸਾਂਝਾ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ ਜਿਸ ਦਾ ਮੈਂ ਪ੍ਰਧਾਨ ਹਾਂ। ਮੈਂ ਗੁਰਦੁਰਆਰਾ ਸਾਹਿਬ ਵੱਲ ਫੇਰਾ ਮਾਰਨ ਆਇਆ ਤਾਂ ਦੇਖਿਆ ਕਿ ਸਲਿੰਦਰ ਕੁਮਾਰ ਚੋਰੀ ਕਰਨ ਦੀ ਨੀਅਤ ਨਾਲ ਗੁਰਦੁਆਰਾ ਸਾਹਿਬ ਦੀ ਉਪਰਲੀ ਮੰਜ਼ਿਲ 'ਤੇ ਘੁੰਮ ਰਿਹਾ ਸੀ ਜਿਸ ਦੀ ਸੂਚਨਾ ਮੈਂ ਪੁਲਸ ਨੂੰ ਇਤਲਾਹ ਦਿੱਤੀ ਜਿਸ ਤੋਂ ਬਾਅਦ ਦੋਸ਼ੀ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ ਤਾਂ ਦੌਰਾਨੇ ਪੁੱਛਗਿੱਛ ਕਥਿਤ ਦੋਸ਼ੀ ਪਾਸੋਂ ਇੱਕ ਚੋਰੀਸ਼ੁਦਾ ਕਾਰ ਮਹਿੰਦਰਾ ਨੰਬਰੀ ਜੇਕੇ 20 ਏ 2577 ਬ੍ਰਾਮਦ ਹੋਈ ਹੈ। ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਜ਼ੇਰੇ ਧਾਰਾ 331, 305, 62, 317 ਅਤੇ 341 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Jagat Singh S/O Mahinder singh R/O purana Tanel Po. Tarsika Teh Baba Bakala Distt Amritsar. I have changed my name from Jagat Singh to Jagdev singh.

I, Reshmo W/o Krishan Kumar R/o H.No. 209, Khurla Kingra, Jalandhar (PB) have changed my name from Reshmo to Deeso. All concerned please note.

I, Suraj S/o Krishan Kumar R/o H.No. 209, Khurla Kingra, Jalandhar (PB) have changed my name from Suraj to Mukesh Kumar. All concerned please note.

I, Paramjit Kaur Bains, W/O Didar Singh Bains R/o House No- 124, Ward No- 4, Village I.T.I Parbodh Chander Nagar Gurdaspur, Punjab-143521. have changed my name and shall hereafter be Known as Surjit Kaur Bains.

I, Simrajit Kaur, W/O Gursewak Singh R/o Near Brar Hospital, Nihal Singhwala, Moga, Punjab- 142055. have changed my name and shall hereafter be Known as Simranjit Kaur.

I, Gurbax Kaur, W/O Roop Lal R/o Vpo Lambra Abadi Jalandhar Punjab-144026. have changed my name and shall hereafter be Known as Gurbaksh Kaur.

I, Ram Piary, W/O Rajiv Verma R/o HNo. 1052, Dhakotan Mohalla, Malerkotla Punjab- 148023. have changed my name and shall hereafter be Known as Gagan Verma.

I, Prabhjot S/O Sukh Pal, R/o Vpo Bajwara Kalan Hoshiarpur Punjab 146023, have changed my name and shall hereafter be Known as Prabhjot Badhan.

I, Harpreet S/O Sukh Pal, R/o Vpo Bajwara Kalan Hoshiarpur Punjab-146023, have changed my name and shall hereafter be Known as Harpreet Badhan.

I, Mehboob S/O Neel Kanth, R/o 239 Ward No.15, Chandan Nagar Kartarpur Jalandhar Punjab- 144801, have changed my name and shall hereafter be Known as Mehboob Mehmi.

I, Nitika Sharma, W/O Gaurav Nagpal R/o HNo. 40, New Raja Garden, Lane no 3, Mithapur Road Jalandhar Punjab 144022. have changed my name and shall hereafter be Known as Nitika Nagpal.

I, Harbhajan Singh S/O Dalip Singh, R/o Azimabad, Malerkotla, Sangrur, Punjab- 148023, have changed my name and shall hereafter be Known as Bhajan Singh.

I, Kriti Bansal D/O Deepak Kumar, W/O Abhishek Goel R/o House No. 539/29, Street No. 9, Ward 23, New Shivpuri, Ludhiana, Punjab- 141007. have changed my name and shall hereafter be Known as Kriti Goel.

I, Manpreet s/o Diyal Chand r/o Vill. Udesian, Po. Adampur Doaba, Distt. Jalandhar have changed my name to Manpreet Paul. All Please Note.

I, Neha D/O Satish Kumar, R/o Ateli (Rural) (21), Mahendragarh, Mandi Ateli, Haryana- 123021. have changed my name and shall hereafter be Known as Neha Rajotia.

I, Harsh S/o Harpreet Pal R/o H.No.82/2, New Shastri Nagar, Black-B, Jalandhar-144021, Punjab have changed my name from Harsh to Harsh Pal (Pal as Surname) All Please Note.

## Change of Name

I Litesh S/o Vijay Kumar R/o HNo. NC-105, Kot Kishan Chand Jalandhar Declare that I Have changed my name To Litesh Salwan

I, Inderjot Singh S/O Har Rai Singh, R/o HNo-794 ST No-2, Shaheed Baba Deep Singh Nagar, Sri muktsar shahib, Punjab- 152026, have changed my name and shall hereafter be Known as Inderjot Singh Brar.

I, Hira Singh son of Naranjan singh resident of VPO Dhattal district Tarn Taran have changed his name to Heera Singh.

I, Sarabjit Singh Padda S/o Santokh Singh R/o Vill: Bhoja Po. Bhoma (Gurdaspur) have changed my name to Sarabjit Singh.

I Romica Rani W/o Mohit R/o H.No. 39, New Vinay Nagar, Jalandhar-144001, have changed my name from Romica Rani to Romika Rani (Same person).

I, Ramesh Chander Malhotra son of Ladha Ram and father of Neetu Malhotra R/o 280 Urban Estate Phase -2 Jalandhar , do hereby declare that Ramesh Malhotra as well as Ramesh Chander Malhotra is one and the same person.

I, Gopal Rai s/o Sohan Lal r/o H.No.11, Khurla Kingra Colony, Jalandhar declare that Gopal is my Given name and Rai as surname. All Please Note.

I, Parvinder Singh Arora s/o Surinder Pal Singh r/o H.No. 484/3 Makhdumpura, Lions Club, Jalandhar have changed my name to Parvinder Singh. All Please Note.

I, Parminderjeet Kaur w/o Karnail Singh r/o H.No. 44, Hoshiarpur Road, Near Johal Hospital, Dasmesh Nagar, Po. Ladhewali, Distt. Jalandhar have changed my name to Parminderjit Kaur. All Please Note.

I, Sonia W/o Gurpreet Singh R/o VPO. Nangal Lubana, Tehsil Bholath, Distt. Kapurthala have changed my name from Sonia to Sonia Kaur (Surname as Kaur) All Please Note.

I, Sharda Devi W/o Ram Murti R/o H.No. 49, Railway Road, Banga, Distt. SBS Nagar (144505) have changed my name from Sharda Devi to Sharda Rani. All Please Note.

I, Karan Singh S/o Sh. Mohan Lal resident of Mohalla Ramdaspur, VPO. Alawalpur, Tehsil Adampur, District Jalandhar have changed my name Karan to Karan Singh. All Concerned note.

I, Som Datt S/o Darshan Singh R/o VPO Dhandwar, Tehsil Phillaur, Distt. Jalandhar, Punjab have Changed my name Som Dutt. All Concerned note.

## ਆਮ ਸੂਚਨਾ

ਮੈਂ, ਰਾਜ ਕੁਮਾਰੀ ਵਿਧਵਾ ਕਰਮਜੀਤ ਸਿੰਘ ਵਾਸੀ ਪਿੰਡ ਪਵੇ, ਤਹਿ. ਟਾਂਡਾ (ਹੁਸ਼ਿਆਰਪੁਰ) ਘੋਸ਼ਣਾ ਕਰਦੀ ਹਾਂ ਕਿ ਜਮ੍ਹਾਂਬੰਦੀ ਵਿਚ ਮੇਰੇ ਪਤੀ ਦਾ ਨਾਂਅ ਪਰਮਜੀਤ ਸਿੰਘ ਚੱਲ ਰਿਹਾ ਹੈ। ਸਹੀ ਨਾਂਅ ਕਰਮਜੀਤ ਸਿੰਘ ਹੈ, ਸਹੀ ਕੀਤਾ ਜਾਵੇ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਹਰੀਸ਼ ਕੁਮਾਰ ਦੇਵਗਨ, ਪੁੱਤਰ ਮਨੋਹਰ ਲਾਲ, ਨਿਵਾਸੀ 83, ਨਿਊ ਗੋਬਿੰਦ ਨਗਰ, ਜਲੰਧਰ, ਪੰਜਾਬ ਇਹ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਿਯਾ ਨੇ ਆਪਣਾ ਨਾਮ ਬਦਲ ਕੇ ਰਿਯਾ ਦੇਵਗਨ ਕਰ ਲਿਆ ਹੈ।

ਮੈਂ ਕਿਰਨ ਬਾਲਾ ਪਤਨੀ ਸ਼੍ਰੀ ਸੰਜੀਵ ਕੁਮਾਰ, ਵਾਸੀ ਮਕਾਨ ਨੰ: ਬੀ -IX-49/167, ਗਲੀ ਨੰ. 4, ਹਰਦਿਆਲ ਨਗਰ, ਸ਼ੇਖੇ ਪਿੰਡ, ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਮੇਰੀ ਸੁਪੱਤਰੀ ਚਾਹਤ ਦਾ ਨਾਂ ਬਦਲ ਕੇ ਚਾਹਤ ਅਗਰਵਾਲ ਰੱਖ ਲਿਆਂ ਹੈ।

ਮੈਂ, ਸੰਜੇ ਕੁਮਾਰ ਚੌਹਾਨ ਪੁੱਤਰ ਹੰਸ ਰਾਜ ਚੌਹਾਨ ਵਾਸੀ ਮਕਾਨ ਨੰ. 36, ਬੈਕਸਾਈਡ ਟੈਗੋਰ ਹਸਪਤਾਲ, ਮੁਹੱਲਾ ਬਲਵੰਤ ਨਗਰ, ਜਲੰਧਰ ਨੇ ਆਪਣਾ ਨਾਮ ਸੰਜੇ ਚੌਪੜਾ ਤੋਂ ਬਦਲ ਕੇ ਸੰਜੇ ਕੁਮਾਰ ਚੌਹਾਨ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਪੂਨਮ ਚੌਹਾਨ ਪਤਨੀ ਸੰਜੇ ਕੁਮਾਰ ਚੌਹਾਨ ਵਾਸੀ ਮਕਾਨ ਨੰ. 36, ਬੈਕਸਾਈਡ ਟੈਗੋਰ ਹਸਪਤਾਲ, ਮੁਹੱਲਾ ਬਲਵੰਤ ਨਗਰ, ਜਲੰਧਰ ਨੇ ਆਪਣਾ ਨਾਮ ਪੂਨਮ ਤੋਂ ਬਦਲ ਕੇ ਪੂਨਮ ਚੌਹਾਨ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਗਰਿਮਾ ਚੌਹਾਨ ਪੁੱਤਰੀ ਸੰਜੇ ਕੁਮਾਰ ਚੌਹਾਨ ਪੁੱਤਰ ਹੰਸ ਰਾਜ ਚੌਹਾਨ ਵਾਸੀ ਮਕਾਨ ਨੰ. 36, ਬੈਕਸਾਈਡ ਟੈਗੋਰ ਹਸਪਤਾਲ, ਮੁਹੱਲਾ ਬਲਵੰਤ ਨਗਰ, ਜਲੰਧਰ ਨੇ ਆਪਣਾ ਨਾਮ ਗਰਿਮਾ ਤੋਂ ਬਦਲ ਕੇ ਗਰਿਮਾ ਚੌਹਾਨ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਰੋਹਿਤ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਤਲਵੰਡੀ ਸੱਲ੍ਹਾਂ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਂਅ ਬਦਲ ਕੇ ਰੋਹਿਤ ਸਿੰਘ ਰੱਖ ਲਿਆ ਹੈ। ਰੋਹਿਤ ਅਤੇ ਰੋਹਿਤ ਸਿੰਘ ਦੋਨੋਂ ਨਾਂਅ ਇਕ ਵਿਅਕਤੀ ਦੇ ਹਨ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਰਮੇਸ਼ ਲਾਲ ਪੁੱਤਰ ਮਿਲਖੀ ਰਾਮ ਵਾਸੀ ਪਿੰਡ ਰਾਜਪੁਰਾ ਡਾਕਖਾਨਾ ਸਰਨਾ ਤਹਿਸੀਲ ਅਤੇ ਜ਼ਿਲਾ ਪਠਾਨਕੋਟ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੋਹਨ ਲਾਲ ਅਤੇ ਉਸਦੀ ਪਤਨੀ ਨੀਤੂ ਬਾਲਾ, ਜੋ ਇਕ ਮੇਰੇ ਕਹਿਣੇ ਤੋਂ ਬਾਹਰ ਹਨ , ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ , ਮੈਂ ਅਤੇ ਮੇਰਾ ਪਰਿਵਾਰ ਉਨ੍ਹਾਂ ਦੇ ਕਿਸੇ ਵੀ ਚੰਗੇ ਮਾੜੇ ਕੰਮ ਲਈ ਜ਼ਿੰਮੇਵਾਰ ਨਹੀਂ . ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੱਖਣ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਮਕਾਨ ਨੰਬਰ 51, ਗਲੀ ਨੰਬਰ 2, ਨਿਊ ਹਰਦਿਆਲ ਨਗਰ, ਸ਼ੇਖੇ ਪਿੰਡ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਨਵਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਰਮੇਸ਼ ਕੁਮਾਰ ਪੁੱਤਰ ਅਮਰਨਾਥ ਵਾਸੀ ਮਕਾਨ ਨੰ: 335 ਏ, ਗੁਰੂ ਨਾਨਕ ਪੁਰਾ ਵੈਸਟ, ਗਲੀ ਨੰ: 3, ਜਲੰਧਰ ਹਾਲ ਵਾਸੀ ਗੌਤਮ ਨਗਰ, ਬਸਤੀ ਬਾਵਾ ਖੇਲ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਲਵਿਸ਼ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਬੀਰ ਭੱਟੀ ਪਤਨੀ ਵੈਲਾਸ ਭੱਟੀ ਵਾਸੀ ਮਕਾਨ ਨੰ. 1287, ਬੂਟਾ ਪਿੰਡ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਇਮਤਿਆਜ ਭੱਟੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## Public Notice

I, Binay Kumar Thakur S/o Paribodh Thakur R/o H.No. 28, Block-D, Birring Road, Deep Nagar, Golden Colony, Phase-1, Jalandhar, Punjab, India declare that my daughter Prity Kumari W/o Vinay Kaushik is out of my control. So I disinherit her from all my moveable and Immoveable properties. The person transacting with her himself will be responsible. I and my family will not have any responsibility. All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸੇਖਵਾਂ ਨੇ ਤੁਗਲਵਾਲ-ਚੱਕ ਸ਼ਰੀਫ਼ ਰੋਡ 'ਤੇ ਬਿਨਾਂ ਦੇਰੀ ਪੁਲ ਬਣਾਉਣ ਦੀ ਕੀਤੀ ਸਿਫ਼ਾਰਸ਼



**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਚੰਡੀਗੜ੍ਹ ਵਿਖੇ ਪੰਜਾਬ ਸਰਕਾਰ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨਾਲ ਮੁਲਾਕਾਤ ਕਰਕੇ ਤੁਗਲਵਾਲ-ਚੱਕ ਸ਼ਰੀਫ਼ ਰੋਡ ਉਪਰ ਪਿਛਲੇ ਸਾਲ ਹੜ੍ਹਾਂ ਕਾਰਨ ਨੁਕਸਾਨੇ ਗਏ ਪੁਲ ਦੀ ਜਲਦ ਉਸਾਰੀ ਦੀ ਮੰਗ ਕੀਤੀ ਹੈ। ਸੇਖਵਾਂ ਨੇ ਮੁਲਾਕਾਤ ਦੌਰਾਨ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਨੂੰ ਦੱਸਿਆ ਕਿ ਪਿਛਲੇ ਸਾਲ 15 ਅਗਸਤ ਨੂੰ ਪੌਂਗ ਡੈਮ ਤੋਂ ਬਿਆਸ ਦਰਿਆ ਵਿੱਚ ਬਹੁਤ ਜ਼ਿਆਦਾ ਪਾਣੀ ਛੱਡਣ ਨਾਲ ਤੁਗਲਵਾਲਾ-ਚੱਕ ਸ਼ਰੀਫ਼ ਰੋਡ ਉਪਰ ਬਣਿਆ ਪੁਲ, ਪਾਣੀ ਦੇ ਤੇਜ਼ ਵਹਾਅ ਕਾਰਨ ਜ਼ਮੀਨ ਦੇ ਹੇਠਾਂ ਵੱਲ ਧਸ ਗਿਆ ਸੀ ਅਤੇ ਇਸ ਪੁਲ ਤੋਂ ਉਸ ਦਿਨ ਤੋਂ ਆਵਾਜਾਈ ਬੰਦ ਪਈ ਹੋਈ ਹੈ। ਉਨ੍ਹਾਂ ਦੱਸਿਆ ਕਿ ਇਹ ਪੁਲ ਕਾਹਨੂੰਵਾਨ ਦੇ ਬੇਟ ਇਲਾਕੇ ਦੇ 40 ਪਿੰਡਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਅਤੇ ਇਸ ਪੁਲ ਦੇ ਬੰਦ ਹੋਣ ਨਾਲ ਆਵਾਜਾਈ ਬਿਲਕੁਲ ਬੰਦ ਹੋਈ ਪਈ ਹੈ। ਉਨ੍ਹਾਂ ਕਿਹਾ ਕਿ ਇਸ ਪੁਲ ਨੂੰ ਬਣਾਉਣ ਲਈ ਇਲਾਕੇ ਦੇ ਲੋਕਾਂ ਵੱਲੋਂ ਵੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਲੋਕ ਨਿਰਮਾਣ ਮੰਤਰੀ ਈਟੀਓ ਨੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਦੀਆਂ ਇਨ੍ਹਾਂ ਮੰਗਾਂ ਨਾਲ ਸਹਿਮਤ ਹੁੰਦਿਆਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਤੁਗਲਵਾਲਾ-ਚੱਕ ਸ਼ਰੀਫ਼ ਰੋਡ ਉੱਪਰ ਨੁਕਸਾਨੇ ਗਏ ਪੁਲ ਦੀ ਉਸਾਰੀ ਅਤੇ ਇਸ ਸੜਕ ਦੀ ਰਿਪੇਅਰ ਦਾ ਕੰਮ ਜਲਦ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਮੌਕੇ ਮੰਤਰੀ ਨੇ ਲੋਕ ਨਿਰਮਾਣ ਵਿਭਾਗ ਦੇ ਸਕੱਤਰ ਨੂੰ ਵੀ ਕੰਮ ਜਲਦੀ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ।

# ਰਿਆੜਕੀ ਕਾਲਜ ਤੁਗਲਵਾਲਾ ਦੇ ਬੀ ਸੀ ਏ ਸਮੈਸਟਰ ਛੇਵੇਂ ਦਾ ਨਤੀਜਾ ਸ਼ਾਨਦਾਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਦੇ ਸ਼ਾਂਤੀ ਨਿਕੇਤਨ ਵਜੋਂ ਜਾਣੇ ਜਾਂਦੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੇ ਕੰਪਿਊਟਰ ਵਿਭਾਗ (ਬੀਸੀਏ) ਦੇ ਛੇਵੇਂ ਸਮੈਸਟਰ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 100 ਫੀਸਦੀ ਰਿਹਾ। ਇਸ ਮੌਕੇ ਕਾਲਜ ਦੇ ਪ੍ਰਿੰ. ਸਵਰਨ ਸਿੰਘ ਵਿਰਕ ਨੇ ਦੱਸਿਆ ਕਿ ਜਿੱਥੇ ਇਸ ਜਮਾਤ ਦੀਆਂ 100 ਫੀਸਦੀ ਵਿਦਿਆਰਥਣਾ ਫਸਟ ਡਵੀਜ਼ਨ ਵਿੱਚ ਰਹੀਆਂ ਉੱਥੇ 75 ਫੀਸਦੀ ਵਿਦਿਆਰਥਣਾਂ ਨੇ 80% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਮਾਪਿਆਂ, ਅਧਿਆਪਕਾਂ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ 80 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਲਈ ਉਨ੍ਹਾਂ ਨੂੰ 1100-1100 ਰੁਪਏ ਦੇ ਇਨਾਮ, ਪ੍ਰਸੰਸਾ ਪੱਤਰ ਅਤੇ ਉਨ੍ਹਾਂ ਦੀਆਂ ਸਤਿਕਾਰਯੋਗ ਮਾਵਾਂ ਨੂੰ ਸਿਰੋਪਾਓ ਤੇ ਕਾਲਜ ਦੇ ਔਰਗੈਨਿਕ ਗੁੜ ਨਾਲ ਇੰਟੈਕ ਦਿੱਲੀ ਦੇ ਆਰਕੀਟੈਕਚਰ ਹੈਰੀਟੇਜ ਡਵੀਜਨ ਤੋਂ ਮੈਡਮ ਰੁਤਿਕਾ ਦੇ ਹੱਥੀ ਸਨਮਾਨਿਤ ਕੀਤਾ ਗਿਆ। ਮੈਡਮ ਰੁਤਿਕਾ ਨੇ ਵਿਦਿਅਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਇੱਕ ਚੰਗੀ, ਸੂਝਵਾਨ ਤੇ ਸਿਆਣੀ ਮਾਂ ਹੀ ਚੰਗੇ ਕਿਰਦਾਰ, ਕੈਲੀਬਰ ਤੇ ਕਰੈਕਟਰ ਵਾਲੇ ਬੱਚੇ ਦੀ ਸਿਰਜਣਹਾਰ ਹੁੰਦੀ ਹੈ। ਸਨਮਾਨਿਤ ਹੋਣ ਵਾਲੇ ਵਿਦਿਆਰਥੀਆਂ ਵਿੱਚੋਂ ਨਵਜੋਤ ਕੌਰ ਲੀਲ ਕਲਾਂ ਨੇ 500 ਵਿੱਚੋਂ 442 ਅੰਕ ਪ੍ਰਾਪਤ ਕਰਕੇ 88 ਪ੍ਰਤੀਸ਼ਤ ਨਾਲ ਜਮਾਤ ਵਿੱਚੋਂ ਪਹਿਲਾ, ਜਸ਼ਨਪ੍ਰੀਤ ਕੌਰ ਨਿਮਾਣੇ ਨੇ 432 ਅੰਕ ਪ੍ਰਾਪਤ ਕਰਕੇ 86% ਨਾਲ ਦੂਸਰਾ ਅਤੇ ਸਿਮਰਜੀਤ ਕੌਰ ਲੀਲ ਕਲਾਂ ਨੇ 419 ਅੰਕ ਪ੍ਰਾਪਤ ਕਰਕੇ 84 ਪ੍ਰਤੀਸਤ ਨਾਲ ਜਮਾਤ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੀ ਸਟੂਡੈਂਟ ਸੈਕਟਰੀ ਨੇ ਦੱਸਿਆ ਕਿ ਅਸੀਂ ਆਪਣਾ ਨਿਸ਼ਾਨਾ 33 ਪ੍ਰਤੀਸ਼ਤ ਪਾਸ ਹੋਣਾ ਨਹੀਂ ਰੱਖਿਆ ਬਲਕਿ 60 ਪ੍ਰਤੀਸਤ ਰੱਖਿਆ ਹੈ। ਅਖੀਰ ਸੰਸਥਾ ਦੇ ਸਮੂਹ ਵਿਦਿਆਰਥੀਆਂ ਨੇ ਇਨ੍ਹਾਂ ਸੀਨੀਅਰ ਵਿਦਿਆਰਥਣਾਂ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੇ ਹੋਏ ਅਹਿਦ ਲਿਆ ਕਿ ਉਹ ਵੀ ਹਮੇਸਾ ਮੈਰਿਟਾਂ 'ਚ ਰਹਿ ਕੇ ਆਪਣੀ ਸੰਸਥਾ ਦਾ ਨਾਮ ਹਮੇਸ਼ਾ ਦੀ ਤਰ੍ਹਾਂ ਰੌਸ਼ਨ ਕਰਨਗੀਆਂ। ਇਸ ਮੌਕੇ ਗਗਨਦੀਪ ਸਿੰਘ ਵਿਰਕ, ਮੈਡਮ ਨਵਦੀਪ ਕੌਰ, ਮੈਡਮ ਗਗਨਦੀਪ ਕੌਰ, ਮੈਡਮ ਪ੍ਰਭਜੋਤ ਕੌਰ ਅਤੇ ਪਵਨਦੀਪ ਕੌਰ ਵਾਰਡਨ ਵੀ ਹਾਜ਼ਰ ਸਨ

# ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਦੀ ਵਿਦਿਆਰਥਣ ਰਮਨਦੀਪ ਕੌਰ ਵੱਲੋਂ 7.0 ਬੈਂਡ ਹਾਸਲ



**ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**-ਵਾਹਿਗੁਰੂ ਇੰਟਰਪ੍ਰਾਈਜ਼ਜ਼ ਜਿਥੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਹੈ ਉਥੇ ਆਈਲੈਟਸ ਪੀਟੀਈ ਇੰਗਲਿਸ਼ ਸਪੀਕਿੰਗ ਦੇ ਕੋਰਸ ਵੀ ਕਰਵਾ ਰਹੀ ਹੈ। ਸੰਸਥਾ ਦੇ ਐੱਮਡੀ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋਂ ਸਖਤ ਮਿਹਨਤ ਅਤੇ ਤਜਰਬੇਕਾਰ ਸਟਾਫ ਦੀ ਸਹਾਇਤਾ ਨਾਲ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ ਜਿਸ ਦੇ ਤਹਿਤ ਰਮਨਦੀਪ ਕੌਰ ਖਾਡੂਰ ਸਹਿਬ ਨੇ ਪੀਟੀਈ ਵਿੱਚੋਂ 69 ਅੰਕ ਪ੍ਰਾਪਤ ਕਰਕੇ ਇਲਾਕੇ ਵਿੱਚ ਸੰਸਥਾ ਅਤੇ ਆਪਣੇ ਪਰਿਵਾਰ ਦਾ ਨਾਮ ਉੱਚਾ ਕੀਤਾ ।ਉਨ੍ਹਾਂ ਦੱਸਿਆ ਕਿ 69 ਅੰਕ ਆਇਲੈਟਸ ਦੇ 7.0 ਬੈਂਡ ਦੇ ਬਰਾਬਰ ਹਨ ।ਉਨ੍ਹਾਂ ਇਲਾਕੇ ਦੇ ਬੱਚਿਆਂ ਅਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਉਜਵਲ ਭਵਿੱਖ ਲਈ ਸੰਸਥਾ ਨਾਲ ਸੰਪਰਕ ਕਰਨ ਜਿੱਥੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਅਤੇ ਸਹੂਲਤ ਮੁਹੱਈਆ ਕੀਤੀ ਜਾਵੇਗੀ। ਇਸ ਮੌਕੇ ਰਮਨਦੀਪ ਕੌਰ ਨੇ ਸੰਸਥਾ ਅਤੇ ਉਸਦੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ ਅਤੇ ਇਸ ਗੱਲ ਦਾ ਮਾਣ ਮਹਿਸੂਸ ਕੀਤਾ ਕਿ ਉਸਨੇ ਇਸ ਸੰਸਥਾ ਨੂੰ ਜੁਆਇਨ ਕਰਕੇ ਇਹ ਮੁਕਾਮ ਹਾਸਿਲ ਕੀਤਾ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕੇਂਦਰੀ ਜੇਲ੍ਹ, ਜ਼ਨਾਨਾ ਜੇਲ੍ਹ ਤੇ ਬੋਰਸਟਲ ਜੇਲ੍ਹ 'ਚ ਬੂਟੇ ਲਗਾਏ



**ਲੁਧਿਆਣਾ (ਰਾਜ ਸਿੰਗਲਾ)**
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵੱਲੋਂ ਕੇਂਦਰੀ ਜੇਲ੍ਹ, ਜਨਾਨਾ ਜੇਲ੍ਹ ਤੇ ਬੋਰਸਟਲ ਜੇਲ੍ਹ ਲੁਧਿਆਣਾ ਵਿਖੇ ਵੱਖ-ਵੱਖ ਕਿਸਮ ਦੇ ਬੂਟੇ ਲਗਾਏ ਗਏ।

ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਹਰਪ੍ਰੀਤ ਕੌਰ ਰੰਧਾਵਾ ਤੇ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਮਨਜਿੰਦਰ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਅੱਜ ਦੇ ਦੌਰ ਵਿੱਚ ਵਧਦੇ ਸ਼ਹਿਰੀਕਰਨ, ਸਨਅਤੀਕਰਨ ਤੇ ਵੱਡੇ ਪੱਧਰ 'ਤੇ ਦਰੱਖਤਾਂ ਦੀ ਹੋ ਰਹੀ ਕਟਾਈ ਕਾਰਨ ਵਾਤਾਵਰਨ ਤੇ ਚੌਗਿਰਦੇ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਦਾ ਹਵਾਲਾ ਦਿੰਦਿਆਂ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਕੀਤੀ।

ਇਸ ਮੌਕੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਹਰਵਿੰਦਰ ਸਿੰਘ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਲੁਧਿਆਣਾ ਇੱਕ ਵੱਡਾ ਉਦਯੋਗਿਕ ਸ਼ਹਿਰ ਹੋਣ ਕਾਰਨ ਪੂਰੇ ਪੰਜਾਬ ਸੂਬੇ ਵਿੱਚ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਹੈ ਤੇ ਇਸ ਮੁਹਿੰਮ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ, ਵਣ ਵਿਭਾਗ, ਜੇਲ੍ਹ ਵਿਭਾਗ ਤੇ ਵੱਖ-ਵੱਖ ਗੈਰ-ਸਰਕਾਰੀ ਸੰਸਥਾਵਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਪੂਰੇ ਜ਼ਿਲ੍ਹੇ ਵਿੱਚ ਵੱਧ ਤੋਂ ਵੱਧ ਪੌਦੇ ਲਗਾਏ ਜਾ ਸਕਣ ਅਤੇ ਲੁਧਿਆਣਾ ਨੂੰ ਪ੍ਰਦੂਸ਼ਣ ਰਹਿਤ ਕੀਤਾ ਜਾ ਸਕੇ।

ਇਸ ਮੌਕੇ ਮੈਂਬਰ ਸਕੱਤਰ ਮਨਜਿੰਦਰ ਸਿੰਘ ਵੱਲੋਂ ਜੇਲ੍ਹ ਦਾ ਵਿਸ਼ੇਸ਼ ਦੌਰਾ ਕੀਤਾ ਗਿਆ, ਜਿੱਥੇ ਉਨ੍ਹਾਂ ਵੱਲੋਂ ਜੇਲ੍ਹਾਂ ਵਿੱਚ ਬੰਦ ਹਵਾਲਾਤੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਸੁਣਿਆ ਤੇ ਸਬੰਧਤ ਜੇਲ੍ਹ ਅਧਿਕਾਰੀਆਂ ਨੂੰ ਇਨ੍ਹਾਂ ਸਮੱਸਿਆਵਾਂ ਦੇ ਨਿਪਟਾਰੇ ਬਾਰੇ ਹਦਾਇਤਾਂ ਜਾਰੀ ਕਰਦਿਆਂ ਮੁਫ਼ਤ ਕਾਨੂੰਨੀ ਸੇਵਾਵਾਂ ਸਕੀਮ ਬਾਰੇ ਵੀ ਕੈਦੀਆਂ ਤੇ ਹਵਾਲਾਤੀਆਂ ਨੂੰ ਵਿਸ਼ੇਸ਼ ਜਾਣਕਾਰੀ ਦਿੱਤੀ।

ਕੇਂਦਰੀ ਜੇਲ੍ਹ, ਜਨਾਨਾ ਜੇਲ੍ਹ ਤੇ ਬੋਰਸਟਲ ਜੇਲ੍ਹ ਲੁਧਿਆਣਾ ਵਿਖੇ ਸਮਾਗਮ ਮੌਕੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਲੁਧਿਆਣਾ ਹਰਪ੍ਰੀਤ ਕੌਰ ਰੰਧਾਵਾ, ਮੈਂਬਰ ਸਕੱਤਰ ਮਨਜਿੰਦਰ ਸਿੰਘ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਹਰਵਿੰਦਰ ਸਿੰਘ, ਸੀ.ਜੇ.ਐਮ. ਲੁਧਿਆਣਾ ਰਾਧਿਕਾ ਪੁਰੀ, ਬਲਵੀਰ ਸਿੰਘ, ਡਿਪਟੀ ਸੁਪਰਡੈਂਟ, ਕੇਂਦਰੀ ਜੇਲ੍ਹ, ਲੁਧਿਆਣਾ, ਵਿਜੇ ਕੁਮਾਰ ਸੁਪਰਡੈਂਟ ਜਨਾਨਾ ਜੇਲ੍ਹ ਲੁਧਿਆਣਾ ਅਤੇ ਗੁਰਪ੍ਰੀਤ ਸਿੰਘ ਸੁਪਰਡੈਂਟ ਬੋਰਸਟਲ ਜੇਲ੍ਹ ਲੁਧਿਆਣਾ, ਵਰਿੰਦਰਜੀਤ ਰੰਧਾਵਾ ਚੀਫ ਤੇ ਸੰਦੀਪ ਸੇਠੀ ਡਿਪਟੀ ਚੀਫ ਅਤੇ ਸਮੂਹ ਲੀਗਲ ਏਡ ਡਿਫੈਂਸ ਕੌਂਸਲ ਟੀਮ ਵੱਲੋਂ ਸ਼ਮੂਲੀਅਤ ਕੀਤੀ ਗਈ।

# ਰਣਬੀਰ ਸਿੰਘ ਢਿੱਲੋਂ ਦੇ ਸਦੀਵੀ ਵਿਛੋੜੇ 'ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

**ਕੋਟਕਪੂਰਾ (ਰਛਪਾਲ ਭੁੱਲਰ)**-1961 ਦੇ ਦਹਾਕੇ ਤੋਂ ਲੈ ਕੇ ਹੁਣ ਤੱਕ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਅਨੇਕ ਜੇਤੂ ਘੋਲਾਂ ਦੇ ਜਰਨੈਲ ਰਹੇ ਕਾਮਰੇਡ ਰਣਬੀਰ ਸਿੰਘ ਢਿੱਲੋਂ ਬੀਤੇ ਦਿਨ 92 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ।ਉਨ੍ਹਾ ਦੇ ਸਦੀਵੀ ਵਿਛੋੜਾ ਦੇ ਜਾਣ ਦੀ ਖਬਰ ਫੈਲਦੇ ਹੀ ਮੁਲਾਜ਼ਮ ਵਰਗ ਵਿੱਚ ਅਫਸੋਸ ਤੇ ਗਮ ਦੀ ਲਹਿਰ ਫੈਲ ਗਈ।ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਫਰੀਦਕੋਟ ਦੇ ਸਰਪ੍ਰਸਤ ਅਸ਼ੋਕ ਕੌਸ਼ਲ, ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ, ਇਕਬਾਲ ਸਿੰਘ ਮੰਘੇੜਾ, ਸੋਮ ਨਾਥ ਅਰੋੜਾ ਤੇ ਗੁਰਚਰਨ ਸਿੰਘ ਮਾਨ ਨੇ ਸਾਥੀ ਢਿੱਲੋਂ ਦੀ ਮੌਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਦੇ ਹੋਏ ਕਿਹਾ ਕਿ 1960 ਦੇ ਦਹਾਕੇ ਤੋਂ ਲੈ ਕੇ ਹੁਣ ਤੱਕ ਕਰੀਬ 60-65 ਸਾਲ ਰਣਬੀਰ ਸਿੰਘ ਢਿੱਲੋਂ ਨੇ ਮੁਲਾਜ਼ਮ ਵਰਗ ਦੇ ਅਨੇਕ ਜੇਤੂ ਘੋਲਾਂ ਦੀ ਅਗਵਾਈ ਕੀਤੀ।ਇਸ ਸਮੇਂ ਵੀ ਉਹ ਪੰਜਾਬ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਅਤੇ ਆਲ ਇੰਡੀਆ ਸਟੇਟ ਇੰਪਲਾਈਜ਼ ਕਨਫੈਡਰੇਸ਼ਨ ਦੇ ਕੌਮੀ ਮੁੱਖ ਸਲਾਹਕਾਰ ਸਨ।ਸਾਥੀ ਢਿੱਲੋਂ ਦੀ ਨਿਧੜਕ ਤੇ ਸੂਝਵਾਨ ਅਗਵਾਈ ਹੇਠ ਹੀ ਪੰਜਾਬ ਦੇ ਮੁਲਾਜ਼ਮਾਂ ਨੇ ਕੇਂਦਰੀ ਪੈਟਰਨ 'ਤੇ ਮਹਿੰਗਾਈ ਭੱਤਾ, ਮਕਾਨ ਕਿਰਾਇਆ ਭੱਤਾ, ਚੰਗੇ ਤਨਖ਼ਾਹ ਸਕੇਲ ਤੇ ਚੰਡੀਗੜ੍ਹ ਦੇ ਮੁਲਾਜ਼ਮਾਂ ਲਈ ਸੀ ਸੀ ਏ ਆਦਿ ਅਨੇਕ ਪ੍ਰਾਪਤੀਆਂ ਕੀਤੀਆਂ।ਉਹ ਮੁਲਾਜ਼ਮ ਸੰਘਰਸ਼ਾਂ ਦਾ ਚੱਲਦਾ ਫਿਰਦਾ ਇਤਿਹਾਸ ਤੇ ਸੀ ਐੱਸ ਆਰ ਸਨ।

ਉਨ੍ਹਾਂ ਦੇ ਜਾਣ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ ਹੈ।ਬਿਜਲੀ ਮੁਲਾਜ਼ਮਾਂ ਦੇ ਪੈਨਸ਼ਨਰ ਆਗੂ ਚੰਦ ਸਿੰਘ ਡੋਡ, ਇੰਦਰਜੀਤ ਸਿੰਘ ਗਿੱਲ ਤੇ ਰਮੇਸ਼ ਕੌਸ਼ਲ, ਪੀ ਆਰ ਟੀ ਸੀ ਦੀ ਏਟਕ ਜਥੇਬੰਦੀ ਦੇ ਆਗੂਆਂ ਗੁਰਦੀਪ ਭੋਲਾ, ਹਰਮੀਤ ਸਿੰਘ ਤੇ ਚਮਕੌਰ ਸਿੰਘ, ਦਰਜਾ ਚਾਰ ਮੁਲਾਜ਼ਮਾਂ ਦੇ ਆਗੂ ਇਕਬਾਲ ਸਿੰਘ ਢੁੱਡੀ, ਬਲਕਾਰ ਸਿੰਘ ਸਹੋਤਾ, ਨਛੱਤਰ ਸਿੰਘ ਭਾਣਾ ਤੇ ਇਕਬਾਲ ਸਿੰਘ ਰਣ ਸਿੰਘ ਵਾਲਾ, ਆਸ਼ਾ ਵਰਕਰਜ਼ ਯੂਨੀਅਨ ਏਟਕ ਦੀ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਤੇ ਸਾਬਕਾ ਨਰਸਿਜ਼ ਆਗੂ ਸ਼ਸ਼ੀ ਸ਼ਰਮਾ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਆਗੂ ਸ਼ਿੰਦਰਪਾਲ ਸਿੰਘ ਢਿੱਲੋਂ, ਕੁਲਦੀਪ ਸਿੰਘ ਸਹਿਦੇਵ, ਸੁਖਚੈਨ ਸਿੰਘ ਰਾਮਸਰ, ਸ਼੍ਰੋਮਣੀ ਅਕਾਲੀ ਦਲ ਮੁਲਾਜ਼ਮ ਵਿੰਗ ਦੇ ਸਰਪ੍ਰਸਤ ਸੁਰਜੀਤ ਸਿੰਘ ਸ਼ਤਾਬ, ਅਧਿਆਪਕ ਦਲ ਦੇ ਆਗੂ ਜਸਕੇਵਲ ਸਿੰਘ ਗੋਲੇਵਾਲੀਆ ਨੇ ਵੀ ਸਾਥੀ ਰਣਬੀਰ ਸਿੰਘ ਢਿੱਲੋਂ ਦੀ ਮੌਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਆ ਹੈ।

# 'ਜ਼ਿੰਦਗੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਨਾਅਰੇ ਹੇਠ ਬੈਡਮਿੰਟਨ ਟੂਰਨਾਮੈਂਟ ਕਰਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਐੱਸ ਐੱਸ ਪੀ ਸਰਤਾਜ ਸਿੰਘ ਚਾਹਲ ਦੀ ਅਗਵਾਈ ਹੇਠ 'ਜ਼ਿੰਦਗੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਦੇ ਨਾਅਰੇ ਨਾਲ ਚੱਲੀ ਐਂਟੀ ਡਰੱਗ ਅਵੇਅਰਨੈੱਸ ਕੰਪੇਨ ਤਹਿਤ ਇੰਡੋਰ ਸਪੋਰਟਸ ਕੰਪਲੈਕਸ ਪੁਲਸ ਲਾਇਨ ਸੰਗਰੂਰ ਵਿਖੇ ਤਿੰਨ ਰੋਜ਼ਾ ਬੈਡਮਿੰਟਨ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਸੰਗਰੂਰ ਦੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਕਰੀਬ 250 ਖਿਡਾਰੀਆਂ ਨੇ ਭਾਗ ਲਿਆ।ਸਮਾਪਤੀ ਸਮਾਰੋਹ ਮੌਕੇ ਜ਼ਿਲ੍ਹਾ ਪੁਲਸ ਮੁਖੀ ਸ੍ਰੀ ਚਾਹਲ ਨੇ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ।ਇਸ ਟੂਰਨਾਮੈਂਟ ਵਿੱਚ ਭਾਗ ਲੈਣ ਆਏ ਖਿਡਾਰੀਆਂ ਨੂੰ ਮੈਡਲ, ਸਰਟੀਫਿਕੇਟ ਤੇ ਟੀ-ਸ਼ਰਟਾਂ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪ੍ਰੇਰਿਤ ਕੀਤਾ ਗਿਆ ਕਿ ਉਹ ਖੇਡਾਂ ਨਾਲ ਜੁੜ ਕੇ ਚੰਗੀ ਸਿਹਤ ਬਣਾਉਣ ਤੇ ਆਪਣਾ, ਆਪਣੇ ਮਾਪਿਆਂ ਦੇ ਨਾਲ-ਨਾਲ ਆਪਣੇ ਸੂਬੇ ਤੇ ਦੇਸ਼ ਦਾ ਨਾਮ ਰੌਸ਼ਨ ਕਰਨ।ਇਸ ਬੈਡਮਿੰਟਨ ਟੂਰਨਾਮੈਂਟ ਵਿੱਚ ਸਿੰਗਲ, ਡਬਲ ਤੇ ਮਿਕਸ ਡਬਲ ਇਵੈਂਟ ਕਰਵਾਏ ਗਏ, ਜਿਨ੍ਹਾਂ ਵਿੱਚ ਅੰਡਰ 11 ਸਾਲ, 13 ਸਾਲ, 15 ਸਾਲ, 17 ਸਾਲ, 19 ਸਾਲ ਤੇ ਸੀਨੀਅਰ ਲੜਕੇ ਤੇ ਲੜਕੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ।ਜ਼ਿਲ੍ਹਾ ਪੁਲਸ ਮੁਖੀ ਵੱਲੋਂ ਅਪੀਲ ਕੀਤੀ ਗਈ ਕਿ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਨਸ਼ਾ ਕਰਨ ਜਾਂ ਵੇਚਣ ਵਾਲੇ ਵਿਅਕਤੀਆਂ ਬਾਰੇ ਪੁਲਸ ਨੂੰ ਇਤਲਾਹ ਦਿੱਤੀ ਜਾਵੇ।

## ਕਾਤਰਾਂ

### ਪੁਰਾਣੀ ਰੰਜਿਸ਼ ਨੂੰ ਲੈ ਕੇ ਕੁੱਟਮਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਸਬਾ ਮੁੱਦਕੀ ਵਿਖੇ ਪੁਰਾਣੇ ਝਗੜੇ ਦੇ ਚੱਲਦਿਆਂ ਇਕ ਵਿਅਕਤੀ ਦੀ ਕੁੱਟਮਾਰ ਕਰਕੇ ਉਸ ਨੂੰ ਸੱਟਾਂ ਮਾਰਨ ਦੇ ਦੋਸ਼ ਵਿੱਚ ਥਾਣਾ ਘੱਲਖੁਰਦ ਪੁਲਸ ਨੇ 5 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਖਦੀਪ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਮੁੱਦਕੀ ਨੇ ਦੱਸਿਆ ਕਿ ਉਸ ਦਾ ਕੁਝ ਵਿਅਕਤੀਆਂ ਨਾਲ ਪੁਰਾਣਾ ਝਗੜਾ ਚੱਲ ਰਿਹਾ ਹੈ। ਸੁਖਦੀਪ ਸਿੰਘ ਨੇ ਦੱਸਿਆ ਕਿ ਇਸੇ ਝਗੜੇ ਦੇ ਚੱਲਦਿਆਂ ਦੋਸ਼ੀਆਨ ਅਮਿਤ ਪੁੱਤਰ ਚਰਨ ਦਾਸ, ਨਿਰਵੈਰ ਉਰਫ ਨਿਹਾਲਾ ਪੁੱਤਰ ਬਲਦੇਵ ਸਿੰਘ, ਗਿਆਨ ਸਿੰਘ ਉਰਫ ਗਿਆਨ ਪੁੱਤਰ ਬਲਦੇਵ ਸਿੰਘ, ਇੰਦਰਜੀਤ ਸਿੰਘ ਉਰਫ ਮਨੀ ਪੁੱਤਰ ਬਲਵਿੰਦਰ ਸਿੰਘ ਉਰਫ ਬਿੱਟੂ ਡਰਾਈਵਰ ਤੇ ਬਲਵਿੰਦਰ ਸਿੰਘ ਪੁੱਤਰ ਗਿਰਾਧਰੀ ਵਾਸੀਅਨ ਮੁੱਦਕੀ ਨੇ ਹਮਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਵਿਨੋਦ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### 149 ਗ੍ਰਾਮ ਹੈਰੋਇਨ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੇ ਏਰੀਏ ਵਿੱਚ ਜਲਾਲਾਬਾਦ-ਸ਼੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਡਰੀਮ ਵਿਲਾ ਪੈਲੇਸ ਕੋਲ ਨਾਕਾਬੰਦੀ ਦੌਰਾਨ ਐੱਸ.ਟੀ.ਐੱਫ. ਬਠਿੰਡਾ ਰੇਂਜ ਦੀ ਪੁਲਸ ਵੱਲੋਂ 149 ਗ੍ਰਾਮ ਹੈਰੋਇਨ ਸਮੇਤ 1 ਵਿਅਕਤੀ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬਿਸ਼ਨ ਰਾਮ ਨੇ ਦੱਸਿਆ ਕਿ ਮਿਲੀ ਸੂਹ 'ਤੇ ਜਦੋਂ ਡਰੀਮ ਵਿਲਾ ਪੈਲੇਸ ਕੋਲ ਪੁਲਸ ਪਾਰਟੀ ਸਮੇਤ ਪੁੱਜੇ ਤਾਂ ਇਕ ਵਿਅਕਤੀ ਨੂੰ ਸਮੇਤ ਸਕੂਟਰੀ ਬਿਨਾਂ ਨੰਬਰੀ ਮਾਰਕਾ ਹਾਂਡਾ ਕਾਬੂ ਕੀਤਾ ਗਿਆ, ਇਸ ਵਿਅਕਤੀ ਨੇ ਸਕੂਟੀ ਦੇ ਹੈਂਡਲ 'ਤੇ ਇਕ ਕਾਲੇ ਰੰਗ ਦਾ ਮੋਮੀ ਲਿਫਾਫਾ ਟੰਗਿਆ ਹੋਇਆ ਸੀ। ਪੁਲਸ ਪਾਰਟੀ ਨੇ ਇਸ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 149 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ, ਪੁਲਸ ਦੀ ਪੁੱਛਗਿੱਛ ਦੌਰਾਨ ਇਸ ਵਿਅਕਤੀ ਦੀ ਪਹਿਚਾਣ ਸੁਲੱਖਣ ਸਿੰਘ ਪੁੱਤਰ ਹਰਦੀਪ ਸਿੰਘ ਵਾਸੀ ਫੱਤੂਵਾਲਾ (ਥਾਣਾ ਸਦਰ ਜਲਾਲਾਬਾਦ) ਵਜੋਂ ਹੋਈ ਹੈ।

### ਨਵੀਂ ਸਪੈਸ਼ਲ ਟਰੇਨ 25 ਤੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਦੇ ਰੇਲ ਯਾਤਰੀਆਂ ਲਈ ਖੁਸ਼ਖਬਰੀ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਰੇਲਵੇ ਵਿਭਾਗ ਅੰਮ੍ਰਿਤਸਰ ਤੋਂ ਕਟਿਹਾਰ ਵਿਚਕਾਰ 25 ਜੁਲਾਈ ਤੋਂ 17 ਅਗਸਤ ਤੱਕ ਹਫਤਾਵਾਰੀ ਸਪੈਸ਼ਲ ਟਰੇਨ ਚਲਾਉਣ ਜਾ ਰਿਹਾ ਹੈ।ਵਿਭਾਗ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਇਹ ਰੇਲ ਗੱਡੀ ਹਰ ਵੀਰਵਾਰ ਸਵੇਰੇ 4.25 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ ਤੇ ਅਗਲੇ ਦਿਨ ਬਾਅਦ ਦੁਪਹਿਰ 3 ਵਜੇ ਕਟਿਹਾਰ ਪਹੁੰਚੇਗੀ, ਉਥੋਂ ਵਾਪਸੀ ਲਈ ਇਹ ਟਰੇਨ 27 ਜੁਲਾਈ ਤੋਂ ਹਰ ਸ਼ਨੀਵਾਰ ਸਵੇਰੇ 11.30 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਅੱਧੀ ਰਾਤ 12.10 ਵਜੇ ਅੰਮ੍ਰਿਤਸਰ ਪਹੁੰਚੇਗੀ।ਦੋਵੇਂ ਦਿਸ਼ਾਵਾਂ ਵਿੱਚ ਇਸ ਟਰੇਨ ਦੇ ਸਟਾਪ ਬਿਆਸ, ਜਲੰਧਰ ਸ਼ਹਿਰ, ਲੁਧਿਆਣਾ, ਸਾਹਨੇਵਾਲ, ਅੰਬਾਲਾ ਛਾਉਣੀ, ਸਹਾਰਨਪੁਰ, ਮੁਜ਼ੱਫਰਨਗਰ, ਮੇਰਠ ਸਿਟੀ, ਹਾਪੁੜ, ਖੁਰਜਾ, ਅਲੀਗੜ੍ਹ, ਇਟਾਵਾ, ਕਾਨਪੁਰ ਸੈਂਟਰਲ, ਲਖਨਊ, ਬਾਰਾਬੰਕੀ, ਗੋਂਡਾ, ਬਸਤੀ, ਗੋਰਖਪੁਰ, ਦੇਵਰੀਆ ਸਦਰ ਹਨ।

### ਮੁੱਖ ਮੰਤਰੀ ਦੇ ਹਰੇ ਭਰੇ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਾਂਗੇ-ਔਲਖ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ ਵੱਲੋਂ ਪਿੰਡ ਮੱਲੂਮਾਜਰਾ ਵਿਖੇ ਨੌਜਵਾਨਾਂ ਦੇ ਸਹਿਯੋਗ ਨਾਲ ਪਿੰਡ ਮੱਲੂਮਾਜਰਾ ਵਿੱਚ ਵੱਖ ਵੱਖ ਕਿਸਮਾਂ ਦੇ ਫ਼ਲਦਾਰ, ਫੁੱਲਦਾਰ ਤੇ ਛਾਂਦਾਰ ਬੂਟੇ ਗਏ ਗਏ। ਉਨ੍ਹਾਂ ਕਿਹਾ ਕਿ ਅੱਜ ਵਾਤਾਵਰਣ ਸੰਭਾਲ ਸਮੇਂ ਦੀ ਮੁੱਖ ਲੋੜ ਹੈ। ਕੁਦਰਤ ਆਪਣੇ ਸਰੰਖਣ ਲਈ ਰੁੱਖ ਲਗਾਉਣ ਦੇ ਰੂਪ ਵਿੱਚ ਸਾਡੀ ਮਦਦ ਮੰਗ ਰਹੀ ਹੈ। ਰੁੱਖ ਪ੍ਰਤੱਖ ਦੇਵਤਾ ਹੈ। ਕਰੋਨਾ ਕਾਲ ਵਿੱਚ ਸਾਨੂੰ ਇਹ ਮਹਿਸੂਸ ਹੋਇਆ। ਇਸ ਲਈ ਹਰ ਕਿਸੇ ਨੂੰ ਆਪਣੇ ਅਤੇ ਆਪਣੇ ਪਰਿਵਾਰ ਦੇ ਹਰ ਖੁਸ਼ੀ ਦੇ ਮੌਕੇ ਨੂੰ ਵਣ ਮਹਾਂਉਤਸਵ ਦੇ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੱਖ ਵੱਖ ਖੁਸ਼ੀਆਂ ਦੇ ਮੌਕੇ ਵਿੱਚ ਸਾਨੂੰ ਪੌਦੇ ਲਗਾਉਣੇ ਹੀ ਨਹੀਂ, ਬਲਕਿ ਉਨ੍ਹਾਂ ਦੇ ਵੱਡੇ ਹੋਣ ਤੱਕ ਉਨ੍ਹਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਜਿੱਥੇ ਪੂਰੇ ਪੰਜਾਬ ਨੂੰ ਹਰਾ ਭਰਾ ਕਰਨ ਲਈ ਰੁੱਖ ਲਗਾਉਣ ਦੀ ਅਪੀਲ ਕੀਤੀ ਹੈ ਅਤੇ ਅਸੀਂ ਮੁੱਖ ਮੰਤਰੀ ਪੰਜਾਬ ਦੇ ਇਸ ਸੁਪਨੇ ਨੂੰ ਜਲਦੀ ਹੀ ਸਾਕਾਰ ਕਰਾਂਗੇ।

# ਸੰਧਵਾਂ ਨੇ ਸੁਣੀਆਂ ਪਿੰਡ ਦੇ ਲੋਕਾਂ ਦੀਆਂ ਸਮੱਸਿਆਵਾਂ

## 'ਮੈਂ ਤੇ ਮੇਰਾ ਰੁੱਖ' ਮੁਹਿੰਮ ਤਹਿਤ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਅਪੀਲ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਪਿੰਡ ਸੰਧਵਾਂ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਉਨ੍ਹਾਂ ਦਾ ਮੌਕੇ 'ਤੇ ਹੱਲ ਕੀਤਾ।ਸਪੀਕਰ ਸੰਧਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ ਤੇ ਇਹ ਸਰਕਾਰ ਲੋਕਾਂ ਲਈ ਹੀ ਕੰਮ ਕਰ ਰਹੀ ਹੈ।ਉਨ੍ਹਾ ਕਿਹਾ ਕਿ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਸਰਕਾਰ ਵੱਲੋਂ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਪਿੰਡ-ਪਿੰਡ ਕੈਂਪ ਲਗਾਏ ਜਾ ਰਹੇ ਹਨ, ਜਿੱਥੇ ਅਫਸਰ ਤੇ ਦਫਤਰਾਂ ਦੇ ਕਰਮਚਾਰੀ ਆਪ ਹਾਜ਼ਰ ਹੋ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕਰ ਰਹੇ ਹਨ।

ਇਸ ਮੌਕੇ ਲੋਕਾਂ ਨੂੰ ਸੰਬੋਧਤ ਹੁੰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਲੋਕ ਭਲਾਈ ਦੀ ਵਚਨਬੱਧਤਾ ਤਹਿਤ ਅਜਿਹੇ ਲੋਕ ਸੁਵਿਧਾ ਕੈਂਪਾਂ ਦਾ ਸਿਲਸਿਲਾ ਪੜਾਅਵਾਰ ਆਰੰਭ ਕੀਤਾ ਹੈ, ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸੁਵਿਧਾ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਲੈਣ।ਇਸ ਤੋਂ ਇਲਾਵਾ ਉਨ੍ਹਾ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਵਾਤਾਵਰਣ ਦੀ ਸੰਭਾਲ ਲਈ ਵਿੱਢੀ ਮੁਹਿੰਮ 'ਮੈਂ ਤੇ ਮੇਰਾ ਰੁੱਖ' ਦੀ ਪ੍ਰਸ਼ੰਸਾ ਕਰਦਿਆਂ ਅਪੀਲ ਕੀਤੀ ਕਿ ਹਰ ਇੱਕ ਮਨੁੱਖ ਖੁਸ਼ੀ ਤੇ ਗਮੀ ਮੌਕੇ ਸਾਂਝੀਆਂ ਥਾਵਾਂ 'ਤੇ ਜਾਂ ਆਪਣੇ ਘਰ ਦੇ ਨੇੜੇ ਇੱਕ-ਇੱਕ ਰੁੱਖ ਲਾ ਕੇ ਉਨ੍ਹਾਂ ਦੀ ਸੰਭਾਲ ਯਕੀਨੀ ਬਣਾਈ ਜਾਵੇ।

# ਸ਼ੰਭੂ ਬਾਰਡਰ ਖੁੱਲ੍ਹਦੇ ਹੀ ਅੱਜ ਹੋਣਗੇ ਕਾਫਲੇ ਦਿੱਲੀ ਰਵਾਨਾ : ਜਸਦੇਵ ਲਲਤੋਂ



**ਚੌਂਕੀਮਾਨ (ਬਲਬੀਰ ਮਾਨ)**-ਦਸਮੇਸ਼ ਕਿਸਾਨ-ਮਜ਼ਦੂਰ ਯੂਨੀਅਨ (ਰਜਿ:) ਜ਼ਿਲ੍ਹਾ ਲੁਧਿਆਣਾ ਦੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੀ ਇੱਕ ਅਹਿਮ ਮੀਟਿੰਗ ਪਿੰਡ ਮੁੱਲਾਂਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਇਕਾਈਆਂ ਦੇ ਪ੍ਰਧਾਨ/ਸਕੱਤਰਾਂ ਨੇ ਵੀ ਸ਼ਮੂਲੀਅਤ ਯਕੀਨੀ ਬਣਾਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਜ਼ਿਲ੍ਹਾ ਸਕੱਤਰ ਜਸਦੇਵ ਸਿੰਘ ਲਲਤੋਂ, ਮੀਤ ਪ੍ਰਧਾਨ ਬਲਜੀਤ ਸਿੰਘ ਸਵੱਦੀ, ਜ਼ਿਲ੍ਹਾ ਖਜ਼ਾਨਚੀ ਅਮਰੀਕ ਸਿੰਘ ਤਲਵੰਡੀ, ਸਹਾਇਕ ਸਕੱਤਰ ਰਣਜੀਤ ਸਿੰਘ ਗੁੜੇ, ਗੁਰਸੇਵਕ ਸਿੰਘ ਸੋਨੀ, ਡਾ. ਗੁਰਮੇਲ ਸਿੰਘ ਗੁੜੇ, ਗੁਰਦੇਵ ਸਿੰਘ ਮੁੱਲਾਂਪੁਰ ਤੇ ਜਰਨੈਲ ਸਿੰਘ ਮੁੱਲਾਂਪੁਰ ਨੇ ਕਿਹਾ ਕਿ 22 ਜੁਲਾਈ ਨੂੰ ਸੁਪਰੀਮ ਕੋਰਟ 'ਚ ਹਰਿਆਣਾ ਸਰਕਾਰ ਦੀ ਦੂਜੀ ਐੱਸ. ਐੱਲ. ਪੀ. (ਸਪੈਸ਼ਲ ਲੀਵ ਪਟੀਸ਼ਨ) ਦਾ ਸੰਭਾਵੀ ਨਿਪਟਾਰਾ ਹੋਣ 'ਤੇ ਸ਼ੰਭੂ ਸਮੇਤ ਸਾਰੇ ਬਾਰਡਰ ਖੁੱਲ੍ਹਦੇ ਸਾਰ 200 ਕਿਸਾਨ ਜਥੇਬੰਦੀਆਂ ਦੇ ਸਾਂਝੇ ਫੋਰਮ ਦੇ ਜੁਝਾਰੂ ਕਾਫਲੇ ਟਰੈਕਟਰ-ਟਰਾਲੀਆਂ ਅਤੇ ਟੈਂਟਾਂ ਦੇ ਸਾਜ਼ੋ-ਸਾਮਾਨ ਸਮੇਤ ਤਿੰਨ ਦਿਨ ਦੇ ਅੰਦਰ ਅੰਦਰ ਦਿੱਲੀ ਕੂਚ ਦੇ ਸੰਗਰਾਮੀ ਫੈਸਲੇ ਨੂੰ ਲਾਜ਼ਮੀ ਲਾਗੂ ਕਰ ਦੇਣਗੇ, 13 ਫਰਵਰੀ ਤੋਂ ਆਰੰਭ ਹੋਇਆ ਦਿੱਲੀ ਮੋਰਚਾ-2 ਐੱਮ ਐੱਸ ਪੀ ਦੀ ਗਰੰਟੀ ਵਾਲਾ ਕਾਨੂੰਨ ਬਣਵਾਉਣ ਤੇ ਦੇਸ਼ ਭਰ ਦੇ ਕਿਸਾਨਾਂ, ਮਜ਼ਦੂਰਾਂ ਦੀ ਕਰਜ਼ਾ ਮੁਕਤੀ ਕਰਵਾਉਣ ਸਮੇਤ 12 ਨੁਕਾਤੀ ਮੰਗ ਪੱਤਰ ਦੀ ਲਿਖਤੀ ਪੂਰਤੀ ਰੂਪੀ ਅੰਤਿਮ ਜਿੱਤ ਤੱਕ ਲਗਾਤਾਰ ਜਾਰੀ ਰਹੇਗਾ, ਹੋਰ ਵਿਸ਼ਾਲ ਤੇ ਹੋਰ ਤੇਜ਼ ਹੋਵੇਗਾ।

ਇਸ ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਮਾਨ, ਅਵਤਾਰ ਸਿੰਘ ਤਾਰ, ਸਰਵਿੰਦਰ ਸਿੰਘ ਸੁਧਾਰ, ਗੁਰਦੀਪ ਸਿੰਘ ਸਵੱਦੀ, ਸੋਹਣ ਸਿੰਘ ਸਵੱਦੀ, ਗੁਰਚਰਨ ਸਿੰਘ ਤਲਵੰਡੀ, ਗੁਰਪਾਲ ਸਿੰਘ ਤਲਵੰਡੀ, ਅਮਰਜੀਤ ਸਿੰਘ ਖੰਜਰਵਾਲ, ਡਾ. ਗੁਰਮੇਲ ਸਿੰਘ ਕੁਲਾਰ, ਜੱਥੇਦਾਰ ਗੁਰਮੇਲ ਸਿੰਘ ਢੱਟ, ਗੁਰਦੀਪ ਸਿੰਘ ਮੰਡਿਆਣੀ, ਜਗਦੇਵ ਸਿੰਘ ਗੁੜੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਸਰਕਲ ਪਟਿਆਲਾ ਦੀ ਚੋਣ



**ਰਾਜਪੁਰਾ (ਰਮੇਸ਼ ਕਟਾਰੀਆ)**
ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ (ਰਜਿ.) ਸਰਕਲ ਪਟਿਆਲਾ ਦੇ ਅਹੁਦੇਦਾਰਾਂ ਦੀ ਚੋਣ ਸਕੱਤਰ ਪੰਜਾਬ ਸੰਤੋਖ ਸਿੰਘ ਬੋਪਾਰਾਏ ਤੇ ਮੀਤ ਪ੍ਰਧਾਨ ਪੰਜਾਬ ਰਾਜਿੰਦਰ ਸਿੰਘ ਦੀ ਮੌਜੂਦਗੀ ਵਿੱਚ ਪ੍ਰਧਾਨਗੀ ਮੰਡਲ ਜੀਵਨ ਸਿੰਘ ਰਾਜਪੁਰਾ ਪ੍ਰਧਾਨ, ਭਿੰਦਰ ਸਿੰਘ ਹੈੱਡ ਆਫਿਸ ਪ੍ਰਧਾਨ ਤੇ ਪਲਵਿੰਦਰ ਸਿੰਘ ਪ੍ਰਧਾਨ ਨਾਭਾ ਦੀ ਪ੍ਰਧਾਨਗੀ ਹੇਠ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਸੈਂਕੜੇ ਸਾਥੀਆਂ ਨੇ ਭਾਗ ਲਿਆ।

ਸਰਕਲ ਕਮੇਟੀ ਦੀ ਚੋਣ ਸਮੇਂ ਸੋਹਣ ਸਿੰਘ ਨਾਭਾ ਸਰਪ੍ਰਸਤ, ਚਰਨ ਸਿੰਘ ਰਾਜਪੁਰਾ ਪ੍ਰਧਾਨ, ਪ੍ਰਮਜੀਤ ਸਿੰਘ ਭੁੱਲਰ ਸੀਨੀਅਰ ਮੀਤ ਪ੍ਰਧਾਨ, ਅਨਿਲ ਕੁਮਾਰ ਚੋਪੜਾ ਤੇ ਜੋਗਿੰਦਰ ਸਿੰਘ ਚੱਠਾ ਰਾਜਪੁਰਾ ਮੀਤ ਪ੍ਰਧਾਨ, ਵਿਪਿਨ ਕੁਮਾਰ ਪਟਿਆਲਾ ਸਕੱਤਰ, ਜਗਦੀਸ਼ ਸਿੰਘ ਤੇ ਗੁਰਜੀਤ ਸਿੰਘ ਜੁਆਇੰਟ ਸਕੱਤਰ, ਕਸ਼ਮੀਰ ਸਿੰਘ ਬਾਬਾ ਰਾਜਪੁਰਾ ਪ੍ਰਚਾਰ ਸਕੱਤਰ, ਜਸਪਾਲ ਸਿੰਘ ਜੇਜੀ ਰਾਜਪੁਰਾ ਖਜ਼ਾਨਚੀ ਅਤੇ ਅਸ਼ਵਨੀ ਕੁਮਾਰ ਦਫ਼ਤਰੀ ਸਕੱਤਰ ਚੁਣੇ ਗਏ।

# ਸਪਰਿੰਗਡਿਊ ਸਕੂਲ 'ਚ ਵਿਦਿਆਰਥੀ ਗਤੀਵਿਧੀਆਂ ਦਾ ਆਯੋਜਨ



**ਜਗਰਾਉਂ (ਅਮਿਤ ਖੰਨਾ)**-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗਡਿਊ ਸਕੂਲ ਨਾਨਕਸਰ ਵਿਖੇ ਸਕੂਲ ਦੇ ਜੂਨੀਅਰ ਸੈਕਸ਼ਨਾਂ ਵਿੱਚ ਨਰਸਰੀ, ਐੱਲ ਕੇ ਜੀ ਤੇ ਯੂ ਕੇ ਜੀ ਦੇ ਬੱਚਿਆਂ ਲਈ ਵੱਖ-ਵੱਖ ਗਤੀਵਿਧੀਆ ਦਾ ਆਯੋਜਨ ਪ੍ਰਿੰਸੀਪਲ ਨਵਨੀਤ ਚੌਹਾਨ ਦੀ ਅਗਵਾਈ ਹੇਠ ਕਰਵਾਇਆ ਗਿਆ। ਗਤੀਵਿਧੀਆ ਦੌਰਾਨ ਥੰਮ ਇੰਪਰੈਸ਼ਨ ਪ੍ਰਿੰਟਿੰਗ, ਫੈਮਿਲੀ ਟਰੀ ਐਕਟੀਵਿਟੀ ਤੇ ਹਿੰਦੀ, ਇੰਗਲਿਸ਼ ਕਵਿਤਾ ਕੰਪੀਟੀਸ਼ਨ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਆਪਣੀ ਕਾਰਗੁਜ਼ਾਰੀ ਦਾ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ।ਫੈਮਿਲੀ ਟਰੀ ਗਤੀਵਿਧੀ ਰਾਹੀਂ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਕ ਰਿਸ਼ਤਿਆਂ ਬਾਰੇ ਅਤੇ ਉਨ੍ਹਾਂ ਦੀ ਮਹੱਤਤਾ ਬਾਰੇ ਬੜੇ ਹੀ ਰੌਚਿਕ ਢੰਗ ਨਾਲ ਅਧਿਆਪਕਾਂ ਦੁਆਰਾ ਪ੍ਰਦਰਸ਼ਤ ਕੀਤਾ ਗਿਆ।ਇਸ ਦੌਰਾਨ ਵਾਇਸ ਪ੍ਰਿੰਸੀਪਲ ਸ੍ਰੀ ਬੇਅੰਤ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਗਤੀਵਿਧੀਆਂ ਦਾ ਮੁੱਖ ਮਕਸਦ ਬੱਚਿਆਂ ਵਿੱਚ ਸਵੈ ਵਿਸ਼ਵਾਸ ਨੂੰ ਪ੍ਰਫੁਲਤ ਕਰਨਾ, ਉਨ੍ਹਾਂ ਵਿੱਚ ਭਾਸ਼ਾ ਤੇ ਕਲਾ ਦੇ ਪਰਵਾਰ ਨੂੰ ਪ੍ਰਫੁਲਤ ਕਰਨਾ ਅਤੇ ਇਕਜੁੱਟ ਹੋ ਕੇ ਟੀਮ ਦੀ ਤਰ੍ਹਾਂ ਕੰਮ ਨੂੰ ਕਰਨਾ ਸਿੱਖਣਾ ਅਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਪ੍ਰਫੁਲਤ ਕਰਨਾ ਹੈ।ਸਕੂਲ ਦੇ ਪ੍ਰੈਜ਼ੀਡੈਂਟ ਮਨਜੋਤ ਚੌਹਾਨ ਨੇ ਅਧਿਆਪਕਾਂ ਦੀ ਸਹਾਰਨਾ ਕਰਦਿਆਂ ਕਿਹਾ ਕਿ ਨੰਨ੍ਹੇ ਮੁੰਨੇ ਬੱਚਿਆਂ ਨੂੰ ਇਸ ਤਰ੍ਹਾਂ ਸਿਖਾਉਣਾ ਬੇਹੱਦ ਪ੍ਰਭਾਵਸ਼ਾਲੀ ਹੈ, ਉਨ੍ਹਾਂ ਜੂਨੀਅਰ ਵਿੰਗ ਦੇ ਸਾਰੇ ਅਧਿਆਪਕ ਮੈਡਮ ਵੰਦਨਾ, ਪ੍ਰਭਦੀਪ ਕੌਰ, ਸਤਵੀਰ ਕੌਰ, ਹਰਮਨਦੀਪ ਕੌਰ ਤੇ ਹਰਪ੍ਰੀਤ ਕੌਰ ਦੀ ਸ਼ਲਾਘਾ ਕੀਤੀ।ਇਸ ਸਮੇਂ ਮੈਨੇਜਮੈਂਟ ਕਮੇਟੀ ਵੱਲੋਂ ਚੇਅਰਮੈਨ ਬਲਦੇਵ ਬਾਵਾ ਤੇ ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਅਤੇ ਮੈਨੇਜਰ ਮਨਦੀਪ ਚੌਹਾਨ ਆਦਿ ਸ਼ਾਮਲ ਸਨ।

# ਪਾਸਟਰਜ਼ ਤੇ ਚਰਚ ਚੈਰੀਟੇਬਲ ਸੁਸਾਇਟੀ ਨੇ ਪੌਦੇ ਲਗਾਏ




**ਲਹਿਰਾਗਾਗਾ (ਪਵਨ ਸ਼ਰਮਾ)**-ਪਾਸਟਰਜ਼ ਤੇ ਚਰਚ ਚੈਰੀਟੇਬਲ ਸੁਸਾਇਟੀ ਜ਼ਿਲ੍ਹਾ ਸੰਗਰੂਰ ਦੇ ਬਲਾਕ ਪ੍ਰਧਾਨ ਪਾਸਟਰ ਪ੍ਰਸ਼ਾਂਤ ਦੀ ਅਗਵਾਈ 'ਚ ਕਾਠਪੁਲ ਬਸਤੀ ਲਹਿਰਾ ਵਿਖੇ ਲੋੜਵੰਦ ਬੱਚਿਆਂ ਨੂੰ ਕਾਪੀਆਂ, ਪੈਨ ਤੇ ਹੋਰ ਸਟੇਸ਼ਨਰੀ ਦਾ ਸਾਮਾਨ ਵੰਡਣ ਉਪਰੰਤ ਬਲਾਕ ਪ੍ਰਧਾਨ ਨੇ ਕਿਹਾ ਕਿ ਸਾਡੀ ਸੰਸਥਾ ਚੈਰੀਟੇਬਲ ਵੱਲੋਂ ਲੋੜਵੰਦ ਬੱਚਿਆਂ ਦੀ ਮਦਦ ਤੇ ਹੋਰ ਸਮਾਜ ਸੇਵੀ ਕੰਮਾਂ ਵਿੱਚ ਆਪਣਾ ਬਣਦਾ ਸਹਿਯੋਗ ਪਾਉਣ ਲਈ ਹਮੇਸ਼ਾ ਯਤਨਸ਼ੀਲ ਰਹੇਗੀ। ਇਸ ਮੌਕੇ ਚੈਰੀਟੇਬਲ ਸੰਸਥਾ ਵੱਲੋਂ ਵਾਤਾਵਰਣ ਨੂੰ ਸਾਫ ਸੁੱਥਰਾ ਰੱਖਣ ਲਈ ਸਾਂਝੀਆਂ ਥਾਵਾਂ 'ਤੇ ਬੂਟੇ ਲਾਉਣ ਉਪਰੰਤ ਕਿਹਾ ਕਿ ਜੋ ਬੂਟੇ ਲਾਏ ਗਏ ਹਨ, ਇਨ੍ਹਾਂ ਦੀ ਸਮੇਂ ਸਮੇਂ 'ਤੇ ਦੇਖਭਾਲ ਕੀਤੀ ਜਾਵੇਗੀ।ਇਸ ਮੌਕੇ ਪਾਸਟਰ ਥੌਮਸ, ਪਾਸਟਰ ਰਾਮਵੀਰ, ਪਾਸਟਰ ਰਜਿੰਦਰ, ਪਾਸਟਰ ਮਦਨ ਮਸੀਹ, ਪਾਸਟਰ ਹਿਜ਼ਕੀਏਲ ਹਾਜ਼ਰ ਸਨ।

# ਛਲੇੜੀ ਖੁਰਦ ਦੇ ਆਮ ਆਦਮੀ ਕਲੀਨਿਕ ਨੂੰ ਵਾਟਰ ਕੂਲਰ, ਇਨਵਰਟਰ ਤੇ ਕੁਰਸੀਆਂ ਭੇਟ




**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਛਲੇੜੀ ਖੁਰਦ ਦੇ ਆਮ ਆਦਮੀ ਕਲੀਨਿਕ ਵਿਖੇ ਆਉਣ ਵਾਲੇ ਮਰੀਜ਼ਾਂ ਤੇ ਸਟਾਫ ਮੈਂਬਰਾਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ।ਵਿਧਾਇਕ ਐਡ. ਲਖਵੀਰ ਸਿੰਘ ਰਾਏ ਦੇ ਯਤਨਾਂ ਸਦਕਾ ਪਿੰਡ ਦੇ ਆਮ ਆਦਮੀ ਕਲੀਨਿਕ ਲਈ ਵਾਟਰ ਕੂਲਰ, ਇਨਵਰਟਰ ਤੇ ਬੈਟਰੀ, ਕੁਰਸੀਆਂ ਤੇ ਮੇਜ ਦਿੱਤੇ ਗਏ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਛਲੇੜੀ ਖੁਰਦ ਦੇ ਸਾਬਕਾ ਪੰਚਾਇਤ ਮੈਂਬਰ ਤੇ ਸਮਾਜ ਸੇਵਕ ਹਰਵਿੰਦਰ ਸਿੰਘ ਸੋਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੁਣ ਇੱਥੇ ਆਉਣ ਵਾਲੇ ਮਰੀਜ਼ਾਂ ਨੂੰ ਪੀਣ ਵਾਲੇ ਠੰਢੇ ਪਾਣੀ ਦੀ ਸਹੂਲਤ ਤੇ ਬਿਜਲੀ ਜਾਣ ਉਪਰੰਤ ਲੱਗਣ ਵਾਲੇ ਕੱਟਾਂ ਤੋਂ ਨਿਜਾਤ ਮਿਲੇਗੀ।ਉਨ੍ਹਾਂ ਦੱਸਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਇਨ੍ਹਾਂ ਮੰਗਾਂ ਸਬੰਧੀ ਉਹ ਹਲਕਾ ਵਿਧਾਇਕ ਐਡ. ਰਾਏ ਦੇ ਸੰਪਰਕ ਵਿੱਚ ਸਨ ਤੇ ਉਨ੍ਹਾਂ ਵੱਲੋਂ ਜਗਜੀਤ ਸਿੰਘ ਰਿਉਣਾ, ਗੱਜਣ ਸਿੰਘ ਜਲਵੇੜਾ ਤੇ ਗੁਰਜੀਤ ਸਿੰਘ ਛਲੇੜੀ ਕਲਾਂ ਦੀ ਡਿਊਟੀ ਲਗਾਈ।ਇਸ ਮੌਕੇ ਆਮ ਆਦਮੀ ਕਲੀਨਿਕ ਦੀ ਨਵ-ਨਿਯੁਕਤ ਡਾ. ਸਹਿਜਦੀਪ ਕੌਰ ਨੇ ਵਿਧਾਇਕ ਲਖਬੀਰ ਸਿੰਘ ਰਾਏ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਚੀਜ਼ਾਂ ਨਾਲ ਆਮ ਆਦਮੀ ਕਲੀਨਿਕ ਦੇ ਸਟਾਫ ਮੈਂਬਰਾਂ ਤੋਂ ਇਲਾਵਾ ਨੇੜਲੇ 12 ਪਿੰਡਾਂ ਤੋਂ ਆਉਣ ਵਾਲੇ ਮਰੀਜ਼ਾਂ ਨੂੰ ਵੀ ਬਹੁਤ ਫਾਇਦਾ ਹੋਵੇਗਾ। ਉਨ੍ਹਾ ਕਲੀਨਿਕ ਲਈ ਹਲਕਾ ਵਿਧਾਇਕ ਤੋਂ ਆਫਿਸ ਕੁਰਸੀਆਂ ਦੀ ਮੰਗ ਵੀ ਕੀਤੀ।ਉਨ੍ਹਾ ਦੱਸਿਆ ਕਿ ਆਮ ਆਦਮੀ ਕਲੀਨਿਕ ਵਿੱਚ ਸਾਰੀਆਂ ਦਵਾਈਆਂ ਉਪਲੱਬਧ ਹਨ ਤੇ ਉਨ੍ਹਾ ਲੋਕਾਂ ਨੂੰ ਇਸ ਸਹੂਲਤ ਦਾ ਫਾਇਦਾ ਉਠਾਉਣ ਦੀ ਅਪੀਲ ਕੀਤੀ।ਇਸ ਮੌਕੇ ਰਣਵੀਰ ਕੌਰ, ਕੁਲਦੀਪ ਸਿੰਘ, ਕਰਮਜੀਤ ਕੌਰ, ਨਰਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

# ਕਲਾਲ ਮਾਜਰਾ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕਲਾਲ ਮਾਜਰਾ ਵਿਖੇ ਡੀ ਐੱਸ ਪੀ ਕੰਵਲਪਾਲ ਸਿੰਘ ਬਾਜਵਾ ਦੀ ਅਗਵਾਈ ਹੇਠ ਨੌਜਵਾਨਾਂ ਤੇ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਪੁਲਸ ਥਾਣਾ ਮਹਿਲ ਕਲਾਂ ਵੱਲੋਂ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਇਸ ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ ਦੌਰਾਨ ਸਬ ਇੰਸਪੈਕਟਰ ਦਰਸ਼ਨ ਸਿੰਘ ਨੇ ਜਿੱਥੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਨੌਜਵਾਨਾਂ ਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ, ਉਥੇ ਨਸ਼ਿਆਂ ਦੀ ਰੋਕਥਾਮ ਲਈ ਨਗਰ ਨਿਵਾਸੀਆਂ ਨਾਲ ਵਿਚਾਰ ਚਰਚਾ ਕਰਕੇ ਉਨ੍ਹਾਂ ਦੇ ਸੁਝਾਅ ਪ੍ਰਾਪਤ ਕੀਤੇ।ਉਨ੍ਹਾਂ ਨਸ਼ਿਆਂ ਦੀ ਰੋਕਥਾਮ ਲਈ ਨਗਰ ਨਿਵਾਸੀਆਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਨਸ਼ੇ ਦੇ ਤਸਕਰਾਂ ਦੀ ਸਹੀ ਜਾਣਕਾਰੀ ਪੁਲਸ ਨੂੰ ਦੇਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਸਹੀ ਜਾਣਕਾਰੀ ਦੇਣ ਵਾਲੇ ਦਾ ਨਾਂਅ ਤੇ ਪਤਾ ਗੁਪਤ ਰੱਖਿਆ ਜਾਵੇਗਾ।ਗੁਰਪ੍ਰੀਤ ਸਿੰਘ ਟਾਟਾ, ਪਲਵਿੰਦਰ ਸਿੰਘ ਪਿੰਦੂ ਨੇ ਨਸ਼ਿਆਂ ਖਿਲਾਫ ਕੈਂਪ ਲਗਾਉਣ ਲਈ ਧੰਨਵਾਦ ਕਰਦਿਆਂ ਨਸ਼ਿਆਂ ਦੀ ਰੋਕਥਾਮ ਲਈ ਨਗਰ ਨਿਵਾਸੀਆਂ ਵੱਲੋਂ ਸਹਿਯੋਗ ਦੇਣ ਦਾ ਭਰੋਸਾ ਦੁਆਇਆ। ਇਸ ਮੌਕੇ ਹਰਪ੍ਰੀਤ ਸਿੰਘ, ਅਜੀਤ ਸਿੰਘ ਫੌਜੀ, ਬਲਦੇਵ ਸਿੰਘ ਫੌਜੀ, ਨਛੱਤਰ ਸਿੰਘ ਫੌਜੀ, ਸਵਰਨ ਸਿੰਘ, ਲੱਖਸੁਮਨ ਸਿੰਘ, ਜੱਗਾ ਸਿੰਘ, ਜੋਗਿੰਦਰ ਸਿੰਘ, ਰਾਮਪ੍ਰਵੇਸ਼ ਸਿੰਘ, ਖੁਸ਼ਪਾਲ ਸਿੰਘ, ਜਗਦੀਸ਼ ਸਿੰਘ, ਸੁਖਪ੍ਰੀਤ ਸਿੰਘ, ਭੋਲਾ ਸਿੰਘ ਆਦਿ ਹਾਜ਼ਰ ਸਨ।

# ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਸਰਗਰਮ, ਲਾਰਵੇ ਦਾ ਨਿਰੀਖਣ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਿਵਲ ਸਰਜਨ ਡਾ. ਪ੍ਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ ਦੀ ਨਿਗਰਾਨੀ ਹੇਠ ਚੱਲ ਰਹੇ ਹੇਠ ਐੱਨ ਵੀ ਬੀ ਡੀ ਸੀ ਪੀ ਪ੍ਰੋਗਰਾਮ ਅਧੀਨ ਸਿਹਤ ਬਲਾਕ ਫਤਹਿਗੜ੍ਹ ਪੰਜਗਰਾਈਆਂ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ ਐੱਸ ਭਿੰਡਰ ਦੀ ਅਗਵਾਈ ਹੇਠ ਬਲਾਕ ਭਰ 'ਚ ਟੀਮਾਂ ਵੱਲੋਂ ਲਾਰਵੇ ਦਾ ਨਿਰੀਖਣ ਕਰਦੇ ਹੋਏ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਮੀਡੀਆ ਇੰਚਾਰਜ ਰਾਜੇਸ਼ ਰਿਖੀ ਤੇ ਬੀ.ਈ.ਈ. ਹਰਪ੍ਰੀਤ ਕੌਰ ਨੇ ਦੱਸਿਆ ਕਿ ਬਲਾਕ ਭਰ 'ਚ ਸਬ ਸੈਂਟਰ ਤੇ ਸੈਕਟਰ ਪੱਧਰ 'ਤੇ ਟੀਮਾਂ ਵੱਲੋਂ ਡੇਂਗੂ ਤੋਂ ਬਚਾਅ ਲਈ ਮਨਾਏ ਜਾਂਦੇ ਫਰਾਈ ਡੇਅ ਡਰਾਈ ਡੇਅ ਲਈ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਇਸ ਮੌਕੇ ਡਾ. ਜੀ ਐੱਸ ਭਿੰਡਰ ਨੇ ਕਿਹਾ ਕਿ ਲਗਾਤਾਰ ਖੜੇ ਪਾਣੀ 'ਚ ਲਾਰਵੇ ਦੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ, ਇਸ ਲਈ ਸ਼ੁੱਕਰਵਾਰ ਨੂੰ ਵਿਸ਼ੇਸ਼ ਤੌਰ 'ਤੇ ਟੀਮਾਂ ਜ਼ਿਆਦਾ ਖਤਰੇ ਵਾਲੀਆਂ ਥਾਵਾਂ 'ਤੇ ਲਾਰਵੇ ਦਾ ਨਿਰੀਖਣ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਅਗਾਮੀ ਮਹੀਨਿਆਂ 'ਚ ਡੇਂਗੂ ਦੇ ਕੇਸ ਵਧਣ ਦੇ ਅਸਾਰ ਹੁੰਦੇ ਹਨ, ਇਸ ਲਈ ਸਮੂਹ ਸਿਹਤ ਕਾਮਿਆਂ ਵੱਲੋਂ ਡੇਂਗੂ ਤੋਂ ਬਚਾਅ ਲਈ ਕੰਮ ਤੇਜ਼ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਘਰਾਂ, ਦਫਤਰਾਂ ਵਿੱਚ ਕਿਸੇ ਵੀ ਥਾਂ ਵਾਧੂ ਪਾਣੀ ਨਾ ਖੜਨ ਦਿੱਤਾ ਜਾਵੇ ਤੇ ਮੱਛਰ ਦੇ ਕੱਟਣ ਤੋਂ ਬਚਾਅ ਕੀਤਾ ਜਾਵੇ।ਇਸ ਮੌਕੇ ਬਲਾਕ ਪ੍ਰੋਗਰਾਮ ਇੰਚਾਰਜ ਕਰਮਦੀਨ, ਐੱਸ ਆਈ ਗੁਲਜ਼ਾਰ ਖਾਨ, ਸਾਦਿਕ ਮੁਹੰਮਦ, ਹਰਭਜਨ ਸਿੰਘ, ਸਤਿੰਦਰ ਸਿੰਘ ਸਮੇਤ ਸਮੂਹ ਸਿਹਤ ਕਾਮੇ ਹਾਜ਼ਰ ਸਨ।

# ਸਰਕਾਰੀ ਸਕੂਲ ਬੁਰਜਹਰੀ ਵਿਖੇ ਵੱਡੀ ਗਿਣਤੀ 'ਚ ਬੂਟੇ ਲਗਾਏ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਵੱਲੋਂ ਚਲਾਈ ਗਈ ਵਿਸ਼ੇਸ਼ ਮੁਹਿੰਮ ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ.) ਸ੍ਰੀਮਤੀ ਭੁਪਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੈਕੰਡਰੀ ਸਕੂਲ ਬੁਰਜਹਰੀ ਵਿਖੇ ਸਕੂਲ ਮੁਖੀ ਸੰਦੀਪ ਢੰਡ ਦੀ ਅਗਵਾਈ 'ਚ ਰੁੱਖ ਲਗਾਓ ਮੁਹਿੰਮ ਤਹਿਤ ਸਮੂਹ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਸਕੂਲ ਅਹਾਤੇ ਅਤੇ ਆਲ਼ੇ ਦੁਆਲ਼ੇ ਵੱਡੀ ਗਿਣਤੀ ਵਿੱਚ ਫੁੱਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ।ਸਵੇਰੇ ਦੀ ਸਭਾ ਵਿੱਚ ਬੂਟੇ ਲਗਾਉਣ ਦੀ ਮਹੱਤਤਾ ਤੇ ਉਨ੍ਹਾਂ ਦੀ ਸਾਂਭ ਸੰਭਾਲ ਪ੍ਰਤੀ ਵਚਨਬੱਧਤਾ ਪ੍ਰਗਟਾਉਂਦਿਆਂ ਸਹੁੰ ਵੀ ਚੁਕਾਈ ਗਈ।ਸਕੂਲ ਇੰਚਾਰਜ ਸੰਦੀਪ ਢੰਡ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਸਬੰਧੀ ਜਾਗਰੂਕ ਕੀਤਾ ਤੇ ਇਸ ਨੂੰ ਬਚਾਉਣ ਲਈ ਸੁਹਿਰਦ ਯਤਨ ਕਰਨ ਲਈ ਪ੍ਰੇਰਿਆ।ਸੁਖਜਿੰਦਰ ਸਿੰਘ ਮੈਥ ਮਾਸਟਰ ਤੇ ਹਰਦੀਪ ਸਿੰਘ ਸ. ਸ. ਮਾਸਟਰ ਨੇ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ।ਗੁਰਜੀਤ ਸਿੰਘ ਡੀ.ਪੀ.ਈ, ਰੋਹਿਤ ਕੁਮਾਰ, ਨਰਿੰਦਰ ਸਿੰਘ ਤੇ ਸੁਖਚੈਨ ਸਿੰਘ ਸੇਵਾਦਾਰ ਵੱਲੋਂ ਬੂਟੇ ਲਿਆਉਣ ਅਤੇ ਲਗਵਾਉਣ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ।ਇਸ ਮੌਕੇ ਰਾਜ ਸਿੰਘ, ਲਛਮਣ ਸਿੰਘ, ਨਛੱਤਰ ਸਿੰਘ, ਮੈਡਮ ਜਗਦੀਪ ਕੌਰ, ਮੈਡਮ ਪਿੰਕਲ, ਹਰਬਿੰਦਰ ਕੌਰ, ਮਨਪ੍ਰੀਤ ਕੌਰ, ਮੈਡਮ ਹੇਮਲਤਾ, ਸੋਨੀਆ ਰਾਣੀ ਤੇ ਅਮਨਦੀਪ ਕੌਰ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

# ਕਾਰਗਿਲ ਵਿਜੇ ਦਿਵਸ ਦੀ ਸਿਲਵਰ ਜੁਬਲੀ 'ਤੇ ਏਅਰ ਫੋਰਸ ਸਟੇਸ਼ਨ ਭਿਸੀਆਣਾ ਵਿਖੇ ਹਵਾਈ ਪ੍ਰਦਰਸ਼ਨੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਭਾਰਤੀ ਹਥਿਆਰਬੰਦ ਸੈਨਾਵਾਂ ਵੱਲੋਂ ਦੇਸ਼ ਦੀ ਸੇਵਾ ਵਿੱਚ ਕੀਤੀ ਗਈ ਬਹਾਦਰੀ ਤੇ ਕੁਰਬਾਨੀ ਨੂੰ ਮਾਨਤਾ ਦਿੰਦੇ ਹੋਏ ਏਅਰ ਫੋਰਸ ਸਟੇਸ਼ਨ ਭਿਸੀਆਣਾ ਵਿਖੇ ਕਾਰਗਿਲ ਵਿਜੇ ਦਿਵਸ ਸਿਲਵਰ ਜੁਬਲੀ ਬੜੇ ਹੀ ਮਾਣ ਤੇ ਉਤਸ਼ਾਹ ਨਾਲ ਮਨਾਈ ਗਈ।ਇਹ ਮਹੱਤਵਪੂਰਨ ਘਟਨਾ 1999 ਵਿੱਚ ਕਾਰਗਿਲ ਸੰਘਰਸ਼ ਵਿੱਚ ਭਾਰਤ ਦੀ ਜਿੱਤ ਦੀ 25ਵੀਂ ਵਰ੍ਹੇਗੰਢ ਨੂੰ ਦਰਸਾਉਂਦੀ ਹੈ, ਜਿਸ ਦਾ ਅੰਤ ਭਾਰਤੀ ਹਵਾਈ ਸੈਨਾ ਦੇ ਆਪ੍ਰੇਸ਼ਨ ਸਫੇਦ ਸਾਗਰ ਤੇ ਭਾਰਤੀ ਫੌਜ ਦੇ ਆਪ੍ਰੇਸ਼ਨ ਵਿਜੇ ਨਾਲ ਹੋਇਆ।ਇਹ ਅਸਲ ਵਿੱਚ ਫੌਜੀ ਹਵਾਬਾਜ਼ੀ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸੀ, ਜਿਸ ਵਿੱਚ ਇੰਨੀ ਉਚਾਈ 'ਤੇ ਟੀਚਿਆਂ ਦੇ ਵਿਰੁੱਧ ਹਵਾਈ ਸ਼ਕਤੀ ਦੀ ਸਫਲਤਾਪੂਰਵਕ ਵਰਤੋਂ ਕੀਤੀ ਗਈ ਸੀ।ਭਾਰਤੀ ਹਵਾਈ ਸੈਨਾ ਦੇ ਨੰਬਰ 17 ਸਕੁਐਡਰਨ, ਮਿਗ 21 ਟਾਈਪ 96 ਏਅਰਕ੍ਰਾਫਟ, ਜਿਸ ਨੂੰ 'ਗੋਲਡਨ ਐਰੋਜ਼' ਵੀ ਕਿਹਾ ਜਾਂਦਾ ਹੈ, ਨੇ ਫਿਰ ਏਅਰ ਫੋਰਸ ਸਟੇਸ਼ਨ ਭਿਸੀਆਣਾ 'ਤੇ ਸਥਿਤ, ਓਪਰੇਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ, ਦੁਸ਼ਮਣ ਫ਼ੌਜ ਨੂੰ ਬਾਹਰ ਖਦੇੜਨ ਲਈ ਕਈ ਖੋਜੀ ਤੇ ਹਮਲੇ ਦੇ ਮਿਸ਼ਨ ਚਲਾਏ।ਇਸ ਉਦੇਸ਼ ਲਈ ਸਕੁਐਡਰਨ ਨੂੰ ਆਪ੍ਰੇਸ਼ਨ ਦੌਰਾਨ ਸ਼ਾਨਦਾਰ ਸੇਵਾਵਾਂ ਲਈ ਵੱਕਾਰੀ 'ਬੈਟਲ ਆਨਰਜ਼' ਨਾਲ ਸਨਮਾਨਤ ਕੀਤਾ ਗਿਆ।ਇਸ ਵਿਲੱਖਣ ਯੂਨਿਟ ਨੇ ਓਪਰੇਸ਼ਨ ਸਫੇਦ ਸਾਗਰ ਵਿੱਚ ਹਿੱਸਾ ਲੈਣ ਵਾਲੀਆਂ ਹਵਾਈ ਸੈਨਾ ਦੀਆਂ ਇਕਾਈਆਂ ਵਿੱਚੋਂ ਸਭ ਤੋਂ ਵੱਧ ਸਨਮਾਨ ਤੇ ਪੁਰਸਕਾਰ ਜਿੱਤੇ ਹਨ, ਜਿਸ ਵਿੱਚ ਇੱਕ ਵੀਰ ਚੱਕਰ ਵੀ ਸ਼ਾਮਲ ਹੈ, ਜੋ ਕਿ ਸੰਘਰਸ਼ ਦੌਰਾਨ ਉਸ ਦੀ ਬਹਾਦਰੀ ਲਈ ਸਕੁਐਡਰਨ ਲੀਡਰ ਅਜੈ ਆਹੂਜਾ (ਮਰਨ ਉਪਰੰਤ) ਨੂੰ ਦਿੱਤਾ ਗਿਆ ਸੀ।ਇਸ ਮੌਕੇ ਵੈਸਟਰਨ ਏਅਰ ਕਮਾਂਡ ਦੇ ਸੀਨੀਅਰ ਏਅਰ ਸਟਾਫ਼ ਅਧਿਕਾਰੀ ਏਅਰ ਮਾਰਸ਼ਲ ਪੀ. ਕੇ. ਵੋਹਰਾ ਨੇ ਏਅਰ ਫੋਰਸ ਸਟੇਸ਼ਨ ਭਿਸੀਆਣਾ ਵਿਖੇ ਜੰਗੀ ਯਾਦਗਾਰ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ।ਇਸ ਮੌਕੇ ਸਾਬਕਾ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਬੀ. ਐੱਸ. ਧਨੋਆ (ਸੇਵਾਮੁਕਤ), ਸ੍ਰੀਮਤੀ ਅਲਕਾ ਆਹੂਜਾ (ਸਵਰਗੀ ਸਕੁਐਡਰਨ ਲੀਡਰ ਅਜੈ ਆਹੂਜਾ ਦੀ ਪਤਨੀ), ਓਪਰੇਸ਼ਨ ਸਫੇਦ ਸਾਗਰ ਐਵਾਰਡੀ ਤੇ ਭਾਰਤੀ ਹਵਾਈ ਸੈਨਾ ਦੇ ਅਧਿਕਾਰੀ ਮੌਜੂਦ ਸਨ।ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਨੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਤ ਕਰਦਿਆਂ ਉਨ੍ਹਾਂ ਨਾਲ ਗੱਲਬਾਤ ਕੀਤੀ।ਏਰੀਅਲ ਡਿਸਪਲੇ ਕੀਤੇ ਗਏ ਸਨ, ਜਿਸ ਵਿੱਚ ਅਕਾਸ਼ ਗੰਗਾ ਸਕਾਈਡਾਈਵਿੰਗ ਟੀਮ ਦੁਆਰਾ ਪੈਰਾ-ਡ੍ਰੌਪ, ਤਿੰਨ ਰਾਫੇਲ ਤੇ ਤਿੰਨ ਜੈਗੁਆਰ ਲੜਾਕੂ ਜਹਾਜ਼ਾਂ ਦੁਆਰਾ 'ਵਿਕ' ਗਠਨ, ਸਲਿਦਰਿੰਗ ਤੇ ਸਮਾਲ ਟੀਮ ਇਨਸਰਸ਼ਨ ਐਂਡ ਐਕਸਟਰੈਕਸ਼ਨ (ਐਸਟੀਆਈਈ) ਓਪਰੇਸ਼ਨ ਐੱਮ ਆਈ-ਏ ਜੀ ਏ ਵੀ ਹੈਲੀਕਾਪਟਰ ਤੇ ਸੁਖੋਈ ਦੁਆਰਾ ਫਲਾਈਪਾਸਟ ਸ਼ਾਮਲ ਸਨ।ਸਕੂਲੀ ਬੱਚਿਆਂ ਸਮੇਤ 5000 ਤੋਂ ਵੱਧ ਦਰਸ਼ਕਾਂ ਨੇ ਹਵਾਈ ਪ੍ਰਦਰਸ਼ਨੀ ਨੂੰ ਦੇਖਿਆ, ਜਿਸ ਨੇ ਹਵਾਈ ਯੋਧਿਆਂ ਦੀ ਬਹਾਦਰੀ, ਸ਼ੁੱਧਤਾ ਤੇ ਸਮਰਪਣ ਦਾ ਪ੍ਰਦਰਸ਼ਨ ਕੀਤਾ ਅਤੇ ਭਾਰਤੀ ਹਵਾਈ ਸੈਨਾ ਦੁਆਰਾ ਆਪ੍ਰੇਸ਼ਨ ਸੁਰੱਖਿਅਤ ਸਾਗਰ ਦੇ ਸੰਚਾਲਨ ਬਾਰੇ ਨੌਜਵਾਨ ਪੀੜ੍ਹੀ 'ਤੇ ਅਮਿੱਟ ਛਾਪ ਛੱਡੀ। ਏਅਰ ਫੋਰਸ ਸਟੇਸ਼ਨ ਭਿਸੀਆਣਾ ਵਿਖੇ ਮਨਾਏ ਗਏ ਕਾਰਗਿਲ ਵਿਜੇ ਦਿਵਸ ਸਮਾਰੋਹ ਨੇ ਨਾ ਸਿਰਫ਼ ਬਹਾਦਰ ਸੈਨਿਕਾਂ ਦੀ ਬਹਾਦਰੀ ਤੇ ਕੁਰਬਾਨੀ ਦਾ ਸਨਮਾਨ ਕੀਤਾ, ਬਲਕਿ ਨੌਜਵਾਨ ਪੀੜ੍ਹੀ ਦੀ ਦਲੇਰੀ, ਸਮਰਪਣ ਤੇ ਦੇਸ਼ ਭਗਤੀ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦੀ ਵਚਨਬੱਧਤਾ ਨੂੰ ਵੀ ਮਜ਼ਬੂਤ ਕੀਤਾ।ਜਿਵੇਂ ਕਿ ਸਾਡਾ ਰਾਸ਼ਟਰ ਭਵਿੱਖ ਵੱਲ ਦੇਖਦਾ ਹੈ, ਇਸ ਸਮਾਰੋਹ ਦੁਆਰਾ ਯਾਦ ਦਿਵਾਇਆ ਗਿਆ ਕਿ ਸਾਡੇ ਨਾਇਕਾਂ ਦੀ ਅਮੀਰ ਵਿਰਾਸਤ ਸਾਨੂੰ ਅਡੋਲ ਸੰਕਲਪ ਨਾਲ ਸੁਰੱਖਿਆ ਤੇ ਸੇਵਾ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ।

# ਸਰੀਰਕ ਤੌਰ 'ਤੇ ਚੁਣੌਤੀਆਂ ਹੰਢਾਅ ਰਹੇ ਵਿਅਕਤੀਆਂ ਦਾ ਮਜ਼ਾਕ ਉਡਾਉਣਾ ਅਤਿਅੰਤ ਮੰਦਭਾਗਾ : ਗੁਪਤਾ, ਡਾ. ਰੋਡੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਫਿਜੀਕਲੀ ਚੈਲਿੰਜ ਐਸੋਸੀਏਸ਼ਨ ਦੀ ਮੀਟਿੰਗ ਨਗਰ ਨਿਗਮ ਮੋਗਾ ਵਿਖੇ ਪ੍ਰੇਮ ਭੂਸ਼ਨ ਗੁਪਤਾ ਦੀ ਰਹਿਨੁਮਾਈ ਹੇਠ ਡਾ. ਹਰਨੇਕ ਸਿੰਘ ਰੋਡੇ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਭਾਰਤ ਦੀਆਂ ਸਨਮਾਨਯੋਗ ਸ਼ਖਸੀਅਤਾਂ ਵੱਲੋਂ ਅਤਿ ਦਰਜੇ ਦੀ ਘਟੀਆ ਤੇ ਸ਼ਰਮਨਾਕ ਹਰਕਤ ਦੀ ਨਿਖੇਧੀ ਕੀਤੀ ਗਈ। ਇਨ੍ਹਾਂ ਭਾਰਤੀ ਕ੍ਰਿਕਟ ਖਿਡਾਰੀਆਂ ਨੇ ਇੱਕ ਗੀਤ ਉੱਪਰ ਸਰੀਰਕ ਪੱਖੋਂ ਕਸ਼ਟਦਾਇਕ ਹਾਲਤਾਂ ਹੰਢਾ ਰਹੇ ਵਿਆਕਤੀਆਂ ਦੀ ਨਕਲ ਉਤਾਰ ਕੇ ਮਨਾਂ ਨੂੰ ਠੇਸ ਪਹੁੰਚਾਉਣ ਵਾਲੀ ਵੀਡੀਓ ਵਾਇਰਲ ਕੀਤੀ ਗਈ, ਜਿਸ ਨੂੰ ਵੱਖ ਵੱਖ ਚੈਨਲਾਂ ਨੇ ਇਸ ਨੂੰ ਆਪਣੀਆਂ ਖ਼ਬਰਾਂ ਵਿੱਚ ਦਿਖਾਇਆ। ਇਸ ਦੇ ਪ੍ਰਤੀਕਰਮ ਵਜੋਂ ਪੱਤਰਕਾਰਾਂ ਨੇ, ਟੈਲੀਵਿਜ਼ਨ ਦੇ ਕੁਝ ਚੈਨਲਾਂ ਨੇ ਸੰਵਾਦ ਰਚਾ ਕੇ ਉਨ੍ਹਾਂ ਦੀ ਇਸ ਹਰਕਤ ਨੂੰ ਅਤਿ ਸ਼ਰਮਨਾਕ ਹਰਕਤ ਗਰਦਾਨਿਆ। ਇਸ ਮੀਟਿੰਗ ਵਿੱਚ ਇਨ੍ਹਾਂ ਖਿਡਾਰੀਆਂ ਦੀ ਇਸ ਮਨੁੱਖੀ ਸੰਵੇਦਨਹੀਣਤਾ ਦੀ ਹਰਕਤ ਦੀ ਨਿਖੇਧੀ ਕਰਕੇ ਇਸ ਨੂੰ ਸਮਾਜ ਦੇ ਅਤਿ ਪੀੜਤ ਵਰਗ 'ਤੇ ਇੱਕ ਮਾਨਸਿਕ ਹਮਲਾ ਕਰਾਰ ਦਿੱਤਾ ਅਤੇ ਇਸ ਨੂੰ ਸਰੀਰਕ ਤੌਰ 'ਤੇ ਚੁਣੌਤੀਆਂ ਹੰਢਾ ਰਹੇ ਮਨੁੱਖਾਂ ਲਈ ਬਣੇ ਐਕਟ 95 ਤੇ ਐਕਟ 2016 ਦੀਆਂ ਸਨਮਾਨ ਦੇਣ ਦੀਆਂ ਧਰਾਵਾਂ ਦੀ ਥਾਂ ਕਾਨੂੰਨੀ ਉਲੰਘਣਾ ਕਰਾਰ ਦੇ ਕੇ ਉਨ੍ਹਾਂ ਨੇ ਇੱਕ ਬੱਜਰ ਗ਼ਲਤੀ ਕੀਤੀ ਹੈ। ਪੰਜਾਬ ਦਾ ਖਿਡਾਰੀ ਹਰਭਜਨ ਸਿੰਘ ਭਜੀ, ਜੋ ਕਿ ਕ੍ਰਿਕਟ ਖਿਡਾਰੀ ਨਾਲੋਂ ਵੱਧ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਰਾਜ ਸਭਾ ਦਾ ਮੈਂਬਰ ਹੈ, ਉਸ ਨੇ ਸਦਨ ਵਿੱਚ ਸਰੀਰਕ ਤੌਰ 'ਤੇ ਚੁਣੌਤੀਆਂ ਹੰਢਾ ਰਹੇ ਵਿਅਕਤੀਆਂ ਦੇ ਅਧਿਕਾਰਾਂ ਜਾਂ ਬਣਦੇ ਮਨੁੱਖੀ ਹੱਕਾਂ ਦੀ ਗੱਲ ਕਰਨੀ ਤਾਂ ਦੂਰ, ਸਗੋਂ ਉਹ ਮਸਖਰਾ ਬਣ ਕੇ ਆਪਣੇ ਬੌਧਿਕ ਪੱਧਰ ਦਾ ਦੀਵਾਲਾ ਕੱਢ ਚੁੱਕਾ ਹੈ ਅਤੇ ਜਿਸ ਸਿਆਸੀ ਧਿਰ ਨੇ ਉਸ ਨੂੰ ਆਪਣੇ ਨੁਮਾਇੰਦੇ ਵਜੋਂ ਰਾਜ ਸਭਾ ਵਿੱਚ ਭੇਜਿਆ ਹੈ, ਉਸ 'ਤੇ ਸਵਾਲੀਆ ਚਿੰਨ੍ਹ ਖੜ੍ਹਾ ਕਰ ਦਿੱਤਾ ਹੈ ਕਿ ਪੰਜਾਬ ਦਾ ਹੀਰਾ ਇਹ ਹਰਕਤ ਕਰਕੇ ਕਬਾੜੀਏ ਦਾ ਕੱਚ ਸਿੱਧ ਹੋਇਆ ਹੈ। ਕੁਝ ਜਥੇਬੰਦੀਆਂ ਤੇ ਸੁਹਿਰਦ ਲੋਕਾਂ ਨੇ ਅਦਾਲਤ ਵਿੱਚ ਇਨ੍ਹਾਂ ਦੋਸ਼ੀਆਂ ਖਿਲਾਫ਼ ਕੇਸ ਦਰਜ ਕਰਨ ਦੀ ਦਰਖਾਸਤ ਦਿੱਤੀ ਹੈ। ਇਨ੍ਹਾਂ ਖਿਲਾਫ਼ ਹਰ ਹਾਲਤ ਵਿੱਚ ਕੇਸ ਦਰਜ ਹੋਣਾ ਚਾਹੀਦਾ ਹੈ। ਮੀਟਿੰਗ ਵਿੱਚ ਇਹ ਵੀ ਵਿਚਾਰਿਆ ਗਿਆ ਕਿ ਸਰੀਰਕ ਤੌਰ 'ਤੇ ਚੁਣੌਤੀਆਂ ਹੰਢਾ ਰਹੇ ਵਿਅਕਤੀਆਂ ਦੇ ਇਤਿਹਾਸ ਵਿੱਚ ਇਨ੍ਹਾਂ ਦੀ ਅਪਾਹਜ ਲੋਕਾਂ ਪ੍ਰਤੀ ਇਹ ਘਿਨੌਣੀ ਹਰਕਤ ਵੀ ਯਾਦ ਰਹੇਗੀ। ਕੁਝ ਲੋਕ ਇਹ ਕਹਿ ਰਹੇ ਹਨ ਕਿ ਉਨ੍ਹਾਂ ਨੇ ਮੁਆਫ਼ੀ ਮੰਗ ਲਈ ਹੈ ਤੇ ਮਸਲੇ ਨੂੰ ਉਭਾਰਨਾ ਨਹੀਂ ਚਹੀਦਾ, ਪਰ ਇਹ ਠੀਕ ਨਹੀਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਲੱਥੀ ਹੱਥ ਨਾ ਆਂਵਦੀ, ਦਾਨਸ਼ਮੰਦਾਂ ਦੀ ਪੱਤ। ਹਕੀਕਤ ਇਹ ਹੈ ਕਿ ਪੈਸੇ ਦੀ ਬਹੁਤਾਤ ਕਾਰਨ ਇਨ੍ਹਾਂ ਦਾ ਦਿਮਾਗ਼ ਸੱਤਵੇਂ ਅਸਮਾਨ 'ਤੇ ਹੈ ਤੇ ਆਪਣੇ ਵਰਗੇ ਲੋਕ ਇਨ੍ਹਾਂ ਨੂੰ ਕੀੜੇ ਮਕੌੜੇ ਲੱਗਦੇ ਹਨ। ਮੀਟਿੰਗ ਵਿੱਚ ਇਨ੍ਹਾਂ ਦੋਸ਼ੀਆਂ ਖਿਲਾਫ਼ ਇੱਕਮੁੱਠ ਹੋ ਕੇ ਕੇਸ ਦਰਜ ਕਰਕੇ ਬਣਦੀ ਸਜ਼ਾ ਦੁਆਉਣ ਦੀ ਸਰਕਾਰ ਤੋਂ ਮੰਗ ਕੀਤੀ ਗਈ ਅਤੇ ਹਰਭਜਨ ਸਿੰਘ ਦੀ ਰਾਜ ਸਭਾ ਦੀ ਮੈਂਬਰੀ ਰੱਦ ਕਰਕੇ ਵਾਪਸ ਬੁਲਾਉਣ ਲਈ ਕਿਹਾ ਗਿਆ। ਇਸ ਮੀਟਿੰਗ ਵਿੱਚ ਬਲਵਿੰਦਰ ਦੌਲਤਪੁਰਾ, ਕੁਲਬੀਰ ਬਹੋਨਾ, ਮੀਨਾ ਕੁਮਾਰੀ, ਚਰਨਜੀਤ ਕੌਰ ਤੇ ਗੁਰਮੇਲ ਸਿੰਘ ਬੌਡੇ ਅਤੇ ਅਨੇਕਾਂ ਸਰੀਰਕ ਤੌਰ 'ਤੇ ਪੀੜਤ ਸਾਥੀ ਹਾਜ਼ਰ ਸਨ।

# ਅਰਮੀਨੀਆ ਦੀ ਜੇਲ੍ਹ 'ਚ ਫਸੇ ਪੁੱਤਰ ਦੀ ਰਿਹਾਈ ਲਈ ਮਾਪੇ ਸੰਤ ਸੀਚੇਵਾਲ ਨੂੰ ਮਿਲੇ



**ਸ਼ਾਹਕੋਟ (ਗਿਆਨ ਸੈਦਪੁਰੀ)**- ਅਰਮੀਨੀਆ ਦੀ ਜੇਲ੍ਹ ਵਿੱਚ ਪਿਛਲੇ ਇੱਕ ਮਹੀਨੇ ਤੋਂ ਫਸੇ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਨੌਜਵਾਨ ਮਨੀਸ਼ ਅਰੋੜਾ ਦੇ ਪਰਵਾਰ ਵੱਲੋਂ ਮੈਂਬਰ ਪਾਰਲੀਮੈਂਟ ਸੰਤ ਬਲਬੀਰ ਸਿੰਘ ਸੀਚੇਵਾਲ ਕੋਲ ਪਹੁੰਚ ਕਰਕੇ ਆਪਣੇ ਪੁੱਤਰ ਨੂੰ ਸਹੀ ਸਲਾਮਤ ਵਾਪਸ ਲਿਆਉਣ ਦੀ ਗੁਹਾਰ ਲਗਾਈ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੇ ਨੌਜਵਾਨ ਦੇ ਮਾਤਾ-ਪਿਤਾ ਨੇ ਦੱਸਿਆ ਕਿ ਉਹ ਪਿਛਲੇ ਇੱਕ ਮਹੀਨੇ ਤੋਂ ਆਪਣੇ ਪੁੱਤਰ ਲਈ ਪਲ ਪਲ ਮਰ ਰਹੇ ਹਨ। ਏਜੰਟ ਵੱਲੋਂ ਜਾਰਜੀਆ ਦੀ ਸਰਹੱਦ 'ਤੇ ਛੱਡ ਦਿੱਤਾ ਗਿਆ ਸੀ, ਜਿੱਥੇ ਉਸ ਨੂੰ ਉੱਥੋਂ ਦੀ ਪੁਲਸ ਵੱਲੋਂ ਫੜ ਲਿਆ ਗਿਆ। ਪਰਵਾਰ ਮੁਤਾਬਿਕ ਉਨ੍ਹਾਂ ਦੇ ਲੜਕੇ ਤੇ ਉਸ ਦੇ ਇੱਕ ਸਾਥੀ ਨੂੰ ਏਜੰਟ ਵੱਲੋਂ ਯੂਰਪ ਲਈ ਭੇਜਿਆ ਜਾਣਾ ਸੀ ਪਰ ਟਰੈਵਲ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਡੌਂਕੀ ਰਾਹੀਂ ਆਰਮੀਨੀਆ-ਜਾਰਜੀਆ ਰਾਹੀਂ ਸਰਹੱਦ ਪਾਰ ਕਰਾਉਣੀ ਸੀ, ਜਿੱਥੇ ਬਦਕਿਸਮਤੀ ਨਾਲ ਇਹ ਨੌਜਵਾਨ ਉੱਥੇ ਫੜ੍ਹੇ ਗਏ। ਜਿਸ ਬਾਰੇ ਇਨ੍ਹਾਂ ਨੌਜਵਾਨਾਂ ਨੂੰ ਪਹਿਲਾਂ ਕੁਝ ਵੀ ਨਹੀਂ ਦੱਸਿਆ ਗਿਆ ਸੀ। ਮਨੀਸ਼ ਦੇ ਪਿਤਾ ਨੇ ਦੱਸਿਆ ਕਿ ਇਸ ਬੁਢਾਪੇ ਵਿੱਚ ਮਨੀਸ਼ ਉਨ੍ਹਾਂ ਦਾ ਇਕਲੌਤਾ ਸਹਾਰਾ ਸੀ, ਜਿਸ ਦੇ ਇਸ ਤਰ੍ਹਾਂ ਨਾਲ ਅਚਾਨਕ ਉੱਥੇ ਫੜੇ ਜਾਣ ਨਾਲ ਉਸ ਦੀ ਬਜ਼ੁਰਗ ਮਾਂ 'ਤੇ ਬਹੁਤ ਡੂੰਘਾ ਅਸਰ ਪਿਆ ਹੈ। ਉਸ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦਾ ਜੂਨ ਮਹੀਨੇ ਤੋਂ ਬਾਅਦ ਮਨੀਸ਼ ਨਾਲ ਕੋਈ ਵੀ ਸੰਪਰਕ ਨਹੀਂ ਹੋਇਆ ਤੇ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਲੜਕੇ ਨੂੰ ਕਿੱਥੇ ਰੱਖਿਆ ਹੈ।ਪੀੜਤ ਪਰਵਾਰ ਨੂੰ ਮੈਂਬਰ ਪਾਰਲੀਮੈਂਟ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਭਰੋਸਾ ਦਿੱਤਾ ਕਿ ਉਹ ਇਨ੍ਹਾਂ ਨੌਜਵਾਨਾਂ ਦਾ ਮਸਲਾ ਵਿਦੇਸ਼ ਮੰਤਰਾਲੇ ਕੋਲ ਉਠਾਉਣਗੇ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰਨਗੇ। ਜ਼ਿਕਰਯੋਗ ਹੈ ਕਿ ਏਜੰਟਾਂ ਦੁਆਰਾ ਧੋਖਾਧੜੀ ਕਾਰਨ ਆਰਮੀਨੀਆ ਵਿੱਚ ਫਸੇ 12 ਭਾਰਤੀ ਨੌਜਵਾਨਾਂ ਦੀ ਮਦਦ ਦੀ ਇੱਕ ਦੁਖਦਾਈ ਵਾਇਰਲ ਵੀਡੀਓ ਕਲਿੱਪ ਜੋ ਕਿ ਸੋਸ਼ਲ ਮੀਡੀਆ 'ਤੇ ਖੂਬ ਘੁੰਮ ਰਹੀ ਸੀ। ਜਿਨ੍ਹਾਂ ਦੀ ਮਦਦ ਲਈ ਸੰਤ ਸੀਚੇਵਾਲ ਵੱਲੋਂ ਪਹਿਲਾਂ ਵੀ ਪਹਿਲ ਕੀਤੀ ਗਈ ਸੀ। ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਭਾਰਤੀ ਦੂਤਾਵਾਸ ਨੇ ਉਨ੍ਹਾਂ ਤੱਕ ਪਹੁੰਚ ਕਰ ਲਈ ਹੈ ਤੇ ਉਨ੍ਹਾਂ ਨਾਲ ਜੇਲ੍ਹ ਵਿੱਚ ਮੁਲਾਕਾਤ ਵੀ ਕਰ ਲਈ ਗਈ ਹੈ।

ਸੰਤ ਸੀਚੇਵਾਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਗਲਤ ਟ੍ਰੈਵਲ ਏਜੰਟਾਂ ਦੇ ਹੱਥੀ ਨਾ ਚੜ੍ਹਨ। ਸਹੀ ਢੰਗ ਨਾਲ ਵਿਦੇਸ਼ਾਂ ਨੂੰ ਜਾਣ। ਉਨ੍ਹਾਂ ਕਿਹਾ ਕਿ ਜਿਹੜੇ ਟ੍ਰੈਵਲ ਏਜੰਟਾਂ ਨੇ ਉਨ੍ਹਾਂ ਨੂੰ ਠੱਗਿਆ ਹੈ ਉਨ੍ਹਾਂ ਵਿਰੁੱਧ ਪੁਲਸ ਕੋਲ ਕੇਸ ਜ਼ਰੂਰ ਦਰਜ ਕਰਵਾਉਣ ਤਾਂ ਜੋ ਅਜਿਹੇ ਅਨਸਰਾਂ ਨੂੰ ਨੱਥ ਪਾਈ ਜਾ ਸਕੇ। ਸੰਤ ਸੀਚੇਵਾਲ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਏਜੰਟਾਂ 'ਤੇ ਸ਼ਿਕੰਜਾ ਕੱਸਣ ਜੋ ਸਾਡੇ ਨੌਜਵਾਨਾਂ ਦੀਆਂ ਖਾਹਸ਼ਾਂ ਅਤੇ ਕਮਜ਼ੋਰੀਆਂ ਦਾ ਫਾਇਦਾ ਉਠਾ ਰਹੇ ਹਨ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੇ ਦੁਖਾਂਤ ਨੂੰ ਰੋਕਿਆ ਜਾ ਸਕੇ।

## ਭੂਮੀ ਰੱਖਿਆ ਕੰਪਲੈਕਸ ਵਿਖੇ ਪੌਦੇ ਲਾਏ

**ਨਵਾਂਸ਼ਹਿਰ (ਮਨੋਜ ਲਾਡੀ)** ਜਿਵੇਂ ਪਾਣੀ ਤੋਂ ਬਿਨਾਂ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਉਸੇ ਤਰ੍ਹਾਂ ਦਰਖਤਾਂ ਦੀ ਅਣਹੋਂਦ ਕਰਕੇ ਵੀ ਸਿਹਤਮੰਦ ਜੀਵਨ ਜਿਊਣਾ ਸੰਭਵ ਨਹੀਂ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਪ੍ਰੀਤ ਸਿੰਘ ਬਾਠ ਮੰਡਲ ਭੂਮੀ ਰੱਖਿਆ ਅਫਸਰ ਨੇ ਭੂਮੀ ਰੱਖਿਆ ਕੰਪਲੈਕਸ, ਬਲਾਚੌਰ ਵਿਖੇ ਬੂਟੇ ਲਗਵਾਉਣ ਦੀ ਸ਼ੁਰੂਆਤ ਕਰਨ ਦੇ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਬਲਾਚੌਰ ਅਤੇ ਸੜੋਆ ਬਲਾਕਾਂ ਅਧੀਨ ਇੰਟੀਗਰੇਟਡ ਵਾਟਰ ਸ਼ੈੱਡ ਮੈਨੇਜਮੈਂਟ ਪ੍ਰੋਗਰਾਮ ਅਧੀਨ ਹੁਣ ਤੱਕ ਵੱਖ-ਵੱਖ ਪਿੰਡਾਂ ਵਿਚ ਲਗਭਗ 27 ਹਜ਼ਾਰ ਬੂਟੇ ਲਗਾਏ/ਵੰਡੇ ਜਾ ਚੁੱਕੇ ਹਨ। ਇਸੇ ਸਕੀਮ ਅਧੀਨ ਬਰਸਾਤਦੇ ਮੌਸਮ ਦੌਰਾਨ 10 ਹਜ਼ਾਰ ਬੂਟੇ ਹੋਰ ਲਗਾਉਣ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਵਲੋਂ ਮੰਡਲ ਨਵਾਂਸਹਿਰ ਅਧੀਨ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਦੋ-ਦੋ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਫਲਦਾਰ ਅਤੇ ਛਾਂਦਾਰ ਲਗਭਗ 32 ਬੂਟੇ ਭੂਮੀ ਰੱਖਿਆ ਕੰਪਲੈਕਸ ਵਿਚ ਕਰਮਚਾਰੀਆਂ/ਅਧਿਕਾਰੀਆਂ ਵੱਲੋਂ ਲਗਾਏ ਗਏ। ਬੂਟਿਆਂ ਨੂੰ ਪਾਣੀ ਦੇਣ ਦਾ ਪ੍ਰਬੰਧ ਤੁਪਕਾ ਸਿੰਚਾਈ ਵਿਧੀ ਰਾਹੀਂ ਕੀਤਾ ਗਿਆ। ਇਸ ਮੌਕੇ ਉਪ ਮੰਡਲ ਭੂਮੀ ਰੱਖਿਆ ਅਫਸਰ ਨਵਾਂਸਹਿਰ ਕ੍ਰਿਸਨ ਦੁੱਗਲ, ਉਪ ਮੰਡਲ ਭੂਮੀ ਰੱਖਿਆ ਅਫਸਰ ਬਲਾਚੌਰ, ਦਵਿੰਦਰ ਕਟਾਰੀਆ, ਇੰਦਰ ਮੋਹਨ ਅਵਿਨਾਸ, ਬਲਵੀਰ ਸਿੰਘ,ਰੇਣੂ ਬਾਲਾ ਅਤੇ ਵਿਭਾਗ ਦੇ ਹੋਰ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

# ਗੁ: ਸਿੰਘ ਸ਼ਹੀਦਾਂ ਸੋਹਾਣਾ 'ਚ ਭਾਈ ਤਾਰੂ ਸਿੰਘ ਦਾ ਸ਼ਹੀਦੀ ਦਿਹਾੜਾ ਸ਼ਰਧਾ-ਭਾਵਨਾ ਨਾਲ ਮਨਾਇਆ

**ਐੱਸ.ਏ.ਐੱਸ. ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਲੇ ਭਾਈ ਤਾਰੂ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਸੁਖਵਿੰਦਰ ਸਿੰਘ ਦੇ ਇੰਟਰਨੈਸ਼ਨਲ ਢਾਡੀ ਜਥੇ ਨੇ ਭਾਈ ਤਾਰੂ ਸਿੰਘ ਦੁਆਰਾ ਧਰਮ ਦੀ ਖਾਤਰ (ਗੁਰਸਿੱਖੀ ਦੀ ਮੋਹਰ) ਕੇਸਾਂ ਨੂੰ ਕਤਲ ਕਰਵਾਉਣ ਦੀ ਬਜਾਇ ਖੋਪਰੀ ਉਤਰਵਾ ਕੇ ਪ੍ਰਾਪਤ ਕੀਤੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਨਾਲ ਸੁਣਾਇਆ ।




ਭਾਈ ਅਮਰਜੀਤ ਸਿੰਘ ਖਾਲਸਾ ਦੇ ਰਾਗੀ ਜਥੇ ਨੇ ਆਪਣੇ ਰਸਭਿੰਨੇ ਕੀਰਤਨ ਨਾਲ ਇਲਾਹੀ ਬਾਣੀ ਗਵਾ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਭਾਈ ਜਰਨੈਲ ਸਿੰਘ ਸ਼੍ਰੋਮਣੀ ਪ੍ਰਚਾਰਕ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਭਾਈ ਤਾਰੂ ਸਿੰਘ ਦੇ ਜੀਵਨ ਬ੍ਰਿਤਾਂਤ ਬਾਰੇ ਜਾਣੂ ਕਰਵਾਇਆ। ਇਸ ਤੋਂ ਇਲਾਵਾ ਬੀਬੀ ਹਰਬੀਰ ਕੌਰ ਰਾਜਪੁਰਾ ਵਾਲੇ, ਭਾਈ ਅੰਮ੍ਰਿਤਪਾਲ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਗੁਰਤੇਗ ਸਿੰਘ, ਭਾਈ ਕੁਲਵਿੰਦਰ ਸਿੰਘ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ. ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਇਸ ਦਿਹਾੜੇ 'ਤੇ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਤੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਇਸ ਮੌਕੇ ਦੱਸਿਆ ਕਿ 28 ਜੁਲਾਈ ਨੂੰ ਬਾਲਾ ਪ੍ਰੀਤਮ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਦਿਨ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ, ਇੰਟਰਨੈਸ਼ਨਲ ਪੰਥਕ ਢਾਡੀ ਜਥੇ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ ।

# ਵਿਪਨ ਕੁਮਾਰ ਯੂ ਐੱਸ ਏ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ





**ਬੰਗਾ (ਅਵਤਾਰ ਕਲੇਰ)** ਪਿਛਲੇ ਦਿਨੀਂ ਮੁਕੰਦਪੁਰ ਰੋਡ ਬੰਗਾ ਤੇ ਸਥਿਤ ਮੈਰਿਜ ਪੈਲੇਸ ਵਿਖੇ ਹੋ ਰਹੇ ਵਿਆਹ ਸਮੇਂ ਬੰਗਾ ਦੇ ਅਮਰੀਕਾ ਤੋਂ ਆਏ ਨੌਜਵਾਨ ਵਿਪਨ ਕੁਮਾਰ ਪੁੱਤਰ ਮੋਹਣ ਲਾਲ ਦੀ ਪੈਲੇਸ 'ਚ ਜੈ ਮਾਲਾ ਦੀ ਰਸਮ ਨਿਭਾਉਂਦਿਆਂ ਮੌਤ ਹੋ ਗਈ ਸੀ।ਉਸ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮੁਹੱਲਾ ਸਿੱਧ ਵਿਖੇ ਕਰਵਾਇਆ ਗਿਆ।

ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਕੀਰਤਨੀ ਜਥੇ ਭਾਈ ਸੁਖਦੇਵ ਸਿੰਘ ਦੇ ਜਥੇ ਵਲੋਂ ਗੁਰਬਾਣੀ ਦਾ ਵਿਰਾਗਮਈ ਕੀਰਤਨ ਕੀਤਾ ਗਿਆ ਅਤੇ ਗੁਰਬਾਣੀ ਅਨੁਸਾਰ ਭਾਣੇ ਵਿੱਚ ਰਹਿਣ ਦਾ ਸੰਦੇਸ਼ ਦਿੱਤਾ। ਉਪਰੰਤ ਸ਼ਰਧਾਂਜਲੀ ਸਮਾਗਮ ਵਿੱਚ ਚਰਨਜੀਤ ਚੋਪੜਾ, ਡਾ. ਕਸ਼ਮੀਰ ਚੰਦ, ਡਾ. ਵੇਦ ਪ੍ਰਕਾਸ਼, ਰਾਮ ਕ੍ਰਿਸ਼ਨ ਪੱਲੀਝਿੱਕੀ ਨੇ ਕਿਹਾ ਕਿ ਪਰਮਾਤਮਾ ਵਲੋਂ ਜਨਮ ਤੇ ਮੌਤ ਦਾ ਸਮਾਂ ਨਿਸ਼ਚਤ ਕੀਤਾ ਹੋਇਆ ਹੈ। ਜਦੋਂ ਸੱਦਾ ਆਉਂਦਾ ਹੈ ਤਾਂ ਸਾਨੂੰ ਸੰਸਾਰ ਰੂਪੀ ਘਰ ਨੂੰ ਛੱਡ ਕੇ ਜਾਣਾ ਪੈਂਦਾ ਹੈ।ਪਰ ਨੌਜਵਾਨ ਪੁੱਤਰ ਦਾ ਵਿਛੋੜਾ ਸਹਿਣਾ ਬਹੁਤ ਹੀ ਔਖਾ ਹੁੰਦਾ ਹੈ। ਪਰਮਾਤਮਾ ਇਹੋ ਜਿਹੀ ਔਖੀ ਘੜੀ ਕਿਸੇ ਨੂੰ ਦੇਖਣੀ ਨਾ ਪਵੇ ਇਹੋ ਅਰਦਾਸ ਕਰਦੇ ਹਾਂ। ਇਸ ਮੌਕੇ ਪਤਨੀ ਪੂਜਾ ਪੁੱਤਰੀ ਹਰਦਿਆਲ ਸਿੰਘ ਤੇ ਪ੍ਰਕਾਸ਼ ਕੌਰ ਵਾਸੀ ਕਰਨਾਣਾ, ਪਰਵਾਰਕ ਮੈਂਬਰ ਮਾਤਾ ਸ਼ਿੰਦੋ ਦੇਵੀ, ਸੋਨਿਕਾ ਭੈਣ ਯੂਐਸਏ, ਕੁਲਵਿੰਦਰ ਰਾਮ ਚਾਚਾ ਤੋਂ ਇਲਾਵਾ ਹਲਕਾ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ, ਦਿਲਬਾਗ ਸਿੰਘ ਬਾਗੀ, ਡਾ. ਬਖਸ਼ੀਸ਼ ਸਿੰਘ, ਜਸਵਿੰਦਰ ਸਿੰਘ ਮਾਨ, ਜੀਤ ਸਿੰਘ ਭਾਟੀਆ, ਨਵਕਾਂਤ ਭਰੋਮਜਾਰਾ, ਨਰਿੰਦਰਜੀਤ ਰੱਤੂ, ਬਲਿਹਾਰ ਰਾਮ, ਅਸ਼ਵਨੀ ਭਾਰਦਵਾਜ, ਜੀਵਨ ਕੌਸ਼ਲ, ਕੁਲਬੀਰ ਪਾਬਲਾ, ਬਲਬੀਰ ਪਾਬਲਾ, ਲੇਖ ਰਾਜ, ਰਾਮ ਚੋਪੜਾ, ਸੁਖਦੇਵ ਸਿੰਘ, ਸੰਤੋਖ ਦਾਸ, ਡਾ. ਸੁਖਵਿੰਦਰ ਸਿੰਘ ਹੀਰਾ, ਜਸਵੀਰ ਕਰਨਾਣਾ, ਮਾਈਕਲ ਲੜਕੀ ਦਾ ਭਰਾ, ਕਮਲਜੀਤ ਲੜਕੀ ਦਾ ਚਾਚਾ, ਮਨੋਹਰ ਲਾਲ, ਮਨਜੋਤ ਧੀਰ, ਲੱਕੀ, ਜਸਵੀਰ ਨਰ, ਜਸਕਰਨ, ਸੁਨੀਲ, ਹਰਬਲਾਸ ਬੰਗਾ, ਅਰੁਣ ਬਾਲੀ, ਮਨਜੀਤ ਕੌਰ ਸਾਬਕਾ ਐਮਸੀ ਨਵਾਂਸ਼ਹਿਰ, ਨਿਰਮਲਾ ਦੇਵੀ ਸਾਬਕਾ ਐਮਸੀ, ਰੌਣਕੀ ਰਾਮ, ਤੀਰਥ ਸਿੰਘ, ਬਲਵੀਰ ਰਾਮ ਆਦਿ ਹਾਜਰ ਸਨ।

# ਮੁਲਾਜ਼ਮ ਆਗੂ ਰਣਬੀਰ ਢਿੱਲੋਂ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਫ਼ਗਵਾੜਾ ( ਡਾ. ਰਮਨ)**- ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਨੂੰ ਮੰਨਵਾਉਣ ਅਤੇ ਲਾਗੂ ਕਰਵਾਉਣ ਲਈ ਪੂਰੀ ਜ਼ਿੰਦਗੀ ਸੰਘਰਸ਼ਾਂ ਦੇ ਪਿੜ ਵਿੱਚ ਰਹੇ ਉੱਘੇ ਟ੍ਰੇਡ ਯੂਨੀਅਨ ਆਗੂ ਅਤੇ ਨਿਧੜਕ ਯੋਧੇ ਸਾਥੀ ਰਣਬੀਰ ਸਿੰਘ ਢਿੱਲੋਂ 92ਵੇਂ ਸਾਲ ਦੀ ਉਮਰ ਵਿੱਚ ਸੰਖੇਪ ਬੀਮਾਰੀ ਕਾਰਨ ਆਪਣੇ ਪਰਵਾਰਕ ਮੈਂਬਰਾਂ ਅਤੇ ਸੰਘਰਸ਼ਾਂ ਵਿੱਚ ਸਾਥ ਦਿੰਦੇ ਰਹੇ ਜੁਝਾਰੂ ਸਾਥੀਆਂ ਨੂੰ ਕੱਲ੍ਹ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੇ ਸਦੀਵੀ ਵਿਛੋੜੇ 'ਤੇ ਉਹਨਾਂ ਦੇ ਪਰਵਾਰਕ ਮੈਂਬਰਾਂ ਅਤੇ ਜੁਝਾਰੂ ਸਾਥੀਆਂ ਨਾਲ ਅਤਿ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬ ਪੈਂਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ,ਪ੍ਰਧਾਨ ਮੋਹਣ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਸੀਤਲ ਰਾਮ ਬੰਗਾ,ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਗੁਰਵਿੰਦਰ ਸਿੰਘ ਭੋਗਲ,ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਜੁਆਇੰਟ ਸਕੱਤਰ ਰਾਵਿੰਦਰ ਪਾਲ ਕੌਰ ਸੰਧੂ,ਵਿੱਤ ਸਕੱਤਰ ਹਰਿੰਦਰ ਸਿੰਘ, ਜੁਆਇੰਟ ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਪ੍ਰੈੱਸ ਸਕੱਤਰ ਬਲਵਿੰਦਰ ਕੌਰ ਬੰਗਾ, ਜੁਆਇੰਟ ਪ੍ਰੈੱਸ ਸਕੱਤਰ ਗੁਰਦੀਪ ਕੁਮਾਰ ਜੱਸੀ, ਐਡੀਟਰ ਹਰੀ ਓਮ ਸ਼ਰਮਾ, ਜਸਵਿੰਦਰ ਫ਼ਗਵਾੜਾ,ਨਿਰਮੋਲਕ ਸਿੰਘ ਹੀਰਾ, ਸਤਪਾਲ ਸਿੰਘ ਖੱਟਕੜ,ਰਤਨ ਸਿੰਘ, ਕ੍ਰਿਸ਼ਨ ਗੋਪਾਲ ਚੋਪੜਾ, ਪਿਆਰਾ ਰਾਮ ਪਲਾਹੀ, ਬਲਵੀਰ ਸਿੰਘ ਭੁਲਾਰਾਈ,ਕੇ.ਕੇ.ਪਾਂਡੇ,ਸੁੱਚਾ ਰਾਮ, ਹਰਭਜਨ ਲਾਲ, ਸਾਧੂ ਰਾਮ ਜੱਖੂ , ਮਲਕੀਤ ਸਿੰਘ ਆਦਿ ਨੇ ਕਿਹਾ ਕਿ ਸਾਥੀ ਢਿੱਲੋਂ ਦੇ ਸਦੀਵੀ ਵਿਛੋੜੇ ਨਾਲ ਜਿੱਥੇ ਉਹਨਾਂ ਦੇ ਸਮੁੱਚੇ ਪਰਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਸੰਘਰਸ਼ਸ਼ੀਲ ਮੁਲਾਜ਼ਮ ਲਹਿਰ ਨੂੰ ਵੀ ਸਾਥੀ ਢਿੱਲੋਂ ਦੇ ਸਦੀਵੀ ਵਿਛੋੜੇ ਨਾਲ ਕਦੇ ਵੀ ਨਾ ਪੂਰਾ ਹੋਣ ਯੋਗ ਘਾਟਾ ਪਿਆ ਹੈ ਕਿਉਂਕਿ ਸੰਘਰਸ਼ਸ਼ੀਲ ਮੁਲਾਜ਼ਮ ਲਹਿਰ ਇੱਕ ਉੱਘੇ ਟ੍ਰੇਡ ਯੂਨੀਨਿਸਟ, ਦ੍ਰਿੜ ਇਰਾਦੇ ਦੇ ਮਾਲਕ ਸੰਘਰਸ਼ੀ ਯੋਧੇ ਅਤੇ ਸੰਘਰਸ਼ਾਂ ਦੇ ਰਾਹ ਦਿਸੇਰੇ ਸਾਥੀ ਤੋਂ ਸਦਾ ਸਦਾ ਲਈ ਵਿਰਵੀ ਹੋ ਗਈ।ਸਾਥੀ ਢਿੱਲੋਂ ਵਲੋਂ ਆਪਣੇ ਜੁਝਾਰੂ ਸਾਥੀਆਂ ਨਾਲ ਮਿਲ ਕੇ ਕੀਤੇ ਸੰਘਰਸ਼ਾਂ ਨਾਲ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਸਾਥੀ ਢਿੱਲੋਂ ਨੂੰ ਸੱਚੀ ਸੁੱਚੀ ਅਤੇ ਸੂਹੀ ਸ਼ਰਧਾਂਜਲੀ ਇਹੋ ਹੀ ਹੋ ਸਕਦੀ ਹੈ ਕਿ ਅਸੀਂ ਪ੍ਰਣ ਕਰਦੇ ਹਾਂ ਕਿ ਸਾਥੀ ਢਿੱਲੋਂ ਵਲੋਂ ਦਿਖਾਏ ਸੰਘਰਸ਼ਾਂ ਦੇ ਰਾਹ ਤੇ ਚੱਲਦੇ ਹੋਏ ਉਹਨਾਂ ਵਲੋਂ ਕੀਤੀਆਂ ਪ੍ਰਾਪਤੀਆਂ ਨੂੰ ਬਰਕਰਾਰ ਰੱਖਣ ਲਈ ਲਗਾਤਾਰ ਸੰਘਰਸ਼ਸ਼ੀਲ ਰਹਿਣ ਦਾ ਉਪਰਾਲਾ ਕਰਦੇ ਰਹਾਂਗੇ।

## ਫਿਲੌਰ 'ਚ ਲੁੱਟਾਂ-ਖੋਹਾਂ ਕਰਨ ਵਾਲਿਆਂ ਨੂੰ ਪੁਲਸ ਦਾ ਖੌਫ਼ ਨਹੀਂ




**ਫਿਲੌਰ (ਨਿਰਮਲ)**- ਫਿਲੌਰ ਵਿਖੇ ਦਿਨ ਦਿਹਾੜੇ ਲੁੱਟ-ਖੋਹ ਕਰਨ ਦੀਆਂ ਦੋ ਘਟਨਾਵਾਂ ਜਿਨ੍ਹਾਂ 'ਚ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਨਗਦੀ ਅਤੇ ਮੋਬਾਇਲ ਫੋਨ ਲੁੱਟ ਕੇ ਲੁਟੇਰੇ ਫ਼ਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਵਿਮਲ ਕੁਮਾਰ (45) ਪੁੱਤਰ ਅਸ਼ੋਕ ਕੁਮਾਰ ਅਤੇ ਹੈਰੀ ਵਾਸੀ ਧੂਰੀ ਨੇ ਦੱਸਿਆ ਕਿ ਉਹ ਨਕੋਦਰ ਵਿਖੇ ਧਾਰਮਿਕ ਸਥਾਨ 'ਤੇ ਮੱਥਾ ਟੇਕ ਕੇ ਰੇਲ ਗੱਡੀ ਰਾਹੀਂ ਫਿਲੌਰ ਪਹੁੰਚੇ ਜਿੱਥੋਂ ਉਹ ਬੱਸ ਅੱਡੇ ਬੱਸ ਫੜਨ ਲਈ ਫਿਲੌਰ ਬਾਈਪਾਸ 'ਤੇ ਜਾਣ ਲੱਗੇ ਤਾਂ ਰਸਤੇ ਵਿੱਚ ਚਾਰ ਵਿਅਕਤੀ ਨੇ ਹਥਿਆਰਾਂ ਦੀ ਨੋਕ 'ਤੇ ਉਨ੍ਹਾਂ ਕੋਲੋਂ ਦੋ ਮੋਬਾਇਲ ਫੋਨ ਕੀਮਤ ਲਗਭਗ 30 ਹਜ਼ਾਰ ਅਤੇ ਨਗਦੀ ਲੁੱਟ ਕੇ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਸਾਰਾ ਕੁਝ ਲੁੱਟਣ ਉਪਰੰਤ ਉਨ੍ਹਾਂ ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਜ਼ਖ਼ਮੀ ਕਰ ਦਿੱਤਾ। ਉਕਤ ਵਿਅਕਤੀਆਂ ਵੱਲੋਂ ਧੂਰੀ ਜਾਣ ਲਈ ਲੁਟੇਰਿਆਂ ਨੇ ਕਿਰਾਇਆ ਤੱਕ ਨਹੀਂ ਛੱਡਿਆ। ਉਨ੍ਹਾਂ ਸ਼ਹਿਰ ਵਾਸੀਆਂ ਦੀ ਮਦਦ ਨਾਲ ਲੁਟੇਰਿਆਂ ਦਾ ਪਿੱਛਾ ਕੀਤਾ ਪਰ ਉਹ ਫ਼ਰਾਰ ਹੋ ਗਏ। ਇਸ ਸਬੰਧੀ ਸ਼ਹਿਰ ਵਾਸੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸੇ ਸਥਾਨ 'ਤੇ ਰੋਜ਼ਾਨਾ ਲੁੱਟ ਖੋਹ ਦੀ ਵਾਰਦਾਤ ਹੋ ਰਹੀ ਹੈ। ਪਰ ਪੁਲਸ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਉਨ੍ਹਾਂ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਲੁੱਟ-ਖੋਹ ਦੀਆਂ ਵਾਰਦਾਤਾਂ 'ਤੇ ਕਾਬੂ ਪਾਉਣ ਲਈ ਪੁਲਸ ਦੇ ਪੁਖਤਾ ਪ੍ਰਬੰਧ ਕੀਤੇ ਜਾਣ।

## ਛਾਬੜਾ ਨੇ ਪੰਜ ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਦੇ ਸੀ. ਈ. ਓ. ਨਾਲ ਕੀਤੀ ਮੀਟਿੰਗ



**ਅੱਡਾ ਸਰਾਂ (ਜਸਵੀਰ ਕਾਜਲ)** ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈੱਲਪਮੈਂਟ ਪੰਜਾਬ ਚੰਡੀਗੜ੍ਹ ਦੇ ਦਿਸ਼ਾਂ ਨਿਰਦੇਸ਼ਾਂ ਮੁਤਾਬਿਕ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਦੋਆਬਾ ਵੱਲੋਂ ਚਲਾਈਆਂ ਜਾ ਰਹੀਆਂ ਪੰਜ ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਦੇ ਸੀ. ਈ. ਓ. ਨਾਲ ਡੀ.ਡੀ.ਐਮ.ਰਜਤ ਛਾਬੜਾ ਕਲੱਸਟਰ ਮੈਂਬਰ ਜਲੰਧਰ ਵੱਲੋਂ ਮੀਟਿੰਗ ਕੀਤੀ ਗਈ। ਇਸ ਮੌਕੇ ਐਫ.ਪੀ.ਓ. ਦੇ ਵਰਕ ਅਤੇ ਰਿਕਾਰਡ ਦਾ ਨਰੀਖਣ ਕੀਤਾ ਗਿਆ।

ਸੀ.ਈ.ਓ. ਵੱਲੋ ਐਕਸ਼ਨ ਪਲਾਨ ਪੇਸ਼ ਕੀਤੇ ਗਏ ਅਤੇ ਚਰਚਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਰਜਤ ਛਾਬੜਾ ਨੇ ਕਿਹਾ ਕਿ ਐਫ.ਪੀ.ਓ. ਵੱਲੋਂ ਕਿਸਾਨਾਂ ਲਈ ਟ੍ਰੇਨਿੰਗਾਂ, ਸਬਸਿਡੀ ਅਤੇ ਸਿੱਧੀ ਮਾਰਕਿਟਿੰਗ ਵਿੱਚ ਸਹਾਇਤਾ ਦਿੱਤੀ ਜਾ ਰਹੀ ਹੈਹੈਹੈ। ਜਿਸ ਦਾ ਕਿਸਾਨਾਂ ਨੂੰ ਵੱਧ ਤੋ ਵੱਧ ਲਾਭ ਪ੍ਰਾਪਤ ਕਰਨਾ ਚਾਹੀਦਾ ਹੈਹੈ। ਇਸ ਮੌਕੇ ਸੰਬੋਧਨ ਕਰਦਿਆਂ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਦੋਆਬਾ ਨੇ ਦੱਸਿਆ ਕਿ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਬਿਹਤਰ ਕਰਨ ਅਤੇ ਉਨ੍ਹਾਂ ਦੀਆਂ ਫਸਲਾਂ ਦਾ ਸਹੀ ਮੁੱਲ ਪ੍ਰਾਪਤ ਕਰਨ ਲਈ ਐਫ.ਪੀ.ਓ. ਵੱਲੋ ਤੈਅ ਕੀਤੇ ਮਾਪਦੰਡਾਂ ਮੁਤਾਬਿਕ ਖੇਤੀਬਾੜੀ ਦੀ ਵਿਉਂਤਬੰਦੀ ਕਰਨੀ ਚਾਹੀਦੀ ਹੈ ਹੈ ਤੇ ਆਪਣੇ ਉਤਪਾਦ ਸੇਲ ਕਰਨੇ ਚਾਹੀਦੇ ਹਨ। ਇਸ ਮੌਕੇ ਸੁਮਨਾ ਦੇਵੀ ਦੇਵੀ, ਬਲ੍ਵਿੰਦਰ ਕੌਰ ਹਾਜੀਪੁਰ, ਕੁਲਵਿੰਦਰ ਕੌਰ ਹੁਸ਼ਿਓਆਰਪੁਰ ਅਤੇ ਮਧੂ ਬਾਲਾ ਟਾਡਾ ਆਦਿ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# ਕੁਦਰਤ ਤੇ ਵਾਤਾਵਰਣ ਦੀ ਸੇਵਾ ਸੰਭਾਲ 'ਚ ਆਪਣਾ ਯੋਗਦਾਨ ਪਾਈਏ : ਬਾਬਾ ਬੇਦੀ




**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਪਰਮ ਪਿਤਾ ਸੱਚੇ ਪਿਤਾ ਵਾਹਿਗੁਰੂ ਨੇ ਸੋਹਣੀ ਕੁਦਰਤ ਸਾਜ ਕੇ ਸਾਨੂੰ ਇਕ ਅਨਮੋਲ ਤੋਹਫਾ ਦਿੱਤਾ ਪਰੰਤੂ ਅੱਜ ਦੇ ਇਨਸਾਨ ਨੇ ਕੁਦਰਤ ਨਾਲ ਖਿਲਵਾੜ ਕਰਕੇ ਕਰਤੇ ਦੀ ਕੁਦਰਤ ਵਿੱਚ ਬੇਲੋੜਾ ਦਖਲ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਜੀ ਟਾਂਡਾ ਸ੍ਰੀ ਹਰਗੋਬਿੰਦਪੁਰ ਰੋਡ ਨੇੜੇ ਪਿੰਡ ਗਿੱਲ-ਕੋਟਲੀ ਵਿਖੇ ਗੁਰੂ ਘਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਦੇਵ ਸਿੰਘ ਜੀ ਬੇਦੀ ਸੋਲਵੀ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਅੰਸ-ਵੰਸ ਦਰਬਾਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਗੱਲਬਾਤ ਦੌਰਾਨ ਕੀਤਾ।

ਇਸ ਮੌਕੇ ਉਨ੍ਹਾਂ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਵਿੱਚ ਕੁਦਰਤ ਦੀ ਸਾਂਭ ਸੰਭਾਲ ਤੇ ਵਾਤਾਵਰਣ ਦੀ ਸ਼ੁੱਧਤਾ ਵਾਸਤੇ ਫਲਦਾਰ, ਛਾਂਦਾਰ, ਫੁੱਲਦਾਰ ਹਰੇ ਭਰੇ ਬੂਟੇ ਲਗਾ ਕੇ ਬਣ ਮਹਾਉਤਸਵ ਮਨਾਇਆ। ਇਸ ਮੌਕੇ ਬਾਬਾ ਸੁਖਦੇਵ ਸਿੰਘ ਬੇਦੀ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਸਾਨੂੰ ਕੁਦਰਤ ਤੇ ਵਾਤਾਵਰਣ ਦੀ ਸੇਵਾ ਸੰਭਾਲ ਦਾ ਸੰਦੇਸ਼ ਦਿੱਤਾ ਹੈ।

ਪ੍ਰੰਤੂ ਅਸੀਂ ਆਪਣੀਆਂ ਲੋੜਾਂ ਦੀ ਪੂਰਤੀ ਕਾਰਨ ਜਿੱਥੇ ਰੁੱਖਾਂ ਦੀ ਬੇਤਹਾਸ਼ਾ ਕਟਾਈ ਕੀਤੀ, ਉੱਥੇ ਹੀ ਵਾਤਾਵਰਣ ਨੂੰ ਵੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਕੀਤਾ, ਜਿਸ ਦੇ ਨਤੀਜੇ ਅੱਜ ਸਾਨੂੰ ਪੈ ਰਹੀ ਭਿਆਨਕ ਗਰਮੀ ਅਤੇ ਹੋਰ ਕੁਦਰਤੀ ਆਫਤਾਂ ਦੇ ਰੂਪ ਵਿੱਚ ਮਿਲ ਰਹੇ ਹਨ ਅਤੇ ਜੇਕਰ ਅਸੀਂ ਸਮਾਂ ਰਹਿੰਦਿਆਂ ਧਰਤੀ, ਪਾਣੀ ਵਾਤਾਵਰਣ ਅਤੇ ਕੁਦਰਤ ਪ੍ਰਤੀ ਚਿੰਤਤ ਜਾਂ ਜਾਗਰੂਕ ਨਾ ਹੋਏ ਤਾਂ ਆਉਣ ਵਾਲੇ ਸਮੇਂ ਵਿੱਚ ਸਾਨੂੰ ਇਸ ਤੋਂ ਵੀ ਭੈੜੇ ਨਤੀਜੇ ਅਤੇ ਭੈੜੇ ਹਾਲਾਤ ਦਾ ਸਾਹਮਣਾ ਕਰਨਾ ਪਵੇਗਾ।ਇਸ ਮੌਕੇ ਬਾਬਾ ਸੁਖਦੇਵ ਸਿੰਘ ਬੇਦੀ ਨੇ ਦੱਸਿਆ ਕਿ 21 ਜੁਲਾਈ ਨੂੰ ਸਾਉਣ ਮਹੀਨੇ ਦੀ ਪੂਰਨਮਾਸ਼ੀ ਗੁਰਦੁਆਰਾ ਗੁਰੂ ਨਾਨਕ ਦਰਬਾਰ ਟਾਂਡਾ ਵਿਖੇ ਬੜੀ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਜਾ ਰਹੀ ਹੈ ਤੇ ਇਸ ਮੌਕੇ ਸੰਗਤਾਂ ਨੂੰ ਬੂਟਿਆਂ ਦਾ ਪ੍ਰਸ਼ਾਦ ਵੰਡਿਆ ਜਾਵੇਗਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਾਜਰ ਸਿੰਘ ਸਹਿਬਾਜਪੁਰ ਨੇ ਦੱਸਿਆ ਕਿ ਪੂਰਨਮਾਸ਼ੀ ਦਿਹਾੜੇ ਦੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਸ੍ਰੀ ਸਹਿਜ ਪਾਠ ਦੇ ਭੋਗ ਪਾਉਣ ਉਪਰੰਤ ਧਾਰਮਿਕ ਦੀਵਾਨ ਵੀ ਸਜਾਏ ਜਾਣਗੇ। ਇਸ ਮੌਕੇ ਜਥੇਦਾਰ ਪਰਮਜੀਤ ਸਿੰਘ ਖਾਲਸਾ, ਹੈਡ ਗ੍ਰੰਥੀ ਗਿਆਨੀ ਗੁਰਵੰਤ ਸਿੰਘ, ਗੁਰਦੀਪ ਸਿੰਘ ਰਿੰਕੂ, ਗੁਰਮੀਤ ਸਿੰਘ, ਬਲਦੇਵ ਸਿੰਘ, ਦੀਦਾਰ ਸਿੰਘ ਸੁਖਪ੍ਰੀਤ ਸਿੰਘ, ਰਵਿੰਦਰ ਸਿੰਘ, ਸਰਬਜੀਤ ਸਿੰਘ ਤੋਂ ਇਲਾਵਾ ਹੋਰ ਸੇਵਾਦਾਰ ਤੇ ਸੰਗਤਾਂ ਵੀ ਹਾਜ਼ਰ ਸਨ।

# ਖੂਨਦਾਨ ਲਹਿਰ ਪ੍ਰਤੀ ਜਾਗਰੂਕਤਾ ਬਣੀ ਸ਼ਰਧਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮਨੁੱਖੀ ਸੇਵਾ ਦੇ ਖੇਤਰ ਖੂਨਦਾਨ ਪ੍ਰਤੀ ਜਾਗਰੂਕਤਾ ਦਾ ਜ਼ਿਲ੍ਹੇ ਵਿੱਚ ਕਰੀਬ 38 ਸਾਲ ਦਾ ਸਫਰ ਹੁਣ ਇਸ ਸੇਵਾ ਪ੍ਰਤੀ ਸ਼ਰਧਾ ਵਿੱਚ ਤਬਦੀਲ ਹੁੰਦਾ ਪ੍ਰਤੀਤ ਹੋ ਰਿਹਾ ਹੈ। ਜਿੱਥੇ ਖੂਨਦਾਨੀ ਫ਼ਰਿਸ਼ਤੇ ਆਪਣੇ ਦਾਨ ਲਈ ਲੋੜੀਂਦੇ ਤਿੰਨ ਮਹੀਨਿਆਂ ਦੀ ਉਡੀਕ ਵਿੱਚ ਰਹਿੰਦੇ ਹਨ ਉੱਥੇ ਉਨ੍ਹਾਂ ਖੂਨਦਾਨੀ ਫ਼ਰਿਸ਼ਤਿਆਂ ਲਈ ਰਿਫਰੈਸ਼ਮੈਂਟ ਦੀ ਮਹੀਨੇ-ਵਾਰ ਸੇਵਾ ਰਾਸ਼ੀ ਦੇਣ ਵਾਲੇ ਵਿੱਤੀ ਦਾਨੀ ਵੀ ਪਿੱਛੇ ਨਹੀਂ ਹਨ।ਅਜਿਹੀਆਂ ਤਾਜ਼ੀਆਂ ਉਦਾਹਰਨਾਂ ਵਜੋਂ ਸਿਆਚਿਨ ਗਲੇਸ਼ੀਅਰ ਵਿੱਚ ਕਠਿਨ ਡਿਊਟੀ ਦੇਣ ਵਾਲੇ ਪ੍ਰਿੰਸ ਕੁਮਾਰ ਨੇ ਸਵੈ-ਪ੍ਰੇਰਨਾ ਨਾਲ ਬੀ.ਡੀ.ਸੀ.ਬਲੱਡ ਸੈਂਟਰ ਵਿਖੇ ਖੂਨਦਾਨ ਕੀਤਾ ਜਿਨ੍ਹਾਂ ਦਾ ਸੰਸਥਾ ਵਲੋਂ ਸਨਮਾਨ ਕੀਤਾ ਗਿਆ।ਦੂਸਰਾ ਸਹਿਯੋਗ ਰਵਿੰਦਰ ਸਿੰਘ ਰਟੈਂਡਾ ਵਲੋਂ ਆਪਣੇ ਸਤਿਕਾਰਯੋਗ ਪਿਤਾ ਸਵ: ਕਮਲਜੀਤ ਸਿੰਘ ਲਾਇਲ (ਜਗਤ ਸਟੂਡੀਓ ਅੱਪਰਾ) ਦੀ ਨਿੱਘੀ ਯਾਦ ਵਿੱਚ ਖੂਨਦਾਨੀਆਂ ਲਈ ਇੱਕ ਮਹੀਨੇ ਦੀ ਰਿਫਰੈਸ਼ਮੈਂਟ ਸੇਵਾ ਭੇਟ ਕੀਤੀ ਗਈ। ਡਾ. ਅਜੇ ਬੱਗਾ ਨੇ ਕਿਹਾ ਕਿ ਮਨੁੱਖੀ ਸੇਵਾ ਦੇ ਕਾਰਜ ਵੀ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ। ਇੱਕ ਤੰਦਰੁਸਤ ਵਿਅਕਤੀ ਹੀ ਡਾਕਟਰੀ ਸ਼ਰਤਾਂ ਤਹਿਤ ਖੂਨਦਾਨੀ ਬਣ ਸਕਦਾ ਹੈ। ਜੇ.ਐਸ. ਗਿੱਦਾ ਨੇ ਖੂਨਦਾਨੀਆਂ ਲਈ ਵਿੱਤੀ ਸਹਿਯੋਗ ਕਰਨ ਵਾਲੇ ਲਹਿਲ ਪਰਵਾਰ ਦੇ ਪ੍ਰਤੀਨਿਧ ਮਹਾਂਵੀਰ ਸਿੰਘ ਨੂੰ ਸਨਮਾਨਤ ਕਰਦਿਆਂ ਦਾਨੀ ਪਰਵਾਰ ਦਾ ਸੰਸਥਾ ਵਲੋਂ ਧੰਨਵਾਦ ਕੀਤਾ।ਇਸ ਮੌਕੇ ਜੇ.ਐਸ ਗਿੱਦਾ, ਪੀ.ਆਰ.ਕਾਲੀਆ, ਡਾ. ਅਜੇ ਬੱਗਾ, ਮਨਮੀਤ ਸਿੰਘ ਮੈਨੇਜਰ, ਮਲਕੀਅਤ ਸਿੰਘ, ਰਾਜਿੰਦਰ ਠਾਕੁਰ, ਰਾਜੀਵ ਭਾਰਦਵਾਜ, ਪ੍ਰਿਅੰਕਾ ਸ਼ਰਮਾ,ਗੌਰਵ ਰਾਣਾ, ਦੀਪਕ ਕੁਮਾਰ, ਅਨੀਤਾ ਕੁਮਾਰੀ, ਸੁਨੈਨਾ ਸ਼ਰਮਾ, ਮੰਦਨਾ, ਸੁਨੈਨਾ ਸਟਾਫ ਨਰਸ ਅਤੇ ਸਟਾਫ ਹਾਜ਼ਰ ਸੀ।



# ਜੀਵਨ ਜਾਗ੍ਰਿਤੀ ਮੰਚ ਨੇ 111 ਬੂਟੇ ਲਗਾਏ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਜੀਵਨ ਜਾਗ੍ਰਿਤੀ ਮੰਚ (ਰਜਿ.) ਗੜ੍ਹਸ਼ੰਕਰ ਵੱਲੋਂ ਪੰਜਾਬ ਨੈਸ਼ਨਲ ਬੈਂਕ ਬਾੜੀਆਂ ਕਲਾਂ ਦੇ ਸਹਿਯੋਗ ਨਾਲ ਪਿੰਡ ਮੋਤੀਆ ਵਿੱਖੇ ਦੋ ਤ੍ਰਵੈਣੀਆਂ ਸਮੇਤ ਵੱਖ ਵੱਖ ਥਾਵਾਂ 'ਤੇ,ਫਲਦਾਰ, ਫੁੱਲਦਾਰ , ਛਾਂਦਾਰ ਅਤੇ ਸਿਹਤ ਲਈ ਉਪਯੋਗੀ 111 ਬੂਟੇ ਲਾਏ ਗਏ ।ਇਸ ਮੁਹਿੰਮ ਦੌਰਾਨ ਵਾਤਾਵਰਣ ਪ੍ਰੇਮੀਆਂ ਨੂੰ ਦਰੱਖਤਾਂ ਦੀ ਮਹੱਤਤਾ ਦੱਸਦੇ ਹੋਏ ਦਰਖ਼ਤ ਲਾਉਣ ਅਤੇ ਉਹਨਾਂ ਦੀ ਸਾਂਭ ਸੰਭਾਲ ਲਈ ਜਾਗਰੂਕ ਕੀਤਾ ਗਿਆ। ਜਿਸ ਕਰਕੇ ਉਹਨਾਂ ਵੱਲੋਂ ਬੂਟੇ ਲਾਉਣ ਲਈ ਭਾਰੀ ਉਤਸ਼ਾਹ ਦਿਖਾਇਆ ਗਿਆ ਅਤੇ ਲਗਾਏ ਗਏ ਬੂਟਿਆਂ ਦੀ ਸਾਂਭ ਸੰਭਾਲ ਲਈ ਪ੍ਰਣ ਕੀਤਾ ਗਿਆ।ਇਸ ਮੁਹਿੰਮ ਵਿੱਚ ਜੀਵਨ ਜਾਗ੍ਰਿਤੀ ਮੰਚ ਦੇ ਪ੍ਰਧਾਨ ਪ੍ਰਿੰਸੀਪਲ ਬਿੱਕਰ ਸਿੰਘ , ਪ੍ਰਿੰਸੀਪਲ ਸੁਰਿੰਦਰ ਪਾਲ , ਸੇਵਾ ਮੁਕਤ ਤਹਿਸੀਲਦਾਰ ਹਰੀ ਲਾਲ ਨਫ਼ਰੀ , ਵਿਜੇ ਲਾਲ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਬਾੜੀਆਂ ਕਲਾਂ , ਸੇਵਾ ਮੁਕਤ ਚੀਫ਼ ਮੈਨੇਜਰ ਹਰਦੇਵ ਰਾਏ ,ਸੇਵਾ ਮੁਕਤ ਅਧਿਆਪਕ ਹੰਸ ਰਾਜ ਅਤੇ ਅਮਰਜੀਤ ਬੰਗੜ , ਸ੍ਰੀਮਤੀ ਹਰਪਾਲ ਕੌਰ ਸਰਪੰਚ ਪਿੰਡ ਮੋਤੀਆ, ਡਾ. ਸੁਖਦੇਵ ਸਿੰਘ ,ਪੰਚ ਕਮਲਦੀਪ ਅਤੇ ਰੇਸ਼ਮ ਕੌਰ , ਆਂਗਣਵਾੜੀ ਵਰਕਰ ਸੁਨੀਤਾ ਦੇਵੀ, ਕਪਿਲਦੇਵ ,ਬਲਵੀਰ ਚੰਦ,ਸਤਨਾਮ ਸਿੰਘ ਅਤੇ ਜਸਪਾਲ ਸਿੰਘ ਆਦਿ ਸ਼ਾਮਲ ਸਨ।

ਵਰਨਣਯੋਗ ਹੈ ਕਿ ਇਹ ਬੂਟੇ ਵਣ ਮੰਡਲ ਅਫਸਰ ਗੜ੍ਹਸ਼ੰਕਰ ਹਰਭਜਨ ਸਿੰਘ ਪੀ. ਐੱਫ਼. ਐਸ. ਵਲੋਂ ਮੁਫ਼ਤ ਮੁਹੱਈਆ ਕਰਵਾਏ ਗਏ ਸਨ ।

# ਤਿੰਨ ਹੋਰ ਨਿਆਸਰਿਆਂ ਲਈ ਆਸਰਾ ਬਣਿਆ ਪ੍ਰਭੂ ਆਸਰਾ




**ਕੁਰਾਲੀ (ਮੋਹਨ ਅਗਰਵਾਲ)**- ਪਿਛਲੇ 20 ਸਾਲਾਂ ਤੋਂ ਮਾਨਸਿਕ ਤੇ ਸਰੀਰਕ ਰੋਗਾਂ ਤੋਂ ਪੀੜਤ ਬੇਸਹਾਰਾ ਨਾਗਰਿਕਾਂ ਦੇ ਇਲਾਜ, ਸਾਂਭ-ਸੰਭਾਲ ਅਤੇ ਮੁੜ-ਵਸੇਬੇ ਨੂੰ ਸਮਰਪਤ ਸੰਸਥਾ ਪ੍ਰਭ ਆਸਰਾ ਪਡਿਆਲਾ (ਕੁਰਾਲੀ) ਵਿਖੇ ਅਜਿਹੇ ਤਿੰਨ ਹੋਰ ਨਿਆਸਰਿਆਂ ਨੂੰ ਸ਼ਰਨ ਮਿਲੀ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਵਿਮਲ ਨਾਮਕ 35 ਕੁ ਸਾਲ ਦੀ ਬੀਬੀ ਕੁਰਾਲੀ-ਮੋਰਿੰਡਾ ਰੋਡ 'ਤੇ ਸਥਿਤ ਠੇਕੇ ਕੋਲ ਲਾਵਾਰਸ ਤੇ ਤਰਸਯੋਗ ਹਾਲਤ ਵਿੱਚ ਬੈਠੀ ਸੀ। ਜਿਸ ਦੀ ਸੂਚਨਾ ਕਿਸੇ ਸਮਾਜ ਦਰਦੀ ਸੱਜਣ ਨੇ ਕੰਟਰੋਲ ਰੂਮ ਨੰਬਰ 112 'ਤੇ ਦਿੱਤੀ। ਜਿਸ 'ਤੇ ਕਾਰਵਾਈ ਕਰਦਿਆਂ ਥਾਣਾ ਸਿਟੀ ਕੁਰਾਲੀ ਨੇ ਇਸ ਨੂੰ ਪ੍ਰਭ ਆਸਰਾ ਵਿਖੇ ਦਾਖਲ ਕਰਵਾਇਆ। ਇਸੇ ਤਰ੍ਹਾਂ ਕੁਲਵੰਤ ਸਿੰਘ (70) ਨੂੰ ਅਜੀਤਪਾਲ ਸਿੰਘ ਕੋਹਲੀ ਐੱਮ.ਐੱਲ.ਏ. ਪਟਿਆਲਾ (ਸ਼ਹਿਰੀ) ਦੀ ਸਿਫਾਰਸ਼ 'ਤੇ ਪ੍ਰਭ ਆਸਰਾ ਵਿਖੇ ਪਹੁੰਚਾਇਆ ਗਿਆ। ਜਿਨ੍ਹਾਂ ਦੀ ਮਾਨਸਿਕ ਸਿਹਤ ਠੀਕ ਨਹੀਂ ਅਤੇ ਆਪਣੇ ਪਿੰਡ ਵਿਖੇ ਇਕੱਲੇ ਹੀ ਰਹਿੰਦੇ ਸਨ। ਉਪਰੋਕਤਾਂ ਵਾਂਗ ਹੀ ਜਰਨੈਲ ਸਿੰਘ (52) ਨੂੰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਮੋਹਾਲੀ ਅਤੇ ਪ੍ਰਧਾਨ ਨਗਰ ਕੌਂਸਲ ਕੁਰਾਲੀ ਵੱਲੋਂ ਪ੍ਰਭ ਆਸਰਾ ਵਿਖੇ ਦਾਖਲ ਕਰਨ ਦੀ ਸਿਫਾਰਸ਼ ਕੀਤੀ ਗਈ ਕਿਉਂ ਜੋ ਸੇਵਾ ਮੁਕਤ ਗਣਿਤ ਅਧਿਆਪਕ ਜਰਨੈਲ ਸਿੰਘ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ। ਮਾਤਾ-ਪਿਤਾ ਵੀ ਅਕਾਲ ਚਲਾਣਾ ਕਰ ਗਏ ਹਨ। ਇੱਕੋ-ਇੱਕ ਧੀ ਤੇ ਪੁੱਤ ਵਿੱਚੋਂ ਧੀ ਦਾ ਵਿਆਹ ਕਰ ਦਿੱਤਾ ਪਰ ਪੁੱਤ ਮਾੜੀ ਸੰਗਤ ਦਾ ਸ਼ਿਕਾਰ ਹੋ ਗਿਆ ਅਤੇ ਹੁਣ ਜੇਲ੍ਹ ਵਿੱਚ ਹੈ। ਹੁਣ ਘਰ ਵਿੱਚ ਇਹ ਇਕੱਲੇ ਹੀ ਰਹਿੰਦੇ ਸਨ। ਪਿੰਡ ਦਾ ਇੱਕ ਬੰਦਾ ਇਨ੍ਹਾਂ ਦੀ ਦੇਖ-ਭਾਲ ਕਰਦਾ ਸੀ ਪਰ ਤਿੰਨ ਦਿਨਾਂ ਤੋਂ ਇਹ ਬੰਦਾ ਇਨ੍ਹਾਂ ਨੂੰ ਤੇ ਇਨ੍ਹਾਂ ਦੀ ਪਾਲਤੂ ਕੁੱਤੀ ਨੂੰ ਕੋਠੀ ਵਿੱਚ ਬੰਦ ਕਰਕੇ ਕਿਧਰੇ ਚਲਾ ਗਿਆ ਅਤੇ ਜਿੰਦਰੇ ਦੀ ਚਾਬੀ ਵੀ ਨਾਲ ਹੀ ਲੈ ਗਿਆ। ਇੱਕ ਡੇਢ ਦਿਨ ਤਾਂ ਕਿਸੇ ਨੂੰ ਪਤਾ ਹੀ ਨਾ ਲੱਗਿਆ ਪਰ ਜਦ ਤੋਂ ਕੁੱਤੀ ਦੇ ਲਗਾਤਾਰ ਭੌਂਕਣ ਕਾਰਨ ਗਵਾਂਢੀਆਂ ਨੂੰ ਕੁਝ ਅਣਸੁਖਾਵਾਂ ਹੋਣ ਦਾ ਸ਼ੱਕ ਹੋਇਆ। ਇੱਕ ਗਵਾਂਢਣ ਨੇ ਭਾਈਚਾਰੇ ਦੇ ਕੁਝ ਮੋਹਤਬਰਾਂ ਨੂੰ ਸੱਦਿਆ। ਜਿਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ। ਇਤਫਾਕਨ ਜਰਨੈਲ ਸਿੰਘ ਨੂੰ ਬੰਦ ਕਰਕੇ ਜਾਣ ਵਾਲਾ ਬੰਦਾ ਪੁਲਸ ਹਿਰਾਸਤ ਵਿੱਚ ਹੀ ਸੀ। ਜਿਸ ਤੋਂ ਚਾਬੀ ਲਿਆ ਕੇ ਪੁਲਸ ਨੇ ਜਿੰਦਰਾ ਖੋਲ੍ਹਿਆ। ਉਪਰੰਤ ਭਾਈਚਾਰੇ ਨੇ ਨਗਰ ਕੌਂਸਲ ਪ੍ਰਧਾਨ ਕੁਰਾਲੀ ਤੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਮੋਹਾਲੀ ਰਾਹੀਂ ਪ੍ਰਭ ਆਸਰਾ ਨੂੰ ਸੰਪਰਕ ਕੀਤਾ। ਜਿੱਥੋਂ ਰੈਸਕਿਊ ਟੀਮ ਐਂਬੂਲੈਂਸ ਰਾਹੀਂ ਇਨ੍ਹਾਂ ਨੂੰ ਸੰਸਥਾ ਵਿਖੇ ਲੈ ਆਈ। ਪ੍ਰਭ ਆਸਰਾ ਹੁਣ ਤੱਕ ਇਹੋ ਜਿਹੇ ਹਜ਼ਾਰਾਂ ਹੀ ਨਾਗਰਿਕਾਂ ਨੂੰ ਪਨਾਹ ਦੇ ਚੁੱਕਿਆ ਹੈ। ਜਿਨ੍ਹਾਂ ਵਿੱਚੋਂ ਬਹੁਤਿਆਂ ਦਾ ਇਲਾਜ ਕਰਨ ਉਪਰੰਤ ਆਪਣੀ 'ਮਿਸ਼ਨ ਮਿਲਾਪ' ਮੁਹਿੰਮ ਤਹਿਤ ਪਤੇ ਲੱਭ ਕੇ ਪਰਵਾਰਾਂ ਤੱਕ ਪਹੁੰਚਾ ਦਿੱਤਾ ਗਿਆ ਹੈ ਅਤੇ ਤਕਰੀਬਨ 450 ਨਾਗਰਿਕਾਂ ਦੀ ਹੁਣ ਵੀ ਸੇਵਾ-ਸੰਭਾਲ ਜਾਰੀ ਹੈ।

## ਆਂਚਲ ਨੇ ਮੈਰਿਟ ਸੂਚੀ 'ਚ ਕੀਤਾ ਸਥਾਨ ਹਾਸਲ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕੰਪਿਊਟਰ ਸਾਇੰਸ ਵਿਭਾਗ ਵਿਚ ਚੱਲ ਰਹੇ ਤਿੰਨ ਸਾਲਾਂ ਕੋਰਸ ਬੀ. ਸੀ. ਏ. ਭਾਗ ਦੂਜਾ ਦੀ ਵਿਦਿਆਰਥਣ ਆਂਚਲ ਨੇ ਚੌਥੇ ਸਮੈਸਟਰ ਦੇ ਨਤੀਜੇ ਵਿਚ ਮਾਅਰਕਾ ਮਾਰਦੇ ਹੋਏ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਮੈਰਿਟ ਸੂਚੀ ਵਿਚ ਸਥਾਨ ਹਾਸਿਲ ਕੀਤਾ ਹੈ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਦੱਸਿਆ ਕਿ ਵਿਦਿਆਰਥਣ ਆਂਚਲ ਨੇ ਬੀ.ਸੀ.ਏ. ਚੌਥੇ ਸਮੈਸਟਰ ਦੇ ਨਤੀਜੇ ਵਿਚ 89.8 ਫੀਸਦੀ ਅੰਕ ਹਾਸਿਲ ਕਰਕੇ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿਚ ਸਥਾਨ ਹਾਸਿਲ ਕਰਕੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।ਉਨ੍ਹਾਂ ਇਸ ਪ੍ਰਾਪਤੀ ਲਈ ਵਿਦਿਆਰਥਣ ਆਂਚਲ, ਉਸਦੇ ਮਾਪਿਆਂ, ਕੰਪਿਊਟਰ ਸਾਇੰਸ ਵਿਭਾਗ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਤੇ ਵਿਦਿਆਰਥਣ ਨੂੰ ਭਵਿੱਖ ਵਿਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।

## ਮੈਡੀਕਲ ਸਟੋਰ 'ਚੋਂ ਦਾਤਰ ਨਾਲ ਜ਼ਖ਼ਮੀ ਕਰ ਕੀਤੀ ਲੁੱਟ

**ਫਿਲੌਰ (ਨਿਰਮਲ)**- ਫਿਲੌਰ ਵਿਖੇ ਦਿਨ ਦਿਹਾੜੇ ਲੁੱਟ-ਖੋਹ ਦੀ ਦੂਜੀ ਵਾਰਦਾਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦਿਨ ਦਿਹਾੜੇ ਕਾਲੇ ਰੰਗ ਦੀ ਐਕਟਿਵਾ 'ਤੇ ਸਵਾਰ ਦੋ ਵਿਅਕਤੀਆਂ ਨੇ ਸਿਵਲ ਹਸਪਤਾਲ ਫਿਲੌਰ ਦੇ ਨਜ਼ਦੀਕ ਡਾਕਟਰ ਰਾਕੇਸ਼ ਡਰੱਗ ਸਟੋਰ ਦੇ ਅੰਦਰ ਦਾਖਲ ਹੋ ਕੇ ਦਾਤਰ ਨਾਲ ਕਰਮਚਾਰੀ 'ਤੇ ਹਮਲਾ ਕਰ ਉਸ ਨੂੰ ਜ਼ਖ਼ਮੀ ਕਰ ਗੱਲੇ ਵਿੱਚੋਂ 4 ਹਜ਼ਾਰ ਰੁਪਏ ਨਗਦੀ ਲੁੱਟ ਕੇ ਲੈ ਗਏ। ਮੌਕੇ 'ਤੇ ਹਾਜ਼ਰ ਦੁਕਾਨ ਦੇ ਕਰਮਚਾਰੀ ਜੋਗਾ ਸਿੰਘ ਵਾਸੀ ਫਿਲੌਰ ਨੇ ਲੁਟੇਰਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਵਿੱਚੋਂ ਇੱਕ ਨੇ ਦਾਤਰ ਨਾਲ ਉਸ 'ਤੇ ਹਮਲਾ ਕਰਕੇ ਜ਼ਖਮੀ ਕਰ ਦਿੱਤਾ। ਲੁਟੇਰਿਆਂ ਦੀ ਇਹ ਸਾਰੀ ਵਾਰਦਾਤ ਦੁਕਾਨ 'ਚ ਲੱਗੇ ਸੀ ਸੀ ਸੀ ਟੀ ਵੀ ਕੈਮਰੇ ਵਿੱਚ ਰਿਕਾਰਡ ਹੋ ਗਈ। ਮੌਕੇ 'ਤੇ ਥਾਣੇਦਾਰ ਅਮਰੀਕ ਸਿੰਘ ਸਾਥੀਆਂ ਨਾਲ ਪੁੱਜੇ ਤੇ ਹਰ ਵਾਰ ਵਾਲਾ ਰਟਾ ਰਟਾਇਆ ਜਵਾਬ ਦਿੱਤਾ ਤੇ ਕਿਹਾ ਕਿ ਕੈਮਰਿਆਂ ਦੀ ਜਾਂਚ ਕਰਕੇ ਜਲਦੀ ਲੁਟੇਰਿਆਂ ਨੂੰ ਕਾਬੂ ਕਰ ਲਿਆ ਜਾਵੇਗਾ। ਯਾਦ ਰਹੇ ਕਿ ਇਹ ਇੱਕ ਦਿਨ 'ਚ ਦੂਜੀ ਲੁੱਟ ਖੋਹ ਦੀ ਵਾਰਦਾਤ ਹੈ।

## ਐਲੀਮੈਂਟਰੀ ਸਕੂਲ ਨੰਗਲ ਖੂੰਗਾ 'ਚ ਵਣ-ਮਹਾਂਉਤਸਵ ਮਨਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਿੱਖਿਆ ਵਿਭਾਗ ਪੰਜਾਬ ਸਰਕਾਰ ਦੀਆਂ ਹਿਦਾਇਤਾਂ ਅਨੁਸਾਰ ਵਾਤਾਵਰਣ ਦੀ ਸੇਵਾ ਸੰਭਾਲ ਪ੍ਰਤੀ ਆਪਣੀ ਜ਼ਿੰਮੇਵਾਰੀ ਅਤੇ ਕਰਤੱਵਾਂ ਦੀ ਪਾਲਣਾ ਕਰਦੇ ਹੋਏ ਸਰਕਾਰੀ ਐਲੀਮੈਂਟਰੀ ਸਕੂਲ ਨੰਗਲ ਖੂੰਗਾ ਵਿਖੇ ਵਾਤਾਵਰਣ ਦਿਵਸ ਮਨਾਇਆ ਗਿਆ। ਜ਼ਿਲ੍ਹਾ ਸਿੱਖਿਆ ਅਫਸਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਮੁੱਖ ਅਧਿਆਪਕ ਸੰਜੀਵ ਕੁਮਾਰ ਦੀ ਅਗਵਾਈ ਵਿੱਚ ਮਨਾਏ ਗਏ ਇਸ ਵਣ ਮਹਾਉਤਸਵ ਦੌਰਾਨ ਮੈਡਮ ਸੁਮਨ ਬਾਲਾ, ਪੰਚ ਬਲਵੀਰ ਬੱਬੂ, ਮਨਜੀਤ ਕੌਰ, ਕੁਲਵਿੰਦਰ ਕੌਰ, ਨਰਿੰਦਰ ਕੌਰ ਅਤੇ ਛੋਟੇ ਬੱਚਿਆਂ ਨੇ ਭਾਗ ਲੈਂਦੇ ਹੋਏ ਸਕੂਲ ਕੰਪਲੈਕਸ ਵਿੱਚ ਵੱਖੋ ਵੱਖਰੇ ਤਰ੍ਹਾਂ ਦੇ ਪੌਦੇ ਲਗਾਏ। ਇਸ ਮੌਕੇ ਮੁੱਖ ਅਧਿਆਪਕ ਸੰਜੀਵ ਕੁਮਾਰ ਨੇ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਵੱਧ ਤੋਂ ਵੱਧ ਪੌਦੇ ਲਗਾ ਕੇ ਵਾਤਾਵਰਣ ਦੀ ਸੇਵਾ ਸੰਭਾਲ ਕਰੀਏ ਕਿਉਂਕਿ ਜੇਕਰ ਅਸੀਂ ਸਮਾਂ ਰਹਿੰਦੇ ਆਪਣੇ ਵਾਤਾਵਰਣ ਤੇ ਚੌਗਿਰਦੇ ਪ੍ਰਤੀ ਜਾਗਰੂਕ ਨਾ ਹੋਏ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਸਾਨੂੰ ਮਾੜੇ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਮੌਕੇ ਪੰਚ ਬਲਵੀਰ ਸਿੰਘ ਬੱਬੂ ਨੇ ਸਕੂਲ ਸਟਾਫ ਵੱਲੋਂ ਕੀਤੇ ਗਏ ਇਸੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅੱਜ ਵੱਧ ਤੋਂ ਵੱਧ ਪੌਦੇ ਲਗਾਉਣਾ ਅਤੇ ਉਨ੍ਹਾਂ ਦੀ ਸੇਵਾ ਸੰਭਾਲ ਕਰਨਾ ਸਮੇਂ ਦੀ ਮੁੱਖ ਲੋੜ ਹੈ।

# ਟੈਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਤਹਿਤ ਖੇਡ ਟਰਾਇਲ 28 ਨੂੰ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਵੱਲੋਂ ਜ਼ਮੀਨੀ ਪੱਧਰ ਉੱਤੇ ਨੌਜਵਾਨਾਂ ਨੂੰ ਖੇਡਾਂ ਲਈ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਟੈਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਜਿਸ ਤਹਿਤ ਜਲੰਧਰ ਜ਼ਿਲ੍ਹੇ ਦੇ ਟਰਾਇਲ ਸਰਕਾਰੀ ਆਰਟਸ ਅਤੇ ਸਪੋਰਟਸ ਕਾਲਜ, ਜਲੰਧਰ ਵਿਖੇ 28 ਜੁਲਾਈ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤਕ ਕਰਵਾਏ ਜਾਣਗੇ ਜ਼ਿਲ੍ਹਾ ਜਲੰਧਰ, ਫਿਰੋਜ਼ਪੁਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਦੇ ਲੜਕੇ ਲੜਕੀਆਂ (12 ਤੋਂ 14 ਸਾਲ) ਇਹਨਾਂ ਵਿੱਚ ਹਿੱਸਾ ਲੈ ਸਕਦੇ ਹਨ।ਟੈਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਦੇ ਕਨਵੀਨਰ ਤੇ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਪੂਰੇ ਪੰਜਾਬ ਵਿੱਚ ਟੈਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਅਤੇ ਵਿਸ਼ੇਸ਼ ਤੌਰ 'ਤੇ ਸਾਈਕਲਿੰਗ ਖੇਡ ਨਾਲ ਜੋੜਨਾ ਹੈ ਤਾਂ ਜੋ ਪੰਜਾਬ ਵਿੱਚ ਸਾਈਕਲਿੰਗ ਨੂੰ ਪ੍ਰਫੁੱਲਿਤ ਕੀਤਾ ਜਾ ਸਕੇ। ਇਸ ਤਹਿਤ ਖ਼ਿਡਾਰੀਆਂ ਦੀ ਚੋਣ ਕਰ ਕੇ ਉਹਨਾਂ ਨੂੰ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੀਆਂ ਅਕੈਡਮੀਆਂ ਵਿੱਚ ਭੇਜਿਆ ਜਾਵੇਗਾ, ਜਿਥੇ ਉਹਨਾਂ ਦਾ ਰਹਿਣਾ, ਖੁਰਾਕ, ਟਰੇਨਿੰਗ, ਖੇਡ ਦਾ ਸਾਜ਼ੋ ਸਮਾਨ ਮੁਫ਼ਤ ਦਿੱਤਾ ਜਾਵੇਗਾ।ਕਾਹਲੋਂ ਨੇ ਕਿਹਾ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਨੌਜਵਾਨਾਂ ਦੇ ਟਰਾਇਲ ਰਾਹੀਂ ਚੋਣ ਕੀਤੀ ਜਾਣੀ ਹੈ ਤੇ ਚੁਣੇ ਹੋਏ ਖਿਡਾਰੀ ਦਿੱਲੀ ਵਿਖੇ ਫਾਈਨਲ ਟਰਾਇਲ ਲਈ ਭੇਜੇ ਜਾਣਗੇ।ਪਟਿਆਲਾ, ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ ਜ਼ਿਲ੍ਹਿਆਂ ਵਿੱਚ ਵੀ ਟਰਾਇਲ ਕਰਵਾਏ ਜਾਣਗੇ ਤੇ ਇਹਨਾਂ ਦੇ ਨਾਲ ਲੱਗਦੇ ਜ਼ਿਲ੍ਹੇ ਦੇ ਖਿਡਾਰੀ ਟਰਾਇਲਾਂ ਵਿੱਚ ਹਿੱਸਾ ਲੈ ਸਕਦੇ ਹਨ।ਜਿਵੇਂ ਕਿ ਜਲੰਧਰ ਜ਼ਿਲ੍ਹੇ ਦੇ ਨਾਲ ਨਾਲ ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਤੇ ਫਿਰੋਜ਼ਪੁਰ ਦੇ ਲੜਕੇ ਲੜਕੀਆਂ (12 ਤੋਂ 14 ਸਾਲ) ਜਨਮ ਮਿਤੀ 2010,2011,2012, ਹਿੱਸਾ ਲੈ ਸਕਦੇ ਹਨ। ਇਹਨਾਂ ਟਰਾਇਲਾਂ ਵਿੱਚ ਖਿਡਾਰੀਆਂ ਨੂੰ ਸਟੈਂਡਿੰਗ ਬਰੌਡ ਜੰਪ, ਹਾਈ ਜੰਪ (ਵਰਟੀਕਲ) ਅਤੇ ਲੜਕੇ 1600 ਮੀਟਰ ਅਤੇ ਲੜਕੀਆਂ 800 ਮੀਟਰ ਦੀ ਦੌੜ ਕਰਵਾਈ ਜਾਵੇਗੀ।

# ਹਰ ਸਮੱਸਿਆ ਦਾ ਨਿਸ਼ਚਿਤ ਸਮੇਂ 'ਚ ਕੀਤਾ ਜਾ ਰਿਹੈ ਹੱਲ : ਬ੍ਰਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਵਾਸੀਆਂ ਦੀ ਹਰ ਸਮੱਸਿਆ ਦਾ ਨਿਸ਼ਚਿਤ ਸਮੇਂ ਵਿਚ ਹੱਲ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਤੱਕ ਬੁਨਿਆਦੀ ਸੁਵਿਧਾਵਾਂ ਪਹੁੰਚਾਉਣ ਵਿਚ ਕੋਈ ਕਮੀ ਨਹੀਂ ਛੱਡੀ ਜਾ ਰਹੀ ਹੈ। ਉਹ ਵਾਰਡ ਨੰਬਰ 7 ਵਿਚ 6.50 ਲੱਖ ਰੁਪਏ ਦੀ ਲਾਗਤ ਨਾਲ ਸੜਕ ਨਿਰਮਾਣ ਕਾਰਜ ਦੀ ਸ਼ੁਰੂਆਤ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ।ਕੈਬਨਿਟ ਮੰਤਰੀ ਨੇ ਕਿਹਾ ਕਿ ਇਲਾਕੇ ਦੇ ਵਿਕਾਸ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ ਤਾਂ ਲੋਕ ਲੋਕਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿਚ ਯੋਜਨਾਬੱਧ ਢੰਗ ਨਾਲ ਵਿਕਾਸ ਕਰਵਾ ਰਹੀ ਹੈ, ਜਿਸ ਦੇ ਚੱਲਦਿਆਂ ਹਰ ਹਲਕੇ ਦੀ ਨੁਹਾਰ ਬਦਲੀ ਜਾ ਰਹੀ ਹੈ।ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਸਾਰੇ ਵਾਰਡਾਂ ਦੀਆਂ ਪ੍ਰਮੁੱਖ ਮੰਗਾਂ ਨੂੰ ਚਰਨਬੱਧ ਤਰੀਕੇ ਨਾਲ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਵਿਕਾਸ ਪੱਖੋਂ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।



ਉਨ੍ਹਾਂ ਇਸ ਦੌਰਾਨ ਨਗਰ ਨਿਗਮ ਅਧਿਕਾਰੀਆਂ ਨੂੰ ਗਲੀ ਦੇ ਨਿਰਮਾਣ ਨੂੰ ਨਿਰਧਾਰਤ ਸਮੇਂ ਵਿਚ ਪੂਰਾ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਕਾਰਜ ਵਿਚ ਗੁਣਵੱਤਾ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਹਮੇਸ਼ਾ ਤੋਂ ਹੀ ਪਹਿਲਕਦਮੀ ਰਹੀ ਹੈ ਕਿ ਲੋਕਾਂ ਨੂੰ ਸਮੇਂ ਸਿਰ ਬੁਨਿਆਦੀ ਸੁਵਿਧਾਵਾਂ ਪਹੁੰਚਾਈਆਂ ਜਾਣ।ਇਸ ਮੌਕੇ ਮਨਜੀਤ ਸਿੰਘ, ਨਰਿੰਦਰ ਕੌਰ, ਭਜਨ ਸਿੰਘ, ਹਰਿੰਦਰ ਸਿੰਘ, ਕੁਲਦੀਪ ਸਿੰਘ, ਵਿਜੇ ਸਿੰਘ, ਡਾ. ਅਮਨਦੀਪ ਸਿੰਘ, ਰਾਜਿੰਦਰ ਸਿੰਘ, ਗੁਰਚਰਨ ਸਿੰਘ, ਸੁਰਜੀਤ ਸਿੰਘ, ਗੁਰਬਖਸ਼ ਸਿੰਘ, ਕੈਪਟਨ ਦਰਸ਼ਨ ਸਿੰਘ ਨਵਲ, ਖੁਸ਼ੀ ਰਾਮ, ਕੁਲਦੀਪ ਚੰਦ, ਜੀਵਨ, ਨਿਰਮਲ ਸਿੰਘ, ਚਮਨ ਲਾਲ ਮਦਨ ਲਾਲ, ਸੰਤਾ, ਗੋਲੂ ਐਕਟ੍ਰੀਟੈਕਟ, ਪ੍ਰੇਮ ਦੱਤ, ਵਰਿੰਦਰ ਕੁਮਾਰ, ਚਰਨਜੀਤ, ਮਨਜੀਤ ਕੌਰ, ਜਗਦੀਸ਼ ਕੌਰ ਤੋਂ ਇਲਾਵਾ ਹੋਰ ਮੁਹੱਲਾ ਨਿਵਾਸੀ ਵੀ ਮੌਜੂਦ ਸਨ।

# ਮਹਿਤਪੁਰ ਥਾਣੇ ਵੱਲੋਂ ਦੋਸ਼ੀਆਂ ਖਿਲਾਫ਼ 24 ਤੱਕ ਕਾਰਵਾਈ ਨਾ ਹੋਈ ਤਾਂ 25 ਨੂੰ ਥਾਣੇ ਮੂਹਰੇ ਧਰਨਾ ਦਿੱਤਾ ਜਾਵੇਗਾ : ਸੰਦੀਪ ਅਰੋੜਾ



**ਮਹਿਤਪੁਰ (ਰਾਜਾ)**- ਪਿੰਡ ਇਸਮਾਈਲਪੁਰ ਦੇ ਕੁਝ ਲੋਕਾਂ ਵੱਲੋਂ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਿਕੰਦਰ ਸੰਧੂ ਦੇ ਘਰ ਜਾ ਕੇ ਉਸ ਉੱਪਰ ਹਮਲਾ ਕਰਨ ਦੀ ਅਤੇ ਮਹਿਤਪੁਰ ਦੇ ਵੱਡੇ ਮੁਹੱਲੇ ਵਿੱਚ ਕਿਸੇ ਗਰੀਬ ਛੋਟੇ ਦੁਕਾਨਦਾਰ ਦੇ ਘਰ ਪਿਆ ਸਮਾਨ ਚੋਰੀ ਕਰਕੇ ਲਿਜਾਣ ਘਰ ਵਿੱਚ ਲੱਗਿਆ ਸਰਕਾਰੀ ਬਿਜਲੀ ਦਾ ਮੀਟਰ ਖੁਰਦ ਬੁਰਦ ਕਰਨ ਤਿੰਨ ਦਿਨ ਤੋਂ ਥਾਣਾ ਮਹਿਤਪੁਰ ਵਿੱਚ ਦਿੱਤੀ ਦਰਖਾਸਤ ਉਪਰ ਪਰਚਾ ਦਰਜ ਕਰਨ ਦੀ ਬਜਾਏ ਵਾਰ ਵਾਰ ਮੌਕਾ ਦੇਖਣ ਦਾ ਬਹਾਨਾ ਬਣਾ ਕੇ ਸੱਤਾਧਾਰੀਆਂ ਨੂੰ ਖੁਸ਼ ਰੱਖਣ ਤੇ ਛੋਟੇ ਦੁਕਾਨਦਾਰ ਅਤੇ ਮਜ਼ਦੂਰ ਆਗੂ ਨੂੰ ਨਿਆਂ ਦੇਣ ਦੀ ਆਲ ਇੰਡੀਆ ਕਿਸਾਨ ਸਭਾ ਤੇ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਸਖਤ ਨਿਖੇਧੀ ਕਰਦਿਆਂ ਆਲ ਇੰਡੀਆ ਕਿਸਾਨ ਸਭਾ ਦੇ ਸੂਬਾ ਆਗੂ ਸੰਦੀਪ ਅਰੋੜਾ, ਦਿਲਬਾਗ ਸਿੰਘ ਚੰਦੀ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਆਗੂ ਵੀਰ ਕੁਮਾਰ ਤੇ ਸੁਨੀਲ ਕੁਮਾਰ ਨੇ ਕਿਹਾ ਕਿ ਸਰਕਾਰੀ ਬੂਟਿਆਂ ਦਾ ਬਹਾਨਾ ਬਣਾ ਕੇ ਤੇ ਆਪਣੇ ਆਕਾ ਨੂੰ ਖੁਸ਼ ਕਰਨ ਲਈ ਲੋਕ ਹਿੱਤਾਂ ਲਈ ਲੜਨ ਵਾਲੇ ਆਗੂ ਸਿਕੰਦਰ ਸੰਧੂ 'ਤੇ ਹਮਲਾ ਤੇ ਕਿਸੇ ਗਰੀਬ ਮਜ਼ਦੂਰ ਦੇ ਘਰ 'ਤੇ ਕਬਜ਼ਾ ਕਰਨ ਦੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਚਾਹੇ ਉਹ ਕੋਈ ਵੀ ਹੋਵੇ। ਉਨ੍ਹਾਂ ਕਿਹਾ ਕਿ ਸਾਥੀ ਦਾ ਮੈਡੀਕਲ ਕਰਵਾ ਕੇ ਥਾਣੇ ਭੇਜ ਦਿੱਤਾ ਹੈ ਅਤੇ ਮੌਕਾ ਵੀ ਦਿਖਾ ਦਿੱਤਾ ਹੈ। ਮਜ਼ਦੂਰ ਦੁਕਾਨਦਾਰ ਮੁਕੇਸ਼ ਕੁਮਾਰ ਨਾਲ ਵੱਡੀ ਗਿਣਤੀ ਵਿੱਚ ਆਏ ਮੁਹੱਲਾ ਨਿਵਾਸੀਆਂ ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਵੀ ਸੀ, ਨੇ ਦੋਸ਼ ਲਗਾਇਆ ਕਿ ਸਾਡੇ ਮੁਹੱਲੇ ਵਿੱਚ ਰਹਿੰਦਾ ਆਪਣੇ ਆਪ ਨੂੰ ਵੱਡਾ ਲੀਡਰ ਦੱਸਦਾ ਹੈ, ਨੇ ਮੁਕੇਸ਼ ਕੁਮਾਰ ਦੇ ਘਰ ਦਾ ਸਮਾਨ ਤੇ ਬਿਜਲੀ ਦਾ ਮੀਟਰ ਖੁਰਦ ਬੁਰਦ ਕਰਵਾ ਕੇ ਉਸ ਦੇ ਘਰ ਉਪਰ ਕਬਜ਼ਾ ਕਰਨ ਦੀ ਨੀਅਤ ਨਾਲ ਕਿਸੇ ਦਾ ਸਮਾਨ ਰਖਾਅ ਦਿੱਤਾ ਹੈ। ਪਰ ਸਿਆਸੀ ਦਬਾਅ ਹੋਣ ਕਰਕੇ ਪੁਲਸ ਦੋਸ਼ੀਆਂ ਖਿਲਾਫ਼ ਕਾਰਵਾਈ ਨਹੀਂ ਕਰ ਰਹੀ ਜਿਸ ਤੋਂ ਗੁੱਸੇ ਵਿੱਚ ਆਏ ਲੋਕਾਂ ਨੇ ਆਲ ਇੰਡੀਆ ਕਿਸਾਨ ਸਭਾ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਅਗਵਾਈ ਹੇਠ ਥਾਣਾ ਮਹਿਤਪੁਰ ਦੇ ਬਾਹਰ ਨਾਅਰੇਬਾਜ਼ੀ ਕੀਤੀ ਤੇ ਪੁਲਸ ਨੂੰ 24 ਜੁਲਾਈ ਤੱਕ ਦਾ ਅਲਟੀਮੇਟਮ ਦਿੰਦਿਆਂ ਆਗੂਆਂ ਨੇ ਕਿਹਾ ਕਿ ਜੇਕਰ ਦੋਸ਼ੀਆਂ ਖਿਲਾਫ਼ 24 ਜੁਲਾਈ ਤੱਕ ਕਾਰਵਾਈ ਨਾ ਹੋਈ ਤਾਂ ਆਲ ਇੰਡੀਆ ਕਿਸਾਨ ਸਭਾ ਤੇ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ 25 ਜੁਲਾਈ ਨੂੰ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕਰਕੇ ਥਾਣੇ ਮੂਹਰੇ ਧਰਨਾ ਦਿੱਤਾ ਜਾਵੇਗਾ।

# ਨੋਟਿਸ ਕੱਢਣ ਦੀ ਬਜਾਏ ਸਿੱਖਿਆ ਵਿਭਾਗ ਸਮੀਖਿਆ ਕਰੇ ਕਿ ਸਕੂਲਾਂ 'ਚ ਦਾਖਲਾ ਕਿਉਂ ਘਟ ਰਿਹਾ : ਬੱਲੀ



**ਮਹਿਤਪੁਰ (ਰਾਜਾ)** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ ) ਵੱਲੋਂ ਫ਼ਿਰੋਜ਼ਪੁਰ ਦੇ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਵੱਲੋਂ ਜ਼ਿਲੇ ਦੇ 37 ਪ੍ਰਿੰਸੀਪਲਾਂ, ਮੁੱਖ-ਅਧਿਆਪਕਾਂ ਅਤੇ ਸਕੂਲ ਇੰਚਾਰਜਾਂ ਨੂੰ ਕੱਢੇ ਕਾਰਨ ਦੱਸੋ ਨੋਟਿਸ ਦਾ ਵਿਰੋਧ ਕਰਦਿਆਂ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ, ਜਰਨਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ, ਸੂਬਾ ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਕਿਹਾ ਕਿ ਪ੍ਰਿੰਸੀਪਲ, ਮੁੱਖ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਪਰੇਸ਼ਾਨ ਕਰਨ ਦੀ ਬਜਾਏ ਆਪਣੀਆਂ ਨੀਤੀਆਂ ਨੂੰ ਸਹੀ ਕਰੇ। ਪ੍ਰਾਈਵੇਟ ਸਕੂਲਾਂ ਵਿੱਚ ਦਾਖਲਾ ਮੁਹਿੰਮ ਦਸੰਬਰ ਮਹੀਨੇ ਤੋਂ ਸ਼ੁਰੂ ਹੋ ਗਈ, ਪਰ ਸਰਕਾਰੀ ਅਧਿਆਪਕਾਂ ਨੂੰ ਦਾਖਲੇ ਕਰਨ ਦੀ ਬਜਾਏ ਗ਼ੈਰ ਵਿੱਦਿਅਕ ਕਾਰਜ /ਬੀ ਐਲ ਓ ਡਿਊਟੀ, ਸੈਮੀਨਾਰਾਂ, ਮਿਸ਼ਨ ਸਮਰੱਥ ਵਿੱਚ ਹੀ ਉਲਝਾਈ ਰੱਖਿਆ ਗਿਆ ਹੈ ਅਤੇ ਫੇਰ ਲੋਕ-ਸਭਾ ਚੋਣਾਂ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕ ਰੁੱਝੇ ਰਹੇ । ਇਨਾ ਸਭ ਡਿਊਟੀਆਂ ਦੇ ਬਾਵਜੂਦ ਵੀ ਅਧਿਆਪਕਾਂ ਵੱਲੋਂ ਆਪਣੇ ਸਕੂਲਾਂ ਦਾ ਦਾਖਲਾ ਵਧਾਉਣ ਲਈ ਪੂਰੀ ਮਿਹਨਤ ਕੀਤੀ ਗਈ। ਜੁਲਾਈ ਮਹੀਨੇ ਵਿਚ ਡੀਈਓ ਫਿਰੋਜ਼ਪੁਰ ਦਾਖਲੇ ਨੂੰ ਵਧਾਉਣ ਲਈ ਕਾਰਣ ਦੱਸੋ ਨੋਟਿਸ ਕੱਢ ਰਹੇ ਹਨ। ਇਸ ਸਮੇਂ ਦਾਖਲੇ ਨੂੰ ਵਧਾਇਆ ਨਹੀਂ ਜਾ ਸਕਦਾ ਕਿਉਂਕਿ ਸਾਰੇ ਬੱਚੇ ਵੱਖ-ਵੱਖ ਸਕੂਲਾਂ ਵਿੱਚ ਦਾਖਲ ਹੋ ਗਏ ਹਨ।

ਸਰਕਾਰੀ ਸਕੂਲਾਂ ਵਿੱਚ ਦਾਖਲਾ ਘਟਣ ਦਾ ਇੱਕ ਕਾਰਨ ਜਿੱਥੇ ਪੰਜਾਬ ਦੀ ਘੱਟ ਰਹੀ ਆਬਾਦੀ ਹੈ, ਉੱਥੇ ਸਰਕਾਰੀ ਸਕੂਲਾਂ ਵਿੱਚ ਸਾਰੀਆਂ ਪੋਸਟਾਂ ਦਾ ਨਾ ਭਰਿਆ ਹੋਣਾ ਵੀ ਜ਼ਰੂਰੀ ਕਾਰਨ ਹੈ । ਜ਼ਿਲਾ ਸਿੱਖਿਆ ਅਫਸਰ ਫਿਰੋਜ਼ਪੁਰ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਸਕੂਲਾਂ ਵਿੱਚ ਇਸ ਸਮੇਂ ਅਧਿਆਪਕ ਬੱਚਿਆਂ ਨਾਲ ਪੜਾਈ ਵਿਚ ਰੁੱਝੇ ਪਏ ਹਨ। ਇਹ ਸਮਾਂ ਦਾਖਲੇ ਦਾ ਨਹੀਂ ਸਗੋਂ ਸਿਲੇਬਸ ਪੂਰਾ ਕਰਵਾਉਣ ਲਈ ਬੱਚਿਆਂ ਨੂੰ ਪੜ੍ਹਾਉਣ ਦਾ ਹੈ। ਦਾਖਲਾ ਘਟਣ ਦਾ ਕਾਰਣ ਪੰਜਾਬ ਦੀ ਅਬਾਦੀ ਨਾਲ ਵੀ ਜੁੜਿਆ ਹੈ ਜੋ ਕਿ ਲਗਾਤਾਰ ਘੱਟ ਰਹੀ ਹੈ। ਸਰਕਾਰ ਦੀਆਂ ਸਿੱਖਿਆ ਮਾਰੂ ਨੀਤੀਆਂ ਵੀ ਦਾਖਲਾ ਘਟਾਉਣ ਵਿੱਚ ਮਦਦਗਾਰ ਹਨ। ਜਿੱਥੇ ਮਿਡਲ ਸਕੂਲਾਂ ਵਿਚ ਸੱਤ ਪੋਸਟਾਂ ਸਨ, ਉਨ੍ਹਾਂ ਨੂੰ ਪੂਰਾ ਭਰਨ ਦੀ ਬਜਾਏ ਚਾਰ ਪੋਸਟਾਂ ਕਰ ਦਿੱਤੀਆ ਹਨ, ਪ੍ਰੀ-ਪ੍ਰਾਇਮਰੀ ਤਹਿਤ ਸਕੂਲਾਂ ਵਿਚ ਤਿੰਨ ਜਮਾਤਾਂ ਵਧਾ ਦਿੱਤੀਆ ਗਈਆਂ ਪਰ ਅਧਿਆਪਕਾਂ ਦੀਆ ਪੋਸਟਾਂ ਵਿਚ ਵਾਧਾ ਨਹੀ ਕੀਤਾ ਗਿਆ ਹੈ। ਗੈਰ-ਵਿਦਿਅਕ ਕਾਰਜ/ਬੀਐਲਓ ਵਰਗੀਆਂ ਸਾਰਾ ਸਾਲ ਚੱਲਣ ਵਾਲੀਆਂ ਡਿਊਟੀਆਂ ਅਤੇ ਸਿਵਲ ਵਰਕਸ ਕਾਰਜ ਦੇ ਨਾਲ ਨਾਲ ਅਧਿਆਪਕ ਹੋਰ ਵੀ ਬਹੁਤ ਸਾਰੀਆਂ ਡਿਊਟੀਆਂ ਨਿਭਾ ਰਿਹਾ ਹੈ। ਇਸ ਸਭ ਦਾ ਪ੍ਰਭਾਵ ਸਕੂਲ ਵਿੱਚੋਂ ਸਿੱਖਿਆ ਦੇ ਮਾਹੌਲ ਨੂੰ ਕਿਤੇ ਨਾ ਕਿਤੇ ਕਿਨਾਰੇ ਕਰਦਾ ਹੈ ਜੋ ਕਿ ਦਾਖਲੇ ਘਟਾਉਣ ਲਈ ਜ਼ਿੰਮੇਵਾਰ ਹੈ। ਇਸ ਕਰਕੇ ਜਥੇਬੰਦੀ ਮੰਗ ਕਰਦੀ ਹੈ ਕਿ ਅਧਿਆਪਕਾਂ ਨੂੰ ਕਾਰਣ ਦੱਸੋ ਨੋਟਿਸ ਕੱਢਣ ਦੀ ਬਜਾਏ, ਸਕੂਲਾਂ ਦਾ ਵਾਤਾਵਰਣ ਸਿੱਖਿਆ-ਦਾਇਕ ਬਣਾਇਆ ਜਾਵੇ, ਅਧਿਆਪਕਾਂ ਕੋਲੋਂ ਸਿਰਫ ਪੜ੍ਹ ਪੜ੍ਹਾਉਣ ਦਾ ਹੀ ਕੰਮ ਲਿਆ ਜਾਵੇ ਸਾਰੇ ਸਕੂਲਾਂ ਵਿੱਚ ਸਾਰੀਆਂ ਪੋਸਟਾਂ ਰੈਗੂਲਰ ਤੌਰ ਤੇ ਭਰੀਆਂ ਜਾਣ। ਮਿਡਲ ਸਕੂਲਾਂ ਵਿੱਚ ਸੱਤ ਅਧਿਆਪਕਾਂ ਦੀ ਪਹਿਲਾਂ ਵਰਗੀ ਸਥਿਤੀ ਬਹਾਲ ਕੀਤੀ ਜਾਵੇ ਅਤੇ ਪ੍ਰਾਈਮਰੀ ਸਕੂਲਾਂ ਵਿੱਚ ਜਮਾਤਵਾਰ ਅਧਿਆਪਕ ਦਿੱਤੇ ਜਾਣ। ਕਿਤਾਬਾਂ ਸਮੇਂ ਸਿਰ ਪਹੁੰਚਾਈਆ ਜਾਣ । ਅਧਿਆਪਕਾਂ ਕੋਲੋਂ ਗੈਰ-ਵਿਦਿਅਕ ਕਾਰਜ ਲੈਣੇ ਬੰਦ ਕੀਤੇ ਜਾਣ। ਉੱਕਤ ਜਾਣਕਾਰੀ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ ਨੇ ਸਾਂਝੀ ਕੀਤੀ

# ਗੁਰੂ ਲਾਧੋ ਰੇ ਨਗਰ ਕੀਰਤਨ ਸੰਬੰਧੀ ਪੋਸਟਰ ਜਾਰੀ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਗੁਰਦੁਆਰਾ ਸੰਤ ਅਜੀਤ ਸਿੰਘ ਸ਼ਹੀਦ ਅਲਾਵਲਈਸਾ ਵਿਖੇ ਸਾਚਾ ਗੁਰੂ ਲਾਧੋ ਰੇ ਵੈਲਫੇਅਰ ਸੋਸਾਇਟੀ( ਰਜਿ.) ਦਸੂਹਾ ਵੱਲੋਂ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਨੂੰ ਸਮਰਪਤ ਗੁਰੂ ਲਾਧੋ ਰੇ ਦਿਵਸ ਮੌਕੇ 10ਵੇਂ ਮਹਾਨ ਨਗਰ ਕੀਰਤਨ ਦੇ ਸਬੰਧ ਵਿੱਚ ਮੁੱਖ ਸੇਵਾਦਾਰ ਜਸਕਰਨ ਸਿੰਘ ਭੂਛਾ, ਚੇਅਰਮੈਨ ਰਜਿੰਦਰ ਸਿੰਘ, ਸੈਕਟਰੀ ਬਲਵਿੰਦਰ ਸਿੰਘ, ਕੈਸ਼ੀਅਰ ਲਖਵਿੰਦਰ ਸਿੰਘ ਭੂਛਾ, ਮਨਜੀਤ ਸਿੰਘ ਸੰਤਪੁਰ ਕੋਠੇ, ਗੁਰਮੀਤ ਸਿੰਘ ਕਾਲਾ, ਤੇਜਿੰਦਰ ਸਿੰਘ ਮਰਵਾਹਾ, ਸੁਰਜੀਤ ਸਿੰਘ ਭਗਵਾਨਪੁਰ ਦੀ ਅਗਵਾਈ ਵਿੱਚ ਮੀਟਿੰਗ ਹੋਈ। ਇਸ ਮੌਕੇ ਨਗਰ ਕੀਰਤਨ ਸਬੰਧੀ ਪੋਸਟਰ ਜਾਰੀ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ 18 ਅਗਸਤ ਨੂੰ ਸਵੇਰੇ 7 ਵਜੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਗਰਨਾ ਸਾਹਿਬ ਤੋਂ ਇਹ ਵਿਸ਼ਾਲ ਨਗਰ ਕੀਰਤਨ ਆਰੰਭ ਹੋਵੇਗਾ, ਉਪਰੰਤ ਇਹ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਮਿਆਨੀ ਰੋਡ ਦਸੂਆ, ਪੰਡੋਰੀ ਅਰਾਈਆਂ ਕੁੱਲੀਆਂ ਮੋੜ ਭੂਛਾ, ਕੈਰੇ, ਸੰਤਪੁਰ ਕੋਠੇ, ਬਸੋਆ, ਆਲਮਪੁਰ, ਕਾਹਲਵਾਂ, ਗਿਲਜੀਆਂ, ਮਿਆਨੀ, ਪੁਲ ਪੁਖਤਾ ਮੋੜ, ਦਬੁਰਜੀ, ਬੈਂਸ ਅਵਾਨ, ਰੜਾ ਮੋੜ, ਜਲਾਲਪੁਰ, ਬੇਗੋਵਾਲ, ਨਿੱਕੀ ਮਿਆਣੀ, ਨੰਗਲ ਲੁਬਾਣਾ, ਇਬਰਾਹੀਮਪੁਰ, ਨਡਾਲਾ, ਢਿੱਲਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਾਬਾ ਬਕਾਲਾ ਵਿਖੇ ਸਮਾਪਤ ਹੋਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਗਿਲਜੀਆਂ, ਸਰਪੰਚ ਨਵਦੀਪ ਪਾਲ ਸਿੰਘ ਰਿੰਪਾ ਆਲਮਪੁਰ, ਸਰਪੰਚ ਮਹਿੰਦਰ ਸਿੰਘ ਬਲੜਾ, ਸਰਪੰਚ ਲਖਵੀਰ ਸਿੰਘ ਮੇਵਾ ਮਿਆਨੀ, ਡੀ ਐਸ ਪੀ ਸਵਰਨ ਸਿੰਘ, ਇੰਸਪੈਕਟਰ ਦੀਪ ਸਿੰਘ, ਬਾਬਾ ਲਖਵਿੰਦਰ ਸਿੰਘ ਚੱਕ ਬਾਮੂੰ, ਕੈਪਟਨ ਜਸਵੀਰ ਸਿੰਘ ਦਬੁਰਜੀ, ਗੁਰਨੂਰ ਸਿੰਘ ਆਦਿ ਹਾਜ਼ਰ ਸਨ।

# ਕੁਲਵੀਰ ਨੇ ਮਲੇਸ਼ੀਆ 'ਚ ਅੰਤਰਰਾਸ਼ਟਰੀ ਕਰਾਟੇ ਮੁਕਾਬਲੇ 'ਚ ਚਾਂਦੀ ਦਾ ਤਗਮਾ ਜਿੱਤਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਐਸ ਡੀ ਗਰਲਜ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਕੁਲਵੀਰ ਕੌਰ ਨੇ ਹਾਲ ਹੀ 'ਚ ਮਲੇਸ਼ੀਆ 'ਚ ਹੋਏ ਅੰਤਰਰਾਸ਼ਟਰੀ ਕਰਾਟੇ ਮੁਕਾਬਲੇ 'ਚ ਜੂਨੀਅਰ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਸਕੂਲ, ਮਾਪਿਆਂ ਅਤੇ ਅਧਿਆਪਕਾਂ ਦਾ ਨਾਂਅ ਰੌਸ਼ਨ ਕੀਤਾ। ਸਕੂਲ ਪ੍ਰਬੰਧਕ ਕਮੇਟੀ ਵੱਲੋਂ ਕੁਲਵੀਰ ਕੌਰ ਨੂੰ ਸਨਮਾਨਿਤ ਕੀਤਾ ਗਿਆ ਅਤੇ ਭਵਿੱਖ 'ਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਪ੍ਰਬੰਧਕ ਕਮੇਟੀ ਵੱਲੋਂ ਕੁਲਵੀਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੁਖੀ ਕਮਲੇਸ਼ ਸ਼ਰਮਾ, ਸਕੱਤਰ ਡਾ: ਬਿੰਦੁਸਰ ਸੁਕਲਾ ਅਤੇ ਸਕੂਲ ਮੁਖੀ ਅੰਜਨਾ ਕੁਮਾਰੀ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕ ਕਮੇਟੀ ਦੀ ਤਰਫੋਂ ਸਕੱਤਰ ਡਾ. ਬਿੰਦੁਸਰ ਸ਼ੁਕਲਾ ਨੇ ਕੁਲਵੀਰ ਕੌਰ ਨੂੰ ਵਧਾਈ ਦਿੱਤੀ ਅਤੇ ਮੈਨੇਜਮੈਂਟ ਕਮੇਟੀ ਦੀ ਤਰਫੋਂ ਉਸ ਨੂੰ ਪੜ੍ਹਾਈ ਅਤੇ ਖੇਡਾਂ ਸੰਬੰਧੀ ਹਰ ਤਰ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ 'ਚ ਧੀਆਂ ਦਾ ਮਜਬੂਤ ਅਤੇ ਦ੍ਰਿੜ ਇਰਾਦੇ ਦੀਆਂ ਹੋਣਾ ਬਹੁਤ ਜ਼ਰੂਰੀ ਹੈ ਅਤੇ ਹਰ ਧੀ ਨੂੰ ਸਵੈ-ਰੱਖਿਆ ਦੇ ਹੁਨਰ ਸਿੱਖਣੇ ਚਾਹੀਦੇ ਹਨ।

# ਗੁਰਦਿਆਲ ਸਿੰਘ ਮੁਠੱਡਾ ਦੀ ਬਰਸੀ ਮਨਾਈ



**ਗੁਰਾਇਆ (ਬਿੰਦਰ ਸੁਮਨ)**-ਪੰਜਾਬ ਦਾ ਮਹੌਲ ਫਿਰਕੂ ਹੋਣ ਤੋਂ ਬਚਾਉਣ ਲਈ ਡਾ. ਗੁਰਦਿਆਲ ਸਿੰਘ ਮੁਠੱਡਾ ਨੇ ਉਸ ਵੇਲੇ ਆਪਣੀ ਸ਼ਹਾਦਤ ਦਿੱਤੀ, ਜਦੋਂ ਪੰਜਾਬ 'ਚ ਫਿਰਕੂ ਹਨੇਰੀ ਚੱਲ ਰਹੀ ਸੀ। ਇਹ ਸ਼ਬਦ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੇਂਦਰੀ ਕਮੇਟੀ ਦੇ ਮੈਂਬਰ ਕੁਲਵੰਤ ਸਿੰਘ ਸੰਧੂ ਨੇ ਡਾ. ਮੁਠੱਡਾ ਦੀ 37ਵੀਂ ਬਰਸੀ ਮੌਕੇ ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਕਹੇ। ਉਨ੍ਹਾ ਕਿਹਾ ਕਿ ਉਸ ਵੇਲੇ ਅੱਠ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਮਾਰੇ ਗਏ ਅਤੇ ਉਸ ਵੇਲੇ ਦੇ ਅਕਾਲੀ ਦਲ ਦੇ ਮੁਖੀ ਨੂੰ ਵੀ ਮਾਰ ਦਿੱਤਾ ਗਿਆ। ਦੁਖਾਂਤ ਇਹ ਰਿਹਾ ਕਿ ਕੁਝ ਧਿਰਾਂ ਵਲੋਂ ਮਾਰ ਮਰੱਈਏ ਨੂੰ ਉਤਸ਼ਾਹਤ ਕੀਤਾ ਜਾਂਦਾ ਰਿਹਾ। ਉਨ੍ਹਾ ਕਿਹਾ ਕਿ ਫਿਰਕੂ ਦਹਿਸ਼ਤਪਸੰਤੀ ਚਾਹੇ ਉਹ ਕਿਸੇ ਵੀ ਧਰਮ ਜਾਂ ਕਿਸੇ ਹੋਰ ਰੰਗ ਦੀ ਹੋਵੇ, ਉਹ ਮਨੁੱਖਤਾ ਦੀ ਕਦੀ ਵੀ ਸਕੀ ਨਹੀਂ ਹੋ ਸਕਦੀ।ਸੰਧੂ ਨੇ ਕਿਹਾ ਕਿ ਅਸਲੀ ਲੜਾਈ ਕਾਰਪੋਰੇਟ ਦੇ ਖ਼ਿਲਾਫ਼ ਹੈ, ਜਿਸ ਦਾ ਸੰਯੁਕਤ ਕਿਸਾਨ ਮੋਰਚੇ ਦਾ ਤਜਰਬਾ ਸਾਰਿਆਂ ਦੇ ਸਾਹਮਣੇ ਹੈ। ਇਸ ਲੜਾਈ ਨੂੰ ਹੋਰ ਤੇਜ਼ ਕਰਨ ਦੀ ਜ਼ਰੂਰਤ ਹੈ, ਨਹੀਂ ਤਾਂ ਜਿਵੇਂ ਯੂਪੀ 'ਚ ਦੁਕਾਨ ਮਾਲਕਾਂ ਦੇ ਨਾਮ ਲਿਖਣ ਵਾਂਗ ਦੇਸ਼ ਦੇ ਹਾਕਮ ਫਿਰਕੂ ਫ਼ੈਸਲੇ ਕਰਦੇ ਰਹਿਣਗੇ। ਇਸ ਮੌਕੇ ਆਰ ਐਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਸੰਤੋਖ ਸਿੰਘ ਬਿਲਗਾ, ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਜਰਨੈਲ ਫਿਲੌਰ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਅਜੈ ਫਿਲੌਰ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਪਰਮਜੀਤ ਰੰਧਾਵਾ, ਡਾ. ਸਰਬਜੀਤ ਮੁਠੱਡਾ, ਮਨਜਿੰਦਰ ਸਿੰਘ ਢੇਸੀ, ਸਰਬਜੀਤ ਸੰਗੋਵਾਲ, ਕੁਲਦੀਪ ਫਿਲੌਰ, ਅੰਮ੍ਰਿਤ ਨੰਗਲ, ਕੁਲਜੀਤ ਫਿਲੌਰ, ਗੁਰਦੀਪ ਗੋਗੀ, ਮੱਖਣ ਸੰਗਰਾਮੀ, ਕੁਲਦੀਪ ਕੌੜਾ, ਨਿਰਮੋਲਕ ਸਿੰਘ, ਕੁਲਦੀਪ ਵਾਲੀਆ, ਮਨਜੀਤ ਸੂਰਜਾ, ਕੁਲਵੰਤ ਖਹਿਰਾ, ਗੁਰਜੀਤ ਜੀਤਾ ਆਦਿ ਹਾਜ਼ਰ ਸਨ। ਇਸ ਤੋਂ ਪਹਿਲਾ ਸ਼ਹੀਦੀ ਯਾਦਗਾਰ 'ਤੇ ਝੰਡਾ ਜਸਬੀਰ ਭੋਲੀ ਨੇ ਲਹਿਰਾਇਆ। ਜਿਥੇ ਵੱਖ-ਵੱਖ ਪਿੰਡਾਂ 'ਚੋਂ ਪੁੱਜੇ ਕਾਰਕੁਨਾਂ ਨੇ ਸ਼ਹੀਦੀ ਮਿਨਾਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫਿਲੌਰ ਦੀ ਮਾਸਿਕ ਮੀਟਿੰਗ 27 ਨੂੰ ਗੁਰਾਇਆ 'ਚ

**ਗੁਰਾਇਆ (ਬਿੰਦਰ ਸੁਮਨ)**-ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਬਲਾਕ ਰੁੜਕਾ ਕਲਾਂ ਦੇ ਪ੍ਰਧਾਨ ਤਾਰਾ ਸਿੰਘ ਬੀਕਾ ਅਤੇ ਤਹਿਸੀਲ ਫਿਲੌਰ ਦੇ ਪ੍ਰਧਾਨ ਬਲਵਿੰਦਰ ਕੁਮਾਰ ਨੇ ਸਾਂਝੇ ਤੌਰ 'ਤੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਲੌਰ ਦੀ ਹਰ ਮਹੀਨੇ ਮਾਸਿਕ ਮੀਟਿੰਗ ਕਰਨ ਦੀ ਜਲਦੀ ਹੀ ਸ਼ੁਰੂਆਤ ਕੀਤੀ ਜਾ ਰਹੀ ਹੈ।ਇਹ ਸ਼ੁਰੂਆਤ 27 ਜੁਲਾਈ ਨੂੰ ਠੀਕ 10:00 ਵਜੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ (ਡੱਲੇਵਾਲ ਰੋਡ) ਮੁਹੱਲਾ ਲਾਂਗੜੀਆਂ ਗੁਰਾਇਆ ਵਿਖੇ ਕਰਕੇ ਕੀਤੀ ਜਾ ਰਹੀ ਹੈ।ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਫਿਲੌਰ ਤਹਿਸੀਲ ਦੇ ਪੰਜਾਬ ਸਰਕਾਰ ਦੇ ਵੱਖ -ਵੱਖ ਵਿਭਾਗਾਂ ਦੇ ਸੇਵਾ ਮੁਕਤ ਮੁਲਾਜ਼ਮਾਂ ਨੂੰ ਮੀਟਿੰਗ ਵਿੱਚ ਠੀਕ ਸਮੇਂ ਸਿਰ ਪੁੱਜ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਨਿੱਜੀ ਸਮੱਸਿਆਵਾਂ ਅਤੇ ਪੈਨਸ਼ਨਰ ਮੰਗਾਂ ਪ੍ਰਤੀ ਪੰਜਾਬ ਸਰਕਾਰ ਦੇ ਬੇਰੁਖੀ ਵਾਲੇ ਵਤੀਰੇ ਪ੍ਰਤੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਨੂੰ ਮਨਵਾਉਣ ਅਤੇ ਲਾਗੂ ਕਰਵਾਉਣ ਲਈ ਭਵਿੱਖ ਵਿੱਚ ਜੋ ਵੀ ਸੰਘਰਸ਼ ਉਲੀਕਿਆ ਜਾਵੇਗਾ, ਉਸ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਲਈ ਪੈਨਸ਼ਨਰਾਂ ਨੂੰ ਜਾਗਰੂਕ ਕਰਕੇ ਲਾਮਬੰਦੀ ਕੀਤੀ ਜਾਵੇਗੀ।

# ਮਾਨ ਦੇ ਉਪਰਾਲੇ ਸਦਕਾ ਖਲਵਾੜਾ ਦੇ ਵਸਨੀਕਾਂ ਨੂੰ ਸੁਸਰੀ ਦੀ ਸਮੱਸਿਆ ਤੋਂ ਮਿਲੀ ਰਾਹਤ



**ਫਗਵਾੜਾ (ਜਸਵਿੰਦਰ ਢੱਡਾ )**-ਪਿੰਡ ਖਲਵਾੜਾ ਵਿਖੇ ਵੇਅਰ ਹਾਊਸ ਦੇ ਗੋਦਾਮਾਂ 'ਚ ਪਿਛਲੇ ਕਾਫੀ ਸਮੇਂ ਤੋਂ ਪਈ ਝੋਨੇ ਦੀ ਪ੍ਰੋਸੈਸ ਹੋਈ ਫਸਲ ਨੂੰ ਸੁਸਰੀ ਲੱਗਣ ਨਾਲ ਪਿੰਡ ਵਾਸੀਆਂ ਨੂੰ ਪੇਸ਼ ਆ ਰਹੀ ਭਾਰੀ ਸਮੱਸਿਆ ਦੀ ਸੂਚਨਾ ਮਿਲਣ 'ਤੇ ਆਮ ਆਦਮੀ ਪਾਰਟੀ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਅੱਜ ਵੇਅਰ ਹਾਊਸ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਪਿੰਡ ਖਲਵਾੜਾ ਪੁੱਜੇ। ਉਨ੍ਹਾਂ ਵੇਅਰ ਹਾਊਸ ਦੇ ਗੋਦਾਮਾਂ ਦਾ ਜਾਇਜ਼ਾ ਲਿਆ। ਪਿੰਡ ਵਾਸੀਆਂ ਨੇ ਜੋਗਿੰਦਰ ਮਾਨ ਨੂੰ ਦੱਸਿਆ ਕਿ ਗੋਦਾਮਾਂ ਵਿਚ ਸੁਸਰੀ ਇੰਨੀ ਜ਼ਿਆਦਾ ਹੈ ਕਿ ਲੋਕਾਂ ਦੇ ਘਰਾਂ ਵਿਚ ਆ ਰਹੀ ਹੈ, ਜਿਸ ਕਰਕੇ ਉਹ ਡਾਢੇ ਪਰੇਸ਼ਾਨ ਹਨ। ਪਿੰਡ ਵਾਸੀਆਂ 'ਚ ਰੋਹ ਇੰਨਾ ਜ਼ਿਆਦਾ ਸੀ ਕਿ ਉਹ ਸਮੱਸਿਆ ਦਾ ਤੁਰੰਤ ਹੱਲ ਨਾ ਹੋਣ ਦੀ ਸੂਰਤ ਵਿਚ ਧਰਨਾ ਲਗਾਉਣ ਬਾਰੇ ਵਿਚਾਰ ਕਰ ਰਹੇ ਸਨ। ਪਰ ਜੋਗਿੰਦਰ ਮਾਨ ਨੇ ਪਿੰਡ ਵਾਸੀਆਂ ਨੂੰ ਸਮੱਸਿਆ ਦੂਰ ਕਰਨ ਦਾ ਭਰੋਸਾ ਦਿੱਤਾ ਅਤੇ ਵੇਅਰ ਹਾਊਸ ਦੇ ਅਧਿਕਾਰੀਆਂ ਨੇ ਮੌਕੇ 'ਤੇ ਹੀ ਸਪਰੇਅ ਕਰਾਉਣ ਦਾ ਕੰਮ ਸ਼ੁਰੂ ਕਰਵਾਇਆ। ਜਿਸ ਤੋਂ ਬਾਅਦ ਮਾਮਲਾ ਸ਼ਾਂਤ ਹੋਇਆ। ਜੋਗਿੰਦਰ ਮਾਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਫਗਵਾੜਾ ਦੇ ਸਮੂਹ ਵਸਨੀਕ ਉਨ੍ਹਾਂ ਦਾ ਪਰਵਾਰ ਹਨ। ਲੋਕਾਂ ਦੀ ਹਰ ਸਮੱਸਿਆ ਦਾ ਹੱਲ ਕਰਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਖਲਵਾੜਾ 'ਚ ਸੁਸਰੀ ਦੀ ਜੋ ਸਮੱਸਿਆ ਹੈ, ਉਸ ਨੂੰ ਦੂਰ ਕਰਨ ਦਾ ਉਪਰਾਲਾ ਅੱਜ ਮਹਿਕਮੇ ਦੇ ਅਧਿਕਾਰੀਆਂ ਵਲੋਂ ਸ਼ੁਰੂ ਕਰ ਦਿੱਤਾ ਗਿਆ ਹੈ। ਬਹੁਤ ਜਲਦੀ ਲੋਕਾਂ ਨੂੰ ਪੂਰੀ ਤਰ੍ਹਾਂ ਸੁਸਰੀ ਦੀ ਸਮੱਸਿਆ ਤੋਂ ਰਾਹਤ ਮਿਲ ਜਾਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਸੀਨੀਅਰ ਆਪ ਆਗੂ ਹਰਮੇਸ਼ ਪਾਠਕ, ਕਸ਼ਮੀਰ ਸਿੰਘ ਖਲਵਾੜਾ, ਸੁਰਿੰਦਰ ਸਿੰਘ, ਸਰੂਪ ਸਿੰਘ ਤੋਂ ਇਲਾਵਾ ਵੇਅਰ ਹਾਊਸ ਦੇ ਇੰਸਪੈਕਟਰ ਸਤਪਾਲ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਹਿੰਦੂਆਂ ਨੂੰ ਇੱਕ ਸਟੇਜ 'ਤੇ ਇਕੱਠਾ ਕਰਨਾ ਸ਼ਿਵ ਸੈਨਾ ਦਾ ਅਸਲ ਮਕਸਦ : ਗੁਪਤਾ, ਖੰਨਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸ਼ਿਵ ਸੈਨਾ ਹਿੰਦੁਸਤਾਨ ਦਾ ਅਸਲ ਮਕਸਦ ਹਿੰਦੂਆਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣ ਲਈ ਅਤੇ ਉਨ੍ਹਾਂ ਨਾਲ ਹੋ ਰਹੇ ਵਿਤਕਰੇ ਖਿਲਾਫ ਆਵਾਜ਼ ਬੁਲੰਦ ਕਰਨਾ ਹੈ ਤਾਂ ਜੋ ਹਿੰਦੂਆਂ ਨੂੰ ਹਰ ਹਾਲਤ ਵਿੱਚ ਇਨਸਾਫ ਮਿਲ ਸਕੇ। ਆਪਣੀ ਸਭਿਅਤਾ ਤੋਂ ਭਟਕ ਕੇ ਨਸ਼ਿਆਂ ਜਿਹੀਆਂ ਅਲਾਮਤਾਂ ਵਿੱਚ ਗਰਤ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਰਹਿਤ ਕਰਕੇ ਮੁੜ ਆਪਣੀ ਸੱਭਿਅਤਾ ਨਾਲ ਜੋੜਨਾ ਅਤੇ ਹਿੰਦੂਆਂ ਨੂੰ ਇੱਕ ਸਟੇਜ 'ਤੇ ਇਕੱਠਾ ਕਰਨਾ ਸ਼ਿਵ ਸੈਨਾ ਦਾ ਅਸਲ ਮਕਸਦ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਅੱਜ ਟਾਂਡਾ ਵਿਖੇ ਹਿੰਦੂ ਨੇਤਾ ਰਾਹੁਲ ਖੰਨਾ ਦੀ ਅਗਵਾਈ ਵਿੱਚ ਖੋਲ੍ਹੇ ਗਏ ਸ਼ਿਵ ਸੈਨਾ ਹਿੰਦੁਸਤਾਨ ਦੇ ਨਵੇਂ ਦਫਤਰ ਦਾ ਉਦਘਾਟਨ ਕਰਨ ਉਪਰੰਤ ਪਾਸੀ ਹਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਨੇ ਕਿਹਾ ਕਿ ਸਾਡੇ ਸੰਗਠਨ ਵੱਲੋਂ 1984 ਦੇ ਦੰਗਿਆਂ ਦੌਰਾਨ ਅੱਤਵਾਦੀਆਂ ਵੱਲੋਂ ਪ੍ਰਭਾਵਿਤ ਹੋਏ ਹਿੰਦੂ ਪਰਵਾਰਾਂ ਨੂੰ ਵੀ ਮੁਆਵਜ਼ਾ ਦੇਣ ਲਈ ਆਵਾਜ਼ ਬੁਲੰਦ ਕੀਤੀ ਗਈ ਸੀ ਅਤੇ ਕਾਂਗਰਸ ਸ਼ਾਸਨ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰੀਬ 800 ਕਰੋੜ ਰੁਪਏ ਮਨਜ਼ੂਰ ਵੀ ਕੀਤੇ ਸਨ ਪਰ ਨਾ ਜਾਣੇ ਕਿਸ ਮਜਬੂਰੀ ਵਿੱਚ ਅੱਜ ਤੱਕ ਇਹ ਰਕਮ ਹਿੰਦੂ ਪਰਵਾਰਾਂ ਤੱਕ ਨਹੀਂ ਪਹੁੰਚੀ। ਇਸ ਮੌਕੇ ਪਵਨ ਗੁਪਤਾ, ਸੰਜੀਵ ਦਿਨ ਕਾਰਜਕਾਰੀ ਪ੍ਰਧਾਨ ਪੰਜਾਬ, ਅਰਵਿੰਦ ਗੌਤਮ ਯੂਥ ਵਿੰਗ ਪੰਜਾਬ ਪ੍ਰਧਾਨ ਅਤੇ ਅਖਿਲੇਸ਼ ਸਿੰਘ ਜ਼ਿਲ੍ਹਾ ਪ੍ਰਧਾਨ ਨੇ ਹਿੰਦੂ ਨੇਤਾ ਰਾਹੁਲ ਖੰਨਾ ਨੂੰ ਸ਼ਿਵ ਸੈਨਾ ਹਿੰਦੁਸਤਾਨ ਦੇ ਯੂਥ ਇਕਾਈ ਪੰਜਾਬ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕਰਨ ਉਪਰੰਤ ਵਿਵੇਕ ਵਿਜ਼ਨ ਨੂੰ ਜ਼ਿਲ੍ਹਾ ਚੇਅਰਮੈਨ, ਗਣੇਸ਼ ਵੈਦ ਬਲਾਕ ਪ੍ਰਧਾਨ, ਸੰਜੀਵ ਖੰਨਾ ਜ਼ਿਲ੍ਹਾ ਵਾਈਸ ਚੇਅਰਮੈਨ, ਰਜੀਵ ਖੰਨਾ ਸਿਟੀ ਪ੍ਰਧਾਨ, ਬਿਸ਼ਨ ਦੇਵਰਾਜ ਸਿਟੀ ਵਾਈਸ ਪ੍ਰਧਾਨ, ਹਰਦੀਪ ਸਿੰਘ ਸਿਟੀ ਚੇਅਰਮੈਨ, ਮੁਨੀਸ਼ ਸਿਟੀ ਵਾਈਸ ਚੇਅਰਮੈਨ ਅਤੇ ਅਰੁਣ ਸੇਠੀ ਸਿਟੀ ਸੈਕਟਰੀ ਨਿਯੁਕਤ ਕੀਤਾ। ਇਸ ਮੌਕੇ ਰਾਹੁਲ ਖੰਨਾ ਨੇ ਕਿਹਾ ਕਿ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਵੱਲੋਂ ਮੈਨੂੰ ਜਿਹੜੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ ਮੈਂ ਉਨ੍ਹਾਂ ਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਜੀ ਦੇ ਆਦੇਸ਼ਾਂ ਅਨੁਸਾਰ ਜਲਦ ਹੀ ਹਰ ਜ਼ਿਲ੍ਹੇ ਦੇ ਪਿੰਡ-ਪਿੰਡ ਵਿੱਚ ਨਵੀਆਂ ਕਮੇਟੀਆਂ ਗਠਿਤ ਕੀਤੀਆਂ ਜਾਣਗੀਆਂ ਤਾਂ ਜੋ ਵੱਧ ਤੋਂ ਵੱਧ ਹਿੰਦੂ ਨੌਜਵਾਨਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰਕੇ ਸ਼ਿਵ ਸੈਨਾ ਹਿੰਦੁਸਤਾਨ ਨਾਲ ਜੋੜਿਆ ਜਾ ਸਕੇ। ਪ੍ਰੋਗਰਾਮ ਦੇ ਆਖਿਰ ਵਿੱਚ ਰਾਹੁਲ ਖੰਨਾ ਤੇ ਉਨ੍ਹਾਂ ਦੇ ਸੈਂਕੜੇ ਸਾਥੀਆਂ ਨੇ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਨੂੰ ਜੀ ਆਇਆ ਕਹਿੰਦੇ ਹੋਏ ਸਰੋਪੇ ਪਾ ਕੇ ਸਨਮਾਨਤ ਕੀਤਾ। ਇਸ ਮੌਕੇ ਨਿਖਲੇਸ਼ ਜਸਰਾ ਨੈਨੂ, ਸੰਨੀ ਕਲਸੀ, ਪਰਮਜੀਤ ਬੱਬੂ, ਸੋਨੂ ਖੰਨਾ, ਬਿੱਲੂ ਐਮ ਸੀ, ਜਤਿੰਦਰ ਖੰਨਾ, ਬਿਮਲ ਭੱਲਾ, ਅਮਿਤ ਪਾਸੀ, ਮੰਨੂ, ਗਿੰਨੀ ਅਰੋੜਾ, ਅਰੁਣ ਟੰਡਨ, ਸਮੀਰ ਸਿੰਘ ਸ਼ੀਰਾ ਅਤੇ ਹੋਰ ਹਾਜ਼ਰ ਸਨ।

# ਅਨਮੋਲ ਸੱਲ੍ਹ ਦਾ ਗੀਤ 'ਅੱਜਕੱਲ੍ਹ ਦੀਆਂ ਕੁੜੀਆਂ' ਧੂੜਾਂ ਪੁੱਟ ਰਿਹੈ




**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬੀ ਦੇ ਉਭਰਦੇ ਨੌਜਵਾਨ ਗਾਇਕ ਅਨਮੋਲ ਸੱਲ੍ਹ ਦਾ ਪੰਜਾਬੀ ਗਾਣਾ 'ਅੱਜ ਕੱਲ੍ਹ ਦੀਆਂ ਕੁੜੀਆਂ' ਲੋਕਾਂ ਨੂੰ ਖੂਬ ਪਸੰਦ ਕੀਤਾ ਜਾ ਰਿਹਾ ਹੈ, ਜਿਸ ਸਬੰਧੀ ਮੋਹਾਲੀ ਪ੍ਰੈਸ ਕਲੱਬ ਵਿਖੇ ਪ੍ਰੈਸ ਕਾਨਫਰੰਸ ਕੀਤੀ ਗਈ। ਇਸ ਮੌਕੇ ਗਾਇਕ ਅਨਮੋਲ ਸੱਲ੍ਹ, ਮਾਡਲ ਪਾਲਕ ਸ਼ਰਮਾ, ਸੰਗੀਤਕਾਰ ਗੈਵਿਨ ਬੀਟਸ, ਪੀਆਰ ਤਾਰਾ ਫਲੋ, ਬੰਟੀ ਗਿੱਲ ਆਦਿ ਹਾਜ਼ਰ ਸਨ। ਇਸ ਮੌਕੇ ਅਨਮੋਲ ਸੱਲ੍ਹ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਕ ਗੀਤ ਇਕ ਹਾਲਾਤ, ਹਕੀਕਤ ਨੂੰ ਬਿਆਨ ਕਰਦਾ ਗੀਤ ਹੈ। ਉਨ੍ਹਾਂ ਕਿਹਾ ਕਿ ਇਸ ਗੀਤ ਨੂੰ ਬਜਾਓ ਗਾਣਾ ਸਟੂਡੀਓ ਵੱਲੋਂ ਰਿਲੀਜ਼ ਕੀਤਾ ਗਿਆ ਹੈ। ਹੁਣ ਤੱਕ ਇਸ ਗੀਤ ਨੂੰ 4 ਲੱਖ ਤੋਂ ਵੱਧ ਲੋਕਾਂ ਵੱਲੋਂ ਸੁਣਿਆ ਜਾ ਚੁੱਕਿਆ ਹੈ। ਗੀਤ ਦਾ ਸੰਗੀਤ ਗੈਵਿਨ ਬੀਟਸ ਅਤੇ ਅੰਮਿਤ ਮੌਂਗਾ ਵੱਲੋਂ ਦਿੱਤਾ ਗਿਆ ਹੈ। ਇਸ ਗੀਤ ਦੇ ਡਾਇਰੈਕਟਰ ਅਰੁਣ ਫਿਲਮਜ਼ ਵੱਲੋਂ ਕੀਤਾ ਗਿਆ ਹੈ। ਇਸ ਗੀਤ ਦੀ ਪ੍ਰਮੋਸ਼ਨ ਪੋਸਟਿਵ ਵੈਬਿਜ਼ ਤੇ ਹੰਗਰ ਡਿਜ਼ੀਟਲ ਵੱਲੋਂ ਕੀਤੀ ਗਈ ਹੈ। ਡੀ ਓ ਪੀ ਸੋਨੂੰ ਮਲੋਕਪੁਰੀਆ ਹਨ। ਇਸ ਗੀਤ ਵਿੱਚ ਮਾਡਲ ਪਾਲਕ ਸ਼ਰਮਾ ਵੱਲੋਂ ਸ਼ਾਨਦਾਰ ਆਦਾਕਾਰੀ ਕੀਤੀ ਗਈ ਹੈ।

# ਭਾਜਪਾ ਤੇ ਹੋਰ ਫਿਰਕੂ ਸੰਗਠਨਾਂ ਦੇ ਹਮਲਿਆਂ ਦਾ ਡਟ ਕੇ ਮੁਕਾਬਲਾ ਕਰਨ ਲਈ ਵੱਡੀ ਲਾਮਬੰਦੀ ਦੀ ਲੋੜ : ਸੇਖੋਂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਵਿਖੇ ਸੀ.ਪੀ.ਆਈ.(ਐਮ) ਜ਼ਿਲ੍ਹਾ ਕਮੇਟੀ ਹੁਸ਼ਿਆਰਪੁਰ ਦੀ ਮੀਟਿੰਗ ਸਾਥੀ ਮਹਿੰਦਰ ਕੁਮਾਰ ਬੱਢੋਆਣ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਸਾਥੀ ਸੁਰਜੀਤ ਸਿੰਘ ਬਾੜੀ ਤਹਿਸੀਲ ਕਮੇਟੀ ਮੈਂਬਰ, ਰਘੁਵੀਰ ਸਿੰਘ ਛੰਨੀ ਅਤੇ ਮਲਕੀਤ ਸਿੰਘ ਚੱਕ ਭਾਈਆਂ ਨੂੰ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਪਾਰਟੀ ਦੇ ਸੂਬਾ ਸਕੱਤਰ ਸਾਥੀ ਸੁਖਵਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਪਾਰਟੀ ਦੀ ਕੇਂਦਰੀ ਕਮੇਟੀ ਨੇ ਪਾਰਲੀਮੈਂਟ ਦੀਆਂ ਚੋਣਾਂ ਦਾ ਰਿਵਿਊ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਚੋਣਾਂ ਵਿੱਚ ਭਾਜਪਾ ਨੂੰ ਵੱਡਾ ਝਟਕਾ ਲੱਗਾ ਹੈ। ਭਾਰਤ ਦੇ ਲੋਕਾਂ ਨੇ ਸੰਵਿਧਾਨ ਦੀ ਰੱਖਿਆ, ਸਾਡੇ ਗਣਰਾਜ ਦੇ ਧਰਮ ਨਿਰਪੱਖ ਜਮਹੂਰੀ ਚਰਿੱਤਰ ਅਤੇ ਰੋਟੀ-ਰੋਜ਼ੀ ਦੀਆਂ ਸਥਿਤੀਆਂ ਵਿੱਚ ਤੇਜ਼ੀ ਨਾਲ ਗਿਰਾਵਟ ਤੇ ਆਪਣਾ ਪ੍ਰਤੀਕਰਮ ਦਿੱਤਾ ਹੈ। ਇੰਡੀਆ ਗੱਠਜੋੜ ਦੀਆਂ ਪਾਰਟੀਆਂ ਨੇ ਇਕਜੁੱਟ ਹੋ ਕੇ 234 ਸੀਟਾਂ ਜਿੱਤੀਆਂ ਹਨ ਜੋ ਬਹੁਮਤ ਤੋਂ 38 ਘੱਟ ਹਨ। ਉਨ੍ਹਾਂ ਦੱਸਿਆ ਕਿ ਚੋਣਾਂ ਸਮੇਂ ਬੀ.ਜੇ.ਪੀ. ਵਲੋਂ ਫਿਰਕੂ ਧਰੁਵੀਕਰਨ ਕਰਨ ਲਈ ਮੁਸਲਮਾਨ ਘੱਟ ਗਿਣਤੀਆਂ ਉਤੇ ਹਮਲੇ, ਵਿਰੋਧੀ ਪਾਰਟੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰੀ ਏਜੰਸੀਆਂ ਨੂੰ ਹਥਿਆਰ ਵਜੋਂ ਵਰਤਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਸਰਕਾਰ ਤਾਂ ਐਨ.ਡੀ.ਏ. ਦੀ ਹੈ ਪਰੰਤੂ ਕੇਂਦਰ ਕੈਬਨਿਟ ਦੀਆਂ ਮੁੱਖ ਵਜ਼ੀਰੀਆਂ ਭਾਜਪਾ ਨੇ ਆਪਣੇ ਕੋਲ ਹੀ ਰੱਖੀਆਂ ਹਨ। ਇਥੋਂ ਤੱਕ ਕਿ ਸਪੀਕਰ ਵੀ ਉਨ੍ਹਾਂ ਦਾ ਹੈ ਅਤੇ ਵੱਡੇ ਪ੍ਰਸ਼ਾਸਨਿਕ ਅਧਿਕਾਰੀ ਪਹਿਲੇ ਹੀ ਰੱਖੇ ਗਏ ਹਨ। ਕੇਂਦਰੀ ਕਮੇਟੀ ਨੇ ਆਪਣੀਆਂ ਇਕਾਈਆਂ ਨੂੰ ਭਾਜਪਾ ਅਤੇ ਹੋਰ ਫਿਰਕੂ ਸੰਗਠਨਾਂ ਦੁਆਰਾ ਕੀਤੇ ਜਾ ਰਹੇ ਹਮਲਿਆਂ ਦਾ ਡਟ ਕੇ ਮੁਕਾਬਲਾ ਕਰਨ ਲਈ ਵੱਡੀ ਲਾਮਬੰਦੀ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਪਿਛਲੀ ਸਰਕਾਰ ਵੇਲੇ ਗੈਰ ਸੰਵਿਧਾਨਕ ਤੌਰ 'ਤੇ ਬਿਨਾਂ ਬਹਿਸ ਅਤੇ 150 ਦੇ ਕਰੀਬ ਵਿਰੋਧੀ ਧਿਰ ਦੇ ਸਾਂਸਦਾਂ ਨੂੰ ਸਦਨ ਚੋਂ ਬਾਹਰ ਕੱਢ ਕੇ ਜੋ ਕਾਨੂੰਨ ਪਾਸ ਕੀਤੇ ਸਨ, 1 ਜੁਲਾਈ ਤੋਂ ਉਨ੍ਹਾਂ ਨੂੰ ਲਾਗੂ ਕਰ ਦਿੱਤਾ ਗਿਆ ਹੈ, ਉਨ੍ਹਾਂ ਦਾ ਵਿਰੋਧ ਜਾਰੀ ਰਹਿਣਾ ਚਾਹੀਦਾ ਹੈ। ਪੰਜਾਬ 'ਚ ਬੀ.ਜੇ.ਪੀ. ਦਾ ਹਾਰਨਾ ਚੰਗੀ ਗੱਲ ਹੈ, ਪਰੰਤੂ ਉਸ ਦੀ ਵੋਟ ਪ੍ਰਤੀਸ਼ਤਤਾ ਵਧਣੀ ਚਿੰਤਾ ਵਾਲੀ ਗੱਲ ਹੈ। 2 ਖਾਲਿਸਤਾਨ ਪੱਖੀ ਉਮੀਦਵਾਰਾਂ ਦਾ ਜਿੱਤਣਾ ਪੰਜਾਬ ਵਿੱਚ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸ਼ਾਂਤੀ ਲਈ ਸ਼ੁੱਭ ਸੰਕੇਤ ਨਹੀਂ। ਉਨ੍ਹਾਂ ਨੇ ਪਾਰਟੀ ਕੇਂਦਰੀ ਕਮੇਟੀ ਵਲੋਂ 24ਵੀਂ ਪਾਰਟੀ ਕਾਂਗਰਸ ਦੀ ਤਿਆਰੀ ਲਈ 1 ਸਤੰਬਰ ਤੋਂ ਬਰਾਂਚਾ ਦੀਆਂ ਕਾਨਫਰੰਸਾਂ ਤੋਂ ਲੈ ਕੇ ਸੂਬਾਈ ਕਾਨਫਰੰਸ ਦਾ ਏਜੰਡਾ ਵਿਸਥਾਰ ਸਹਿਤ ਪੇਸ਼ ਕੀਤਾ।ਮੀਟਿੰਗ ਦੇ ਫੈਸਲਿਆਂ ਦੀ ਜਾਣਕਾਰੀ ਪ੍ਰੈਸ ਨੂੰ ਦਿੰਦਿਆਂ ਜ਼ਿਲ੍ਹਾ ਸਕੱਤਰ ਸਾਥੀ ਗੁਰਨੇਕ ਸਿੰਘ ਭੱਜਲ ਨੇ ਦੱਸਿਆ ਕਿ ਸਤੰਬਰ ਮਹੀਨੇ ਵਿੱਚ ਬਰਾਂਚਾਂ ਦੀਆਂ ਕਾਨਫਰੰਸਾਂ ਕਰਕੇ ਚੋਣਾਂ ਕੀਤੀਆਂ ਜਾਣਗੀਆਂ। ਪਾਰਟੀ ਤਹਿਸੀਲ ਕਾਨਫਰੰਸਾਂ 26 ਸਤੰਬਰ ਦਸੂਹਾ, 10 ਅਕਤੂਬਰ ਹੁਸ਼ਿਆਰਪੁਰ, 20 ਅਕਤੂਬਰ ਗੜ੍ਹਸ਼ੰਕਰ ਅਤੇ 25 ਅਕਤੂਬਰ ਨੂੰ ਮੁਕੇਰੀਆਂ ਵਿੱਚ ਕੀਤੀਆਂ ਜਾਣਗੀਆਂ। ਇਨ੍ਹਾਂ ਕਾਨਫਰੰਸਾਂ ਦੀ ਤਿਆਰੀ ਲਈ 4 ਅਗਸਤ ਨੂੰ ਤਹਿਸੀਲ ਦਸੂਹਾ, 5 ਅਗਸਤ ਨੂੰ ਤਹਿਸੀਲ ਗੜ੍ਹਸ਼ੰਕਰ, 6 ਅਗਸਤ ਨੂੰ ਤਹਿਸੀਲ ਹੁਸ਼ਿਆਰਪੁਰ ਅਤੇ 7 ਅਗਸਤ ਨੂੰ ਤਹਿਸੀਲ ਮੁਕੇਰੀਆਂ ਦੀਆਂ ਮੀਟਿੰਗਾਂ ਕਰਕੇ ਬਰਾਂਚ ਕਾਨਫਰੰਸਾਂ ਅਤੇ ਤਹਿਸੀਲ ਕਾਨਫਰੰਸਾਂ ਨੂੰ ਸਫਲ ਕਰਨ ਲਈ ਠੋਸ ਫੈਸਲੇ ਲਏ ਜਾਣਗੇ। 1 ਅਗਸਤ ਨੂੰ ਜ਼ਿਲ੍ਹੇ ਭਰ ਵਿਚੋਂ ਸਾਥੀ, ਸਾਥੀ ਹਰਕਿਸ਼ਨ ਸਿੰਘ ਸੁਰਜੀਤ ਦੀ ਬਰਸੀ ਮੌਕੇ ਚੰਡੀਗੜ੍ਹ ਵਿਖੇ ਹੁੰਮ-ਹੁਮਾ ਕੇ ਪਹੁੰਚਣਗੇ ।ਇਸ ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਸਾਥੀ ਗੁਰਮੇਸ਼ ਸਿੰਘ, ਦਰਸ਼ਨ ਸਿੰਘ ਮੱਟੂ, ਆਸ਼ਾ ਨੰਦ, ਕਮਲਜੀਤ ਸਿੰਘ ਰਾਜਪੁਰ ਭਾਈਆਂ, ਰਣਜੀਤ ਸਿੰਘ ਚੌਹਾਨ, ਹਰਬੰਸ ਸਿੰਘ ਧੂਤ, ਹਰਭਜਨ ਸਿੰਘ ਅਟਵਾਲ, ਸ਼ਮਸ਼ੇਰ ਸਿੰਘ ਕਮਾਹੀ ਦੇਵੀ, ਪ੍ਰੇਮਲਤਾ ਅਤੇ ਮਨਜੀਤ ਕੌਰ ਹਾਜ਼ਰ ਸਨ।

# 75 ਗ੍ਰਾਮ ਹੈਰੋਇਨ ਬਰਾਮਦ



**ਬੰਗਾ (ਅਵਤਾਰ ਕਲੇਰ)**-ਪਿੰਡ ਖਮਾਚੋਂ ਤੋਂ ਪਿੰਡ ਮਾਹਿਲ ਗਹਿਲਾ ਵਾਲੀ ਪੁਲੀ 'ਤੇ ਪੁਲਸ ਵੱਲੋਂ ਨਾਕਾਬੰਦੀ ਕਰਕੇ ਆਉਣ ਜਾਣ ਵਾਲੇ ਸ਼ੱਕੀ ਵਹੀਕਲਾਂ ਦੀ ਚੈਕਿੰਗ ਕਰ ਰਹੇ ਸੀ ਤਾਂ ਪਿੰਡ ਮਾਹਿਲ ਗਹਿਲਾ ਵਾਲੀ ਸਾਈਡ ਤੋਂ ਇੱਕ ਚਿੱਟੇ ਰੰਗ ਦੀ ਕਾਰ ਆਉਂਦੀ ਦਿਖਾਈ ਦਿੱਤੀ। ਰੋਕਿਆ ਤਾਂ ਕਾਰ ਚਾਲਕ ਨੇ ਆਪਣਾ ਨਾਂਅ ਅਵਤਾਰ ਸਿੰਘ ਉਰਫ ਲਾਡੀ ਪੁੱਤਰ ਪਰਮਜੀਤ ਸਿੰਘ ਪਿੰਡ ਸਰਹਾਲਾ ਕਲਾਂ ਥਾਣਾ ਚੱਬੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਦੱਸਿਆ। ਚੈਕਿੰਗ ਦੌਰਾਨ ਇੱਕ ਮੋਮੀ ਲਿਫਾਫੇ ਵਿਚੋਂ 75 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਅਵਤਾਰ ਸਿੰਘ ਉਰਫ ਲਾਡੀ ਨੂੰ ਗ੍ਰਿਫਤਾਰ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

# ਦੇਸ਼ ਸੇਵਕ ਦੇ ਰੈਜ਼ੀਡੈਂਟ ਐਡੀਟਰ ਚੇਤਨ ਸ਼ਰਮਾ ਨੂੰ ਡੂੰਘਾ ਸਦਮਾ, ਮਾਤਾ ਦਾ ਦੇਹਾਂਤ



**ਚੰਡੀਗੜ੍ਹ** : 'ਦੇਸ਼ ਸੇਵਕ' ਦੇ ਜੀ ਐਮ-ਕਮ-ਰੈਜ਼ੀਡੈਂਟ ਐਡੀਟਰ ਚੇਤਨ ਸ਼ਰਮਾ ਨੂੰ ਉਸ ਸਮੇਂ ਗਹਿਰਾ ਸਦਮਾ ਪਹੁੰਚਿਆ ਜਦੋਂ ਰਾਤ ਤਕਰੀਬਨ 12 ਵਜੇ ਉਨ੍ਹਾਂ ਦੇ ਪੂਜਨੀਕ ਮਾਤਾ ਨੰਦ ਰਾਣੀ 79 ਸਾਲ ਦੀ ਉਮਰ ਭੋਗਣ ਉਪਰੰਤ ਦਿਲ ਦੀ ਬਿਮਾਰੀ ਦੇ ਇਲਾਜ ਦੌਰਾਨ ਪੀ ਜੀ ਆਈ ਚੰਡੀਗੜ੍ਹ ਵਿਖੇ ਸਦੀਵੀ ਵਿਛੋੜਾ ਦੇ ਗਏ। ਮਾਤਾ ਨੰਦ ਰਾਣੀ ਨੇ ਐਮ ਐਸ ਸੀ ਫਿਜ਼ਿਕਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀ ਤੇ ਉਹ ਗੋਲਡ ਮੈਡਲਿਸਟ ਸਨ । ਮਾਤਾ ਨੰਦ ਰਾਣੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਰਾਜਪੁਰਾ ਟਾਊਨ ਤੋਂ ਸਾਲ 2002 ਵਿੱਚ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾ ਕੇ ਸੇਵਾ-ਮੁਕਤ ਹੋਏ ਸਨ। ਉਹ ਸੁਘੜ ਸਿਆਣੇ ਤੇ ਸਮਾਜ ਪ੍ਰਤੀ ਸਮਰਪਤ ਇਨਸਾਨ ਸਨ। ਚੇਤਨ ਸ਼ਰਮਾ ਦੇਸ਼ ਸੇਵਕ ਅਖ਼ਬਾਰ ਦੇ ਲੰਮੇ ਸਮੇਂ ਤੋਂ ਬਤੌਰ ਜਨਰਲ ਮੈਨੇਜਰ-ਕਮ-ਰੈਜ਼ੀਡੈਂਟ ਐਡੀਟਰ ਸੇਵਾਵਾਂ ਨਿਭਾ ਰਹੇ ਹਨ। ਚੇਤਨ ਸ਼ਰਮਾ ਦੇ ਪਿਤਾ ਮਰਹੂਮ ਕਾਮਰੇਡ ਜੇ.ਆਰ.ਸ਼ਰਮਾ ਪੀ.ਐਂਡ ਟੀ. ਵਿਭਾਗ ਤੋਂ ਸੇਵਾ-ਮੁਕਤ ਹੋ ਕੇ ਸਿੱਧੇ ਸੀ ਪੀ ਆਈ(ਐਮ) ਦੇ ਸੂਬਾਈ ਪਾਰਟੀ ਦਫ਼ਤਰ ਚੀਮਾ ਭਵਨ, ਚੰਡੀਗੜ੍ਹ ਵਿਖੇ ਆ ਗਏ ਸਨ ਤੇ ਉਨ੍ਹਾਂ ਨੇ ਚੀਮਾ ਭਵਨ ਵਿਖੇ ਸੀ ਪੀ ਆਈ (ਐਮ) ਦੇ ਬਤੌਰ ਸੂਬਾ ਕਮੇਟੀ ਮੈਂਬਰ ਤੇ ਸੂਬਾ ਦਫ਼ਤਰ ਸਕੱਤਰ ਦੀ ਸੇਵਾ ਅੰਤਿਮ ਸਾਹਾਂ ਤੱਕ ਬਾਖੂਬੀ ਨਿਭਾਈ। ਮਾਤਾ ਨੰਦ ਰਾਣੀ ਕਾਮਰੇਡ ਜੇ.ਆਰ.ਸ਼ਰਮਾ ਜੀ ਨਾਲ ਬਤੌਰ ਇੱਕ ਸੁਯੋਗ ਜੀਵਨ ਸਾਥਣ ਪੂਰਨ ਸਹਿਯੋਗ ਕਰਦੇ ਰਹੇ। ਮਾਤਾ ਨੰਦ ਰਾਣੀ ਦੇ ਵਿਛੋੜੇ 'ਤੇ ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਤੇ ਦੇਸ਼ ਸੇਵਕ ਦੇ ਐਮ ਡੀ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਤੇ ਸੂਬਾ ਸਕੱਤਰੇਤ ਮੈਂਬਰਾਂ, ਕਾਮਰੇਡ ਲਹਿੰਬਰ ਸਿੰਘ ਤੱਗੜ, ਭੂਪ ਚੰਦ ਚੰਨੋ, ਮੇਜਰ ਸਿੰਘ ਭਿੱਖੀਵਿੰਡ, ਗੁਰਦਰਸ਼ਨ ਸਿੰਘ ਖ਼ਾਸਪੁਰ, ਬਲਬੀਰ ਸਿੰਘ ਜਾਡਲਾ, ਸੁੱਚਾ ਸਿੰਘ ਅਜਨਾਲਾ, ਰੂਪਬਸੰਤ ਸਿੰਘ ਬੜੈਚ, ਗੁਰਨੇਕ ਸਿੰਘ ਭੱਜਲ, ਸੁਖਪ੍ਰੀਤ ਸਿੰਘ ਜੌਹਲ, ਅਬਦੁਲ ਸਤਾਰ ਤੇ ਰਾਮ ਸਿੰਘ ਨੂਰਪੁਰੀ ਨੇ ਇੱਕ ਸਾਂਝੇ ਬਿਆਨ ਵਿੱਚ ਮਾਤਾ ਨੰਦ ਰਾਣੀ ਦੀ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਚੇਤਨ ਸ਼ਰਮਾ ਤੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।ਇਸ ਤੋਂ ਇਲਾਵਾ ਚੀਮਾ ਭਵਨ ਦੇ ਸਮੂਹ ਸਟਾਫ਼, ਕਾਮਰੇਡ ਆਰ.ਐਲ. ਮੋਦਗਿੱਲ ਸੂਬਾ ਕਮੇਟੀ ਮੈਂਬਰ ਅਤੇ ਸੂਬਾ ਦਫ਼ਤਰ ਸਕੱਤਰ, ਕਾਮਰੇਡ ਕੁਲਦੀਪ ਸਿੰਘ ਸੂਬਾ ਕਮੇਟੀ ਮੈਂਬਰ ਤੇ ਸਾਬਕਾ ਜਨਰਲ ਮੈਨੇਜਰ ਦੇਸ਼ ਸੇਵਕ, ਕਾਮਰੇਡ ਰਣਜੀਤ ਸਿੰਘ ਪ੍ਰਿੰਟਰ ਅਤੇ ਪਬਲਿਸ਼ਰ ਦੇਸ਼ ਸਵੇਕ, ਕਾਮਰੇਡ ਸੁਨੀਲ ਕੁਮਾਰ ਜ਼ਿਲ੍ਹਾ ਕਮੇਟੀ ਮੈਂਬਰ ਚੰਡੀਗੜ੍ਹ, ਕਾਮਰੇਡ ਮੁਹੰਮਦ ਸਾਹਨਾਜ਼ ਗੋਰਸੀ ਜ਼ਿਲ੍ਹਾ ਸਕੱਤਰ ਜ਼ਿਲ੍ਹਾ ਚੰਡੀਗੜ੍ਹ ਅਤੇ ਸਮੂਹ ਜ਼ਿਲ੍ਹਾ ਕਮੇਟੀ ਮੈਂਬਰਾਂ ਵੱਲੋਂ ਵੀ ਚੇਤਨ ਸ਼ਰਮਾ ਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਤੋਂ ਇਲਵਾ ਦੇਸ਼ ਸੇਵਕ ਦੇ ਸਮੂਹ ਸਟਾਫ਼ ਵੱਲੋਂ ਵੀ ਇੱਕ ਸ਼ੋਕ ਸਭਾ ਕੀਤੀ ਗਈ ਤੇ ਦੋ ਮਿੰਟ ਦਾ ਮੌਨ ਰੱਖ ਕੇ ਮਾਤਾ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਚੇਤਨ ਸ਼ਰਮਾ ਤੇ ਪਰਵਾਰ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।ਮਾਤਾ ਨੰਦ ਰਾਣੀ ਦਾ ਸਸਕਾਰ ਸੈਕਟਰ 25 ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ। ਮਾਤਾ ਨੰਦ ਰਾਣੀ ਦੀ ਅੰਤਿਮ ਯਾਤਰਾ ਵਿੱਚ ਕਾਮਰੇਡ ਸੇਖੋਂ ਦੇ ਸਪੁੱਤਰ ਜਸਪ੍ਰੀਤ ਸਿੰਘ, ਸੂਬਾ ਸਕੱਤਰੇਤ ਮੈਂਬਰ ਕਾਮਰੇਡ ਗੁਰਦਰਸ਼ਨ ਸਿੰਘ ਖ਼ਾਸਪੁਰ, ਸੂਬਾ ਕਮੇਟੀ ਮੈਂਬਰ ਕਾਮਰੇਡ ਸਤਿਨਾਮ ਸਿੰਘ ਬੜੈਚ, ਤੇਜਾ ਸਿੰਘ ਬੜੈਚ, ਬਹੁਤ ਸਾਰੇ ਸੂਬਾ ਕਮੇਟੀ ਮੈਂਬਰ, ਚੰਡੀਗੜ੍ਹ ਅਤੇ ਮੋਹਾਲੀ ਜ਼ਿਲ੍ਹਿਆਂ ਦੇ ਸਾਥੀ ਚੇਤਨ ਸ਼ਰਮਾ ਦੇ ਰਿਸ਼ਤੇਦਾਰ, ਮਿੱਤਰ ਤੇ ਦੇਸ਼ ਸੇਵਕ ਦਾ ਸਟਾਫ਼ ਸ਼ਾਮਲ ਹੋਇਆ। ਮਾਤਾ ਦੀ ਚਿਤਾ ਨੂੰ ਅਗਨੀ ਚੇਤਨ ਸ਼ਰਮਾ ਤੇ ਮਾਤਾ ਦੇ ਪੋਤਰੇ ਆਰਯਨ ਤੇ ਆਦਿੱਤਿਆ ਨੇ ਦਿਖਾਈ।

# ਹਾਈ ਕੋਰਟ ਵੱਲੋਂ ਕੰਪਿਊਟੇਸ਼ਨ ਕਟੌਤੀ ਸੰਬੰਧੀ ਦਿੱਤਾ ਫੈਸਲਾ ਜਨਰਲਾਈਜ਼ ਕਰੇ ਸਰਕਾਰ : ਚੀਮਾ



**ਮੇਹਟੀਆਣਾ/ਜਲੰਧਰ -(ਜਗਤਾਰ ਸਿੰਘ ਭੁੰਗਰਨੀ /ਰਾਜੇਸ਼ ਥਾਪਾ)**- ਪੰਜਾਬ ਯੂਨੀਅਨ ਜ਼ਿਲ੍ਹਾ ਜਲੰਧਰ ਬ੍ਰਾਂਚ ਦੀ ਮਹੀਨਾ ਵਾਰ ਮੀਟਿੰਗ ਹਰਿੰਦਰ ਸਿੰਘ ਚੀਮਾ ਅਤੇ ਜੋਗਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਮੌਕੇ ਸਭ ਤੋਂ ਪਹਿਲਾਂ ਦੇਸ਼ ਵਿਦੇਸ਼ ਵਿਚ ਵਾਪਰੀਆਂ ਘਟਨਾਵਾਂ ਵਿਚ ਗਈਆ ਕੀਮਤੀ ਜਾਨਾਂ ਅਤੇ ਸ਼ਹੀਦ ਹੋਏ ਫੌਜੀ ਜਵਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਮੰਗ ਕੀਤੀ ਕਿ ਪੰਜਾਬ ਪੈਂਸ਼ਨਰਜ਼ ਅਤੇ ਮੁਲਾਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਦੀ ਮੀਟਿੰਗ 25 ਜੁਲਾਈ ਨੂੰ ਮੁੱਖ ਮੰਤਰੀ ਪੰਜਾਬ ਨਾਲ ਹੋਣ ਜਾ ਰਹੀ ਹੈ, ਇਸ ਵਿੱਚ ਸਾਰੇ ਮੁੱਦੇ ਜ਼ੋਰ ਸ਼ੋਰ ਨਾਲ ਉਠਾਏ ਜਾਣ। ਇਸ ਮੌਕੇ ਹਰਿੰਦਰ ਸਿੰਘ ਚੀਮਾ ਅਤੇ ਜਨਰਲ ਸਕੱਤਰ ਵਿਜੇ ਸ਼ਰਮਾ ਨੇ ਪ੍ਰੈਸ ਨੂੰ ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ ਕੰਪਿਊਟੇਸ਼ਨ ਕਟੌਤੀ 128 ਮਹੀਨੇ ਬਾਅਦ ਬੰਦ ਕਰਨ ਸਬੰਧੀ ਦਿੱਤੇ ਫੈਸਲਿਆਂ ਸਬੰਧੀ ਸਾਥੀਆਂ ਨੂੰ ਜਾਗਰੂਕ ਕੀਤਾ ਗਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਹਾਈਕੋਰਟ ਦੇ ਕੀਤੇ ਹੁਕਮਾਂ ਨੂੰ ਜਨਰਲਾਈਜ਼ ਕੀਤਾ ਜਾਵੇ, ਜਿਸ ਨਾਲ ਪੈਂਸ਼ਨਰਜ਼ ਵੀ ਖੱਜਲ ਖੁਆਰੀ ਤੋਂ ਬਚਣਗੇ ਅਤੇ ਕੋਰਟਾਂ ਵੀ ਪ੍ਰਭਾਵਤ ਨਹੀਂ ਹੋਣਗੀਆਂ ।

ਮੀਟਿੰਗ 'ਚ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਜ਼ ਸਾਥੀਆਂ ਨੂੰ 2.59 ਗੁਣਾਂਕ ਨਾਲ ਨਾਲ ਪੇ-ਕਮਿਸ਼ਨ ਦੀ ਰਿਪੋਰਟ ਦਾ ਲਾਭ ਦਿੱਤਾ ਜਾਵੇ, 41 ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਪੇ-ਕਮਿਸ਼ਨ ਦੀ ਰਿਪੋਰਟ ਦੇ ਬਕਾਏ ਦਾ ਭੁਗਤਾਨ ਕੀਤਾ ਜਾਵੇ, ਠੇਕੇਦਾਰੀ ਸਿਸਟਮ ਬੰਦ ਕਰਕੇ ਪੱਕੀ ਭਰਤੀ ਕੀਤੀ ਜਾਵੇ। ਮੀਟਿੰਗ ਵਿਚ ਸਾਥੀ ਹਰਿੰਦਰ ਸਿੰਘ ਚੀਮਾ, ਸੁਰਿੰਦਰ ਸਿੰਘ ਟੀ ਐਮ, ਬਲਵਿੰਦਰ ਸਿੰਘ ਮੁਲਤਾਨੀ, ਦਿਲਬਾਗ ਸਿੰਘ, ਰਾਜਿੰਦਰ ਸਿੰਘ ਇਸ., ਸਾਥੀ ਭੁੱਲਰ, ਹਰਿੰਦਰ ਸਿੰਘ ਮੁੱਖ ਸਲਾਹਕਾਰ, ਗੁਰਦਿਆਲ ਸਿੰਘ ਜਲਵੇਹੜਾ, ਜਗਦੇਵ ਸਿੰਘ ਕੁੱਕੋਵਾਲ, ਸਰਮੁੱਖ ਸਿੰਘ, ਜੋਗਿੰਦਰ ਸਿੰਘ ਸੈਕਟਰੀ, ਮਦਨ ਲਾਲ ਚੀਮਾ, ਸੰਤੋਖ ਸਿੰਘ ਕੈਸ਼ੀਅਰ ਆਦਿ ਉਚੇਚੇ ਤੌਰ 'ਤੇ ਹਾਜ਼ਰ ਹੋਏ ।

# 25 ਦੀ ਮੀਟਿੰਗ 'ਚ ਮੁੱਖ ਮੰਤਰੀ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਜਾਰੀ ਕਰਨ : ਵਾਲੀਆ, ਦਿਲਬਾਗ ਸਿੰਘ



**ਜਲੰਧਰ ( ਰਾਜੇਸ਼ ਥਾਪਾ )**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜ਼ਿਲ੍ਹਾ ਜਲੰਧਰ ਦੇ ਕਨਵੀਨਰ ਕੁਲਦੀਪ ਵਾਲੀਆ ਅਤੇ ਦਿਲਬਾਗ ਸਿੰਘ ਨੇ ਪ੍ਰੈਸ ਨੂੰ ਦਿੱਤੇ ਬਿਆਨ 'ਚ ਕਿਹਾ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਮੁੱਦਾ ਪੰਜਾਬ ਸਰਕਾਰ ਲੰਮੇ ਸਮੇਂ ਤੋਂ ਟਾਲ ਰਹੀ ਹੈ, ਜਿਸ ਨਾਲ ਪੰਜਾਬ ਦੇ ਲਗਭਗ 2 ਲੱਖ ਤੋਂ ਜ਼ਿਆਦਾ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਵਾਰਾਂ ਵਿੱਚ ਰੋਸ ਦੀ ਲਹਿਰ ਚੱਲ ਪਈ ਹੈ । ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ ਪੰਜਾਬ ਯੂਟੀ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਬੈਨਰ ਹੇਠ ਮੁਲਾਜ਼ਮਾਂ ਨੇ ਜਲੰਧਰ ਵਿਖੇ ਰੈਲੀ ਕਰਨ ਦਾ ਪ੍ਰੋਗਰਾਮ ਐਲਾਨ ਕੀਤਾ ਸੀ। ਪਰ ਮੁੱਖ ਮੰਤਰੀ ਪੰਜਾਬ ਨੇ ਉਸ ਵੇਲੇ ਫਰੰਟ ਨਾਲ ਮੀਟਿੰਗ ਕਰਕੇ ਵਾਅਦਾ ਕੀਤਾ ਸੀ ਕਿ ਮੁਲਾਜ਼ਮਾਂ ਨੂੰ 25 ਤਰੀਕ ਨੂੰ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ, ਡੀ ਏ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ , ਪੇ-ਕਮਿਸ਼ਨ ਨੂੰ ਸੋਧਣਾ ਆਦਿ ਨੂੰ ਹੱਲ ਕੀਤਾ ਜਾਵੇਗਾ। ਹੁਣ ਜਥੇਬੰਦੀ ਇਹ ਮੰਗ ਕਰਦੀ ਹੈ ਕਿ 25 ਨੂੰ ਹੋਣ ਵਾਲੇ ਮੀਟਿੰਗ ਵਿੱਚ ਬਾਕੀ ਮੰਗਾਂ ਸਣੇ 1972 ਵਾਲੀ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ । ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਜਥੇਬੰਦੀ ਨੂੰ ਹੋਰ ਤਿੱਖੇ ਐਕਸ਼ਨ ਕਰਨ ਲਈ ਮਜਬੂਰ ਹੋਣਾ ਪਵੇਗਾ।

## ਮਾਮਲਾ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਅੱਖੋਂ-ਪਰੋਖੇ ਕਰਨ ਦਾ

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪੰਜਾਬ ਭਰ 'ਚ ਸੰਘਰਸ਼ ਵਿੱਢਣ ਦਾ ਐਲਾਨ



**ਜਲੰਧਰ** : ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਵਲੋਂ ਸੂਬਾ ਪ੍ਰਧਾਨ ਤਰਸੇਮ ਪੀਟਰ ਦੀ ਪ੍ਰਧਾਨਗੀ ਹੇਠ ਆਪਣੀ ਮੀਟਿੰਗ ਕਰਕੇ ਪੰਜਾਬ ਭਰ ਵਿੱਚ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਗਿਆ। ਇਸ ਸੰਬੰਧੀ ਸ਼ਨੀਵਾਰ ਤੋਂ ਲਾਮਬੰਦੀ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ ਗਿਆ। ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਇਹ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਮਜ਼ਦੂਰ ਮੁੱਦਿਆਂ ਦੇ ਠੋਸ ਨਿਪਟਾਰੇ ਲਈ 30 ਜੁਲਾਈ ਤੱਕ ਹਰ ਜ਼ਿਲ੍ਹਾ ਪੱਧਰੀ ਵਿਸਥਾਰੀ ਮੀਟਿੰਗਾਂ ਕਰਨ ਉਪਰੰਤ 1 ਅਗਸਤ ਤੋਂ 15 ਅਗਸਤ ਤੱਕ ਪਿੰਡ ਪੱਧਰੀ ਮਾਰਚ ਕਰਕੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇਗਾ ਅਤੇ 19 ਅਗਸਤ ਤੋਂ 26 ਅਗਸਤ ਤੱਕ ਪੰਜਾਬ ਭਰ ਵਿੱਚ ਹਫ਼ਤਾਵਾਰੀ ਬਲਾਕ ਪੱਧਰੀ, ਬੀ ਡੀ ਪੀ ਓ ਦਫ਼ਤਰਾਂ ਅੱਗੇ ਧਰਨੇ ਮੁਜ਼ਾਹਰੇ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰਨ ਵਿਰੁੱਧ, ਲੈਂਡ ਸੀਲਿੰਗ ਐਕਟ ਨੂੰ ਲਾਗੂ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ-ਕਿਸਾਨਾਂ 'ਚ ਵੰਡਣ, ਨਜ਼ੂਲ ਤੇ ਪ੍ਰੋਵੈਨਸ਼ਲ ਗੌਰਮਿੰਟ ਦੀਆਂ ਅਲਾਟ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਹਟਾ ਕੇ ਦਲਿਤਾਂ ਨੂੰ ਮਾਲਕੀ ਹੱਕ ਦੇਣ, ਲਾਲ ਲਕੀਰ ਵਿੱਚ ਆਉਂਦੇ ਘਰਾਂ ਦੇ ਮਾਲਕੀ ਹੱਕ ਸਮੇਤ ਪੱਕਾ ਰੁਜ਼ਗਾਰ ਤੇ ਦਿਹਾੜੀ 1 ਹਜ਼ਾਰ ਰੁਪਏ, ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਸਮੁੱਚਾ ਕਰਜ਼ਾ ਮੁਆਫ਼ੀ ਤੇ ਬਦਲਵੇਂ ਕਰਜ਼ੇ ਦਾ ਪ੍ਰਬੰਧ ਕਰਨ ਦੇ ਸਵਾਲ ਨੂੰ ਲੈ ਕੇ ਇਹ ਸੰਘਰਸ਼ ਵਿੱਢਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਪੰਜਾਬ ਸਰਕਾਰ ਮਜ਼ਦੂਰਾਂ ਦੇ ਮੰਗਾਂ ਮਸਲਿਆਂ ਦਾ ਨਿਪਟਾਰਾ ਕਰਨ ਲਈ ਗੰਭੀਰ ਹੈ। ਮੀਟਿੰਗ ਦੌਰਾਨ ਇੱਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਵਲੋਂ ਪੱਕਾ ਰੁਜ਼ਗਾਰ ਜਾਂ ਹਰ ਘਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਥਾਂ ਮਗਨਰੇਗਾ ਵਰਕਰਾਂ ਤੋਂ ਕੰਮ ਖੋਹ ਕੇ ਮਗਨਰੇਗਾ ਕਾਰਜਾਂ ਨੂੰ ਆਪ ਪਾਰਟੀ ਦੇ ਆਗੂਆਂ ਦੀ ਕਠਪੁਤਲੀ ਬਣਾਉਣ ਦੀ ਨਿੰਦਾ ਕੀਤੀ ਗਈ।ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਪਿੰਡ ਟਾਹਲੀ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਸੰਘਰਸ਼ ਦਾ ਰੀਵਿਊ ਕਰਦਿਆਂ ਸੰਘਰਸ਼ ਉੱਪਰ ਤਸੱਲੀ ਪ੍ਰਗਟ ਕੀਤੀ ਗਈ ਅਤੇ ਟਾਂਡਾ ਨੂੰ ਘੋਲ ਦਾ ਕੇਂਦਰ ਬਣਾਉਣ ਦਾ ਫ਼ੈਸਲਾ ਵੀ ਕੀਤਾ ਗਿਆ। ਐਮ ਐਲ ਏ ਟਾਂਡਾ ਜਸਵੀਰ ਸਿੰਘ ਰਾਜਾ ਅਤੇ ਉਸ ਦੇ ਹਮਾਇਤੀਆਂ ਖਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਐਸ ਐਸ ਪੀ ਹੁਸ਼ਿਆਰਪੁਰ ਨੂੰ ਸੰਘਰਸ਼ ਵਿੱਚ ਸਹਿਯੋਗੀ ਜਥੇਬੰਦੀਆਂ ਸਮੇਤ ਵਫ਼ਦ ਮਿਲਿਆ ਜਾਵੇਗਾ। ਜਥੇਬੰਦੀ ਨੇ ਉਪਰੋਕਤ ਫੈਸਲਿਆਂ ਨੂੰ ਲਾਗੂ ਕਰਨ ਲਈ ਪੂਰਾ ਤਾਣ ਲਗਾਉਣ ਦਾ ਹੋਕਾ ਵੀ ਦਿੱਤਾ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਯੂਨੀਅਨ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ, ਹੰਸ ਰਾਜ ਪੱਬਵਾਂ, ਕਮਲਜੀਤ ਸਨਾਵਾਂ ਅਤੇ ਮੰਗਾ ਸਿੰਘ ਵੈਰੋਕੇ ਆਦਿ ਵੀ ਹਾਜ਼ਰ ਸਨ।

# ਸਟਾਫ਼ ਤੇ ਦਵਾਈਆਂ ਦੀ ਘਾਟ ਕਾਰਨ ਗਊਸ਼ਾਲਾ ਦੇ ਹਾਲਾਤ ਖਸਤਾ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਕਸਬਾ ਗੋਲੇਵਾਲਾ ਸਥਿਤ ਸਰਕਾਰੀ ਗਊਸ਼ਾਲਾ 'ਚ ਸਥਾਨਕ ਲੋਕਾਂ ਦੁਆਰਾ ਗਊਸ਼ਾਲਾ ਦਾ ਦੌਰਾ ਕੀਤਾ ਅਤੇ ਉੱਥੇ ਦੇ ਹਾਲਾਤ ਦੇਖ ਕੇ ਹੈਰਾਨੀ ਹੋਈ, ਕਈ ਪਸ਼ੂ ਬਿਮਾਰ ਪਏ ਸਨ ਤੇ ਕਈ ਮਰੀ ਹੋਈ ਹਾਲਤ ਵਿੱਚ ਪਾਏ ਗਏ। ਇਸ ਬਾਰੇ ਉਨ੍ਹਾਂ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਸੂਚਿਤ ਕੀਤਾ। ਡਿਪਟੀ ਕਮਿਸ਼ਨਰ ਨੇ ਤੁਰੰਤ ਇਸ ਸੂਚਨਾ 'ਤੇ ਧਿਆਨ ਦਿੰਦੇ ਹੋਏ ਕੁਝ ਅਧਿਕਾਰੀਆਂ ਨੂੰ ਗਊਸ਼ਾਲਾ ਦੀ ਸਥਿਤੀ ਬਾਰੇ ਜਾਣਕਾਰੀ ਲੈਣ ਲਈ ਭੇਜਿਆ, ਪਰ ਕਰਮਚਾਰੀਆਂ ਨੂੰ ਗਊਸ਼ਾਲਾ ਦੀ ਸਹੀ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ।ਉਕਤ ਸੇਵਾਦਾਰਾਂ ਨੇ ਦੱਸਿਆ ਕਿ ਇੱਥੇ ਡਾਕਟਰਾਂ ਦੀ ਘਾਟ ਹੈ।ਜੇਕਰ ਡਾਕਟਰ ਗਊਆਂ ਨੂੰ ਚੈੱਕ ਕਰਨ ਲਈ ਗਊਸ਼ਾਲਾ ਵਿਖੇ ਆਉਂਦੇ ਹਨ ਤਾਂ ਉਨ੍ਹਾਂ ਕੋਲ ਲੋੜੀਂਦੀ ਮਾਤਰਾ ਵਿੱਚ ਦਵਾਈਆਂ ਨਹੀਂ ਹੁੰਦੀਆਂ।ਇਸ ਮੌਕੇ ਸਰਕਾਰੀ ਗਊਸ਼ਾਲਾ ਦੀ ਦੇਖ-ਰੇਖ ਕਰ ਰਹੇ ਮੁਲਾਜ਼ਮਾਂ ਤੇ ਇਲਾਕਾ ਵਾਸੀਆਂ ਵਿੱਚੋਂ ਬੱਬਲ ਬਰਾੜ, ਲਾਡੀ ਗਿੱਲ, ਤੀਰਥ ਸਿੰਘ, ਪਿੰਦਰ ਮਰਾੜ ਨੇ ਦੱਸਿਆ ਕਿ ਸਰਕਾਰੀ ਗਊਸ਼ਾਲਾ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਘਾਟ ਕਾਰਨ ਕੰਮਕਾਜ ਦੇ ਸੁਚੱਜੇ ਪ੍ਰਬੰਧ ਨਹੀਂ ਕੀਤੇ ਜਾ ਰਹੇ ਹਨ। ਗਊਸ਼ਾਲਾ ਵਿੱਚ ਸਿਰਫ਼ ਚਾਰ ਕਰਮਚਾਰੀ ਹਨ, ਜਦੋਂ ਕਿ ਗਊਸ਼ਾਲਾ ਵਿੱਚ 450 ਦੇ ਕਰੀਬ ਗਊਆਂ ਮੌਜੂਦ ਹਨ।ਇਨ੍ਹਾਂ ਦੀ ਦੇਖ ਭਾਲ ਲਈ ਘੱਟੋ-ਘੱਟ 15 ਮੁਲਾਜ਼ਮਾਂ ਦੀ ਲੋੜ ਹੈ, ਪਰ ਮੌਜੂਦਾ ਸਥਿਤੀ ਵਿੱਚ ਸਿਰਫ਼ ਚਾਰ ਮੁਲਾਜ਼ਮ ਹੀ ਹਨ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇੱਥੇ ਮੁਲਾਜ਼ਮਾਂ ਦੀ ਗਿਣਤੀ ਪੂਰੀ ਕੀਤੀ ਜਾਵੇ ਤਾਂ ਜੋ ਗਊਆਂ ਦੀ ਸਹੀ ਢੰਗ ਨਾਲ ਦੇਖ ਭਾਲ ਕੀਤੀ ਜਾ ਸਕੇ।ਉਨ੍ਹਾਂ ਦੱਸਿਆ ਕਿ ਡਾਕਟਰ ਗਊਸ਼ਾਲਾ ਵਿੱਚ ਆਉਂਦੇ ਹਨ, ਪਰ ਦਵਾਈਆਂ ਦੀ ਘਾਟ ਕਾਰਨ ਬਿਮਾਰ ਗਊਆਂ ਦਾ ਸਹੀ ਢੰਗ ਨਾਲ ਇਲਾਜ ਨਹੀਂ ਕੀਤਾ ਜਾ ਸਕਦਾ ਹੈ, ਪਰ ਉਣ ਸਥਾਨਕ ਲੋਕਾਂ ਦੀ ਮਦਦ ਨਾਲ ਗਾਵਾਂ ਦਾ ਇਲਾਜ ਸ਼ੁਰੂ ਕੀਤਾ ਗਿਆ।



# ਵਾਤਾਵਰਨ ਬਚਾਉਣ ਲਈ ਲੋਕ ਸੰਜੀਦਾ, ਵਿਭਾਗ ਲਾਪ੍ਰਵਾਹ : ਐਡਵੋਕੇਟ ਉੱਡਤ

**ਮਾਨਸਾ (ਆਤਮ ਸਿੰਘ ਪਮਾਰ)**-ਗਲੋਬਲਾਈਜ਼ੇਸ਼ਨ ਦੇ ਵਾਤਾਵਰਨ 'ਤੇ ਪਏ ਮਾਰੂ ਪ੍ਰਭਾਵਾਂ ਤੋਂ ਚਿੰਤਤ ਆਮ ਲੋਕਾਂ, ਸਮਾਜਿਕ, ਸੱਭਿਆਚਾਰਕ, ਧਾਰਮਿਕ ਸੰਸਥਾਵਾਂ ਅਤੇ ਜਨਤਕ ਕਲੱਬਾਂ ਨੇ ਜਿੱਥੇ ਵਾਤਾਵਰਨ ਨੂੰ ਬਚਾਉਣ ਤੇ ਸ਼ੁੱਧ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਸ਼ੁਰੂ ਕੀਤੇ ਹੋਏ ਹਨ। ਸੋਸ਼ਲ ਮੀਡੀਏ 'ਤੇ ਵੀ ਰੁੱਖ ਲਗਾਉਣ ਦੀ ਮੁਹਿੰਮ ਜ਼ੋਰਾਂ ਸ਼ੋਰਾਂ ਨਾਲ ਚਲਾਈ ਜਾ ਰਹੀ, ਉੱਥੇ ਹੀ ਸਰਕਾਰ ਦਾ ਜੰਗਲਾਤ ਵਿਭਾਗ ਚਿੱਟਾ ਹਾਥੀ ਸਾਬਿਤ ਹੋ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੈੱਸ ਬਿਆਨ ਰਾਹੀਂ ਕਰਦਿਆ ਸੀ ਪੀ ਆਈ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਮਾਨਸਾ ਦੀਆਂ ਸਾਰੀਆਂ ਸਰਕਾਰੀ ਨਰਸਰੀਆਂ 'ਤੇ ਬੂਟਿਆਂ ਦੀ ਵੱਡੀ ਘਾਟ ਪਾਈ ਜਾ ਰਹੀ ਹੈ, ਜਿਸ ਕਾਰਨ ਵਾਤਾਵਰਨ ਪ੍ਰੇਮੀਆਂ ਨੂੰ ਖੱਜਲਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦੋਂਕਿ ਸਰਕਾਰ ਵੱਲੋਂ ਵੱਖ-ਵੱਖ ਸਕੀਮਾਂ ਤਹਿਤ ਬੂਟੇ ਪੈਦਾ ਕਰਨ ਲਈ ਕਰੋੜਾਂ ਦਾ ਬਜਟ ਪਹਿਲਾਂ ਹੀ ਮਹਿਕਮੇ ਨੂੰ ਮਿਲ ਚੁੱਕਿਆ ਹੈ।ਉੱਡਤ ਨੇ ਕਿਹਾ ਕਿ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਜੇਕਰ ਸਰਕਾਰ ਵੱਲੋਂ ਮਿਲੇ ਬਜਟ ਦਾ ਸਹੀ ਉਪਯੋਗ ਕੀਤਾ ਹੁੰਦਾ ਤਾਂ ਸਰਕਾਰੀ ਨਰਸਰੀਆਂ ਵਿੱਚ ਬੂਟਿਆਂ ਦੀ ਘਾਟ ਨਾ ਰੜਕਦੀ ਤੇ ਵਾਤਾਵਰਨ ਦੀ ਸ਼ੁੱਧਤਾ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਭਾਰੀ ਬਲ ਮਿਲ ਸਕਦਾ।ਉਨ੍ਹਾ ਕਿਹਾ ਕਿ ਸਰਕਾਰੀ ਸਕੂਲਾਂ ਦੇ ਹਰੇਕ ਵਿਦਿਆਰਥੀ ਨੂੰ ਇੱਕ-ਇੱਕ ਪੌਦਾ ਦੇਣ ਦੇ ਸਰਕਾਰ ਦੇ ਅਤਿ ਸ਼ਲਾਘਾਯੋਗ ਫੈਸਲੇ ਨੂੰ ਲਾਗੂ ਕਰਨ ਲਈ ਲੱਖਾਂ ਪੌਦੇ ਚਾਹੀਦੇ ਹਨ, ਜੋ ਹੁਣ ਜੰਗਲਾਤ ਵਿਭਾਗ ਦੇ ਅਧਿਕਾਰੀ ਪ੍ਰਾਈਵੇਟ ਨਰਸਰੀਆਂ ਤੋਂ ਖ੍ਰੀਦਣ ਦੀਆਂ ਸਕੀਮਾਂ ਬਣਾ ਰਹੇ ਹਨ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਦੋਹਰੀ ਮਾਰ ਪਵੇਗੀ।

ਉਨ੍ਹਾ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੌਦੇ ਉਗਾਉਣ ਵਾਲੇ ਸਰਕਾਰੀ ਬਜਟ ਨੂੰ ਖੁਰਦ-ਬੁਰਦ ਕਰਨ ਵਾਲੇ ਅਧਿਕਾਰੀਆਂ ਖਿਲਾਫ਼ ਲੋੜੀਂਦੀ ਜਾਂਚ ਪੜਤਾਲ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ।

# ਟੀ ਐੱਲ ਐੱਫ ਸਕੂਲ 'ਚ ਬਾਸਕਟਬਾਲ ਦੇ ਅੰਤਰ ਹਾਊਸ ਮੁਕਾਬਲੇ

## ਖੇਡਣ ਨਾਲ ਸਾਡਾ ਸਰੀਰ ਤੰਦਰੁਸਤ ਰਹਿੰਦੈ : ਚੇਅਰਮੈਨ ਇੰਜੀ. ਜਨੇਸ਼ ਗਰਗ

**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹਿਰ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਗਲੋਬਲ ਸਕੂਲ (ਟੀ.ਐੱਲ.ਐੱਫ.) ਦੀ ਲਰਨਿੰਗ ਫੀਲਡ ਦੇ ਮੈਦਾਨ 'ਤੇ ਅੰਤਰ-ਹਾਊਸ ਬਾਸਕਟਬਾਲ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ 7ਵੀਂ, 8ਵੀਂ, 9ਵੀਂ, 10ਵੀਂ ਤੇ 11ਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਭਾਰੀ ਉਤਸ਼ਾਹ ਦਿਖਾਇਆ। ਸਕੂਲ ਦੇ ਚੇਅਰਮੈਨ ਇੰਜੀ. ਜਨੇਸ਼ ਗਰਗ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਣਾ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹੈ ਅਤੇ ਖੇਡਣ ਨਾਲ ਸਾਡਾ ਸਰੀਰ ਤੰਦਰੁਸਤ ਰਹਿੰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਕੂਲ ਦੇ ਮੈਦਾਨ ਵਿੱਚ ਕਰਵਾਏ ਗਏ ਇਸ ਮੁਕਾਬਲੇ ਵਿੱਚ ਸਾਰੇ ਘਰਾਂ ਦੇ ਵਿਦਿਆਰਥੀਆਂ ਨੇ ਐਥਲੈਟਿਕ ਹੁਨਰ, ਟੀਮ ਵਰਕ ਤੇ ਖੇਡ ਪ੍ਰਤੀਯੋਗਤਾ ਦਾ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਹਰ ਘਰ ਦੇ ਲੜਕੇ ਤੇ ਲੜਕੀਆਂ ਦੀਆਂ ਟੀਮਾਂ ਨੇ ਭਾਗ ਲਿਆ। ਹਰੇਕ ਖੇਡ ਖਿਡਾਰੀਆਂ ਦੇ ਸਮਰਪਣ ਦਾ ਪ੍ਰਮਾਣ ਸੀ, ਟੀਮਾਂ ਨੇ ਰਣਨੀਤਕ ਖੇਡ ਤੇ ਤਾਲਮੇਲ ਦਾ ਪ੍ਰਦਰਸ਼ਨ ਕੀਤਾ। ਸਕੂਲ ਤੋਂ ਅਰਮਾਨ ਬੇਦੀ 10ਵੀਂ, ਬਲਵਿੰਦਰ ਸਿੰਘ 10ਵੀਂ ਬੀ, ਸਾਰਥਕ 10ਵੀਂ ਏ, ਪਾਰਥ ਪੁਰੀ 11ਵੀਂ ਬੀ, ਅਭਿਜੀਤ ਸਿੰਘ 9ਵੀਂ ਏ, ਸ਼ੌਰਿਆ ਮਿੱਤਲ 9ਵੀਂ ਏ, ਖੁਸ਼ਨਾਮੋਲ 9ਵੀਂ ਬੀ, ਅਮਨਿੰਦਰ 7ਵੀਂ ਏ, ਜਗਤੇਸ਼ਵਰ ਸਿੰਘ 9ਵੀਂ ਬੀ ਨੇ ਭਾਗ ਲਿਆ। ਇਸੇ ਤਰ੍ਹਾਂ ਲੜਕੀਆਂ ਦੇ ਫਰੈਗਰੈਂਸ ਹਾਊਸ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ। ਗ੍ਰੈਂਡ ਫਿਨਾਲੇ 'ਚ ਰੋਮਾਂਚਕ ਮੈਚ ਦੇਖਣ ਨੂੰ ਮਿਲਿਆ, ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਗਹਿਗੱਚ ਤੇ ਕਰੀਬੀ ਮੁਕਾਬਲੇ ਤੋਂ ਬਾਅਦ ਫਰੈਗਰੈਂਸ ਹਾਊਸ ਨੇ ਜਿੱਤ ਦਰਜ ਕੀਤੀ ਅਤੇ ਚੈਂਪੀਅਨਸ਼ਿਪ ਦਾ ਖਿਤਾਬ ਆਪਣੇ ਨਾਂ ਕੀਤਾ। ਇਸ ਵਿੱਚ ਜੇਤੂ ਲੜਕੀਆਂ ਦੀ ਟੀਮ ਦੇ ਮੈਂਬਰਾਂ ਅਸੀਸ 10ਵੀਂ ਏ, ਸਹਿਜ ਗੋਗਨਾ 10ਵੀਂ ਏ, ਅੰਚਿਤਾ 10ਵੀਂ ਬੀ, ਪੁਨੀਤ 8ਵੀਂ ਏ, ਸ੍ਰਿਸ਼ਟੀ 10ਵੀਂ ਬੀ, ਮੰਨਤਦੀਪ 7ਵੀਂ ਏ, ਨਵਨੀਤ 10ਵੀਂ ਬੀ, ਮੰਨਤ ਬੇਦੀ 8ਵੀਂ-ਬੀ ਨੂੰ ਫਰੈਗਰੈਂਸ ਹਾਊਸ ਵਿੱਚ ਸਨਮਾਨਤ ਕੀਤਾ ਗਿਆ। ਅੰਤਰ-ਹਾਊਸ ਬਾਸਕਟਬਾਲ ਮੁਕਾਬਲੇ ਵਿੱਚ ਸਭ ਤੋਂ ਵੱਧ ਅੰਕ ਹਾਸਲ ਕਰਨ ਵਾਲੀ ਲੜਕੀ ਨੂੰ ਓਵਰਆਲ ਚੈਂਪੀਅਨ ਐਲਾਨਿਆ ਗਿਆ। ਚੇਅਰਮੈਨ ਇੰਜੀ. ਜਨੇਸ਼ ਗਰਗ ਨੇ ਕਿਹਾ ਕਿ ਇਸ ਮੁਕਾਬਲੇ ਨੇ ਨਾ ਸਿਰਫ਼ ਸਾਡੇ ਵਿਦਿਆਰਥੀਆਂ ਦੀ ਬਾਸਕਟਬਾਲ ਪ੍ਰਤਿਭਾ ਨੂੰ ਉਜਾਗਰ ਕੀਤਾ, ਬਲਕਿ ਲਗਨ, ਟੀਮ ਵਰਕ ਤੇ ਨਿਰਪੱਖ ਖੇਡ ਦੇ ਮੁੱਲਾਂ ਨੂੰ ਵੀ ਮਜ਼ਬੂਤ ਕੀਤਾ। ਇਹ ਉਤਸ਼ਾਹ, ਏਕਤਾ ਤੇ ਅਭੁੱਲ ਪਲਾਂ ਨਾਲ ਭਰਿਆ ਦਿਨ ਸੀ, ਜਿਸ ਨੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਸਾਰੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਸਮਰਪਣ ਤੇ ਯਤਨਾਂ ਲਈ ਵਧਾਈ ਦਿੱਤੀ। ਇੰਟਰ-ਹਾਊਸ ਬਾਸਕਟਬਾਲ ਮੁਕਾਬਲਾ ਇੱਕ ਸ਼ਾਨਦਾਰ ਸਫਲਤਾ ਸੀ ਅਤੇ ਅਸੀਂ ਭਵਿੱਖ ਵਿੱਚ ਹੋਣ ਵਾਲੇ ਸਮਾਗਮਾਂ ਦੀ ਉਮੀਦ ਕਰਦੇ ਹਾਂ, ਜੋ ਸਾਡੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਅੱਗੇ ਵਧਾਉਣਾ ਜਾਰੀ ਰੱਖਣਗੇ। ਇਸ ਮੌਕੇ ਸਕੂਲ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।



## ਕਾਤਰਾਂ

### ਅਗਵਾ ਕਰਕੇ ਕਤਲ ਕਰਨ ਦੇ ਦੋਸ਼ 'ਚ ਚਾਰ ਨੂੰ ਉਮਰ ਕੈਦ

**ਜਲਾਲਾਬਾਦ (ਜੀਤ ਕੁਮਾਰ)**-ਮਾਨਯੋਗ ਵਧੀਕ ਸੈਸ਼ਨ ਜੱਜ ਅਜੀਤ ਪਾਲ ਸਿੰਘ ਦੀ ਅਦਾਲਤ ਵੱਲੋਂ ਅਗਵਾ ਕਰਕੇ ਕਤਲ ਕਰਨ ਦੇ ਇੱਕ ਮਾਮਲੇ ਵਿੱਚ ਚਾਰ ਦੋਸ਼ੀਆਂ ਨੂੰ ਉਮਰ ਕੈਦ ਤੇ ਦੋ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਦੇ ਨਾਲ ਹੀ ਹਰੇਕ ਦੋਸ਼ੀ ਨੂੰ ਜੁਰਮਾਨਾ ਵੀ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 2019 ਵਿੱਚ ਇਸ ਸਬੰਧੀ ਥਾਣਾ ਸਿਟੀ ਜਲਾਲਾਬਾਦ ਵਿਖੇ ਐੱਫ ਆਈ ਆਰ ਨੰਬਰ 34 ਦਰਜ ਹੋਈ ਸੀ, ਜਿਸ ਵਿੱਚ ਸ਼ਿਕਾਇਤਕਰਤਾ ਅਭਿਨੰਦਨ ਮੁਟਨੇਜਾ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਪਿਤਾ ਸੁਮਨ ਕੁਮਾਰ, ਜੋ ਜਲਾਲਾਬਾਦ ਵਿਖੇ ਕੀੜੇਮਾਰ ਜ਼ਹਿਰਾਂ ਦੀ ਦੁਕਾਨ ਕਰਦੇ ਸਨ, ਨੂੰ 18 ਅਪ੍ਰੈਲ 2019 ਨੂੰ ਕੁਝ ਅਗਿਆਤ ਲੋਕਾਂ ਵੱਲੋਂ ਅਗਵਾ ਕਰ ਲਿਆ ਗਿਆ ਸੀ, ਜਿਸ ਤੋਂ ਬਾਅਦ ਪੁਲਸ ਵੱਲੋਂ ਜਾਂਚ ਕਰਦੇ ਹੋਏ ਦੋਸ਼ੀਆਂ ਨੂੰ ਫੜਿਆ ਗਿਆ ਸੀ। ਇਸ ਮਾਮਲੇ ਵਿੱਚ ਮਾਨਯੋਗ ਅਦਾਲਤ ਵੱਲੋਂ ਦੋਸ਼ੀ ਅਮਨਦੀਪ ਸਿੰਘ ਨੂੰ ਧਾਰਾ 302 ਤੇ ਧਾਰਾ 364 ਦੇ ਤਹਿਤ ਉਮਰ ਕੈਦ ਤੇ ਧਾਰਾ 201 ਤਹਿਤ ਤਿੰਨ ਸਾਲ ਦੀ ਸਖਤ ਸਜ਼ਾ ਦਿੱਤੀ ਗਈ ਹੈ। ਤਿੰਨਾਂ ਧਾਰਾਵਾਂ ਤਹਿਤ 10-10 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ ਅਤੇ ਜੁਰਮਾਨਾ ਨਾ ਅਦਾ ਕਰਨ 'ਤੇ ਧਾਰਾ 302 ਤੇ 364 ਲਈ ਦੋ ਦੋ ਸਾਲ ਤੇ ਧਾਰਾ 201 ਤਹਿਤ ਦੋਸ਼ਾਂ ਲਈ ਤਿੰਨ ਮਹੀਨੇ ਵਾਧੂ ਸਜ਼ਾ ਭੁਗਤਣੀ ਪਵੇਗੀ। ਦਵਿੰਦਰ ਸਿੰਘ ਦੀਪੂ, ਪ੍ਰਗਟ ਸਿੰਘ ਪਿੰਕਾ ਤੇ ਸੁਖਪਾਲ ਸਿੰਘ ਪਾਲਾ ਨੂੰ ਵੀ ਉਕਤ ਅਮਨਦੀਪ ਸਿੰਘ ਦੇ ਬਰਾਬਰ ਹੀ ਸਜ਼ਾ ਦਿੱਤੀ ਗਈ ਹੈ। ਇਸ ਤੋਂ ਬਿਨਾਂ ਗੰਗਾ ਸਿੰਘ ਤੇ ਸਤਨਾਮ ਸਿੰਘ ਨੂੰ ਧਾਰਾ 201 ਤੇ 212 ਤਹਿਤ ਤਿੰਨ ਤਿੰਨ ਸਾਲ ਦੀ ਸਜ਼ਾ ਤੇ 10-10 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ। ਜੁਰਮਾਨਾ ਅਦਾ ਨਾ ਕਰਨ 'ਤੇ ਦੋਸ਼ੀਆਂ ਨੂੰ ਤਿੰਨ ਤਿੰਨ ਮਹੀਨੇ ਹੋਰ ਜੇਲ੍ਹ ਵਿੱਚ ਰਹਿਣਾ ਪਵੇਗਾ।

### ਰਜਵਾਹੇ 'ਚੋਂ ਨਾਮਾਲੂਮ ਮਹਿਲਾ ਦੀ ਲਾਸ਼ ਬਰਾਮਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖਮਾਣੋਂ ਪੁਲਸ ਵੱਲੋਂ ਖਮਾਣੋਂ ਨੇੜਿਓਂ ਲੰਘਦੇ ਰਜਵਾਹੇ ਵਿੱਚੋਂ ਇੱਕ ਨਾਮਾਲੂਮ ਮਹਿਲਾ ਦੀ ਲਾਸ਼ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ। ਮ੍ਰਿਤਕਾ ਦੀ ਉਮਰ ਲਗਭਗ 35 ਸਾਲ ਦੱਸੀ ਜਾ ਰਹੀ ਹੈ, ਜਿਸ ਦੇ ਕੰਨਾਂ ਵਿੱਚ ਟੋਪਸਨੁਮਾ ਗਹਿਣੇ ਪਹਿਨੇ ਹੋਏ ਹਨ ਤੇ ਨੱਕ ਵਿੱਚ ਕੋਕਾ ਪਾਇਆ ਹੋਇਆ ਹੈ ਅਤੇ ਟੀ ਸ਼ਰਟ ਤੇ ਲੋਅਰ ਪਹਿਨੀ ਹੋਈ ਹੈ।ਉਕਤ ਲਾਸ਼ ਸਬੰਧੀ ਸਥਾਨਕ ਲੋਕਾਂ ਨੇ ਪੁਲਸ ਨੂੰ ਸੂਚਨਾ ਦਿੱਤੀ, ਜਿਸ ਉਪਰੰਤ ਮੌਕੇ 'ਤੇ ਪਹੁੰਚੇ ਡੀ ਐੱਸ ਪੀ ਦਵਿੰਦਰ ਚੌਧਰੀ ਤੇ ਥਾਣਾ ਮੁਖੀ ਖਮਾਣੋਂ ਇੰਸਪੈਕਟਰ ਸੰਦੀਪ ਸਿੰਘ ਵੱਲੋਂ ਲਾਸ਼ ਨੂੰ ਰਜਵਾਹੇ ਵਿੱਚੋਂ ਬਾਹਰ ਕਢਵਾਇਆ ਗਿਆ।ਸੂਤਰਾਂ ਅਨੁਸਾਰ ਮ੍ਰਿਤਕਾ ਦੀ ਸ਼ਨਾਖਤ ਦੇ ਯਤਨ ਕਰਨ ਤੋਂ ਇਲਾਵਾ ਪੁਲਸ ਇਸ ਗੱਲ ਦੀ ਜਾਂਚ ਵਿੱਚ ਵੀ ਜੁਟ ਗਈ ਹੈ ਕਿ ਇਹ ਲਾਸ਼ ਕਤਲ ਕਰਕੇ ਸੁੱਟੀ ਗਈ ਹੈ ਜਾਂ ਮਾਮਲਾ ਖੁਦਕੁਸ਼ੀ ਦਾ ਹੈ।ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾਉਣ ਉਪਰੰਤ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### 2 ਭਗੌੜੇ ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਜ਼ਿਲ੍ਹਾ ਫਾਜ਼ਿਲਕਾ ਦੇ ਐੱਸ.ਐੱਸ.ਪੀ. ਡਾ. ਪ੍ਰਗਿਆ ਜੈਨ ਫਾਜ਼ਿਲਕਾ, ਐਸ.ਪੀ.(ਡੀ) ਪ੍ਰਦੀਪ ਸਿੰਘ ਸੰਧੂ ਤੇ ਡੀ.ਐਸ.ਪੀ. (ਡੀ.) ਰਛਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੀ. ਓ. ਸਟਾਫ ਦੀ ਪੁਲਸ ਵੱਲੋਂ 2 ਭਗੌੜੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਪੀ.ਓ. ਸਟਾਫ ਦੇ ਇੰਚਾਰਜ ਏ.ਐੱਸ.ਆਈ. ਰਤਨ ਲਾਲ ਨੇ ਦੱਸਿਆ ਕਿ ਥਾਣਾ ਸਿਟੀ-1 ਅਬੋਹਰ ਵਿੱਚ ਮੁਕੱਦਮਾ ਨੰਬਰ 106 ਮਿਤੀ 24-5-2021 ਨੂੰ ਧਾਰਾ 307,148,149,427 ਆਈ.ਪੀ.ਸੀ. ਤਹਿਤ ਬੋਕਸੀ ਉਰਫ ਰਾਹੁਲ ਪੁੱਤਰ ਦੇਬੂ ਨਿਵਾਸੀ ਸਟ੍ਰੀਟ ਨੰਬਰ 6 ਇੰਦਰਾ ਨਗਰੀ ਅਬੋਹਰ ਤੇ ਰਾਜੂ ਪੁੱਤਰ ਰਾਮ ਬਾਬੂ ਵਾਸੀ ਸਟ੍ਰੀਟ ਨੰਬਰ 7 ਇੰਦਰਾ ਨਗਰੀ ਅਬੋਹਰ ਦੇ ਖਿਲਾਫ ਦਰਜ ਹੋਇਆ ਸੀ। ਇਨ੍ਹਾਂ ਨਾਮਜਦ ਵਿਅਕਤੀਆਂ ਨੂੰ ਮਾਨਯੋਗ ਅਦਾਲਤ ਵੱਲੋਂ ਪੀ.ਓ.82/83 ਸੀ.ਆਰ.ਪੀ.ਸੀ. ਤਹਿਤ ਮਿਤੀ 20-08-2022 ਨੂੰ ਭਗੌੜਾ ਘੋਸ਼ਿਤ ਕੀਤਾ ਗਿਆ ਸੀ ਅਤੇ ਇਹ ਵਿਅਕਤੀ ਪਿਛਲੇ ਕਰੀਬ ਦੋ ਸਾਲਾਂ ਤੋਂ ਭਗੌੜੇ ਚੱਲ ਰਹੇ ਸੀ। ਉਕਤ ਦੋਵੇਂ ਭਗੌੜੇ ਵਿਅਕਤੀਆਂ ਨੂੰ ਪੀ.ਓ. ਸਟਾਫ ਵੱਲੋਂ ਕਾਬੂ ਕੀਤਾ ਗਿਆ ਹੈ, ਜਿਸ ਦੇ ਬਾਅਦ ਇਨ੍ਹਾਂ ਵਿਅਕਤੀਆਂ ਨੂੰ ਅਗਲੀ ਕਾਰਵਾਈ ਲਈ ਥਾਣਾ ਸਿਟੀ-1 ਅਬੋਹਰ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

# ਨੌਜਵਾਨਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਲਈ ਪੁਲਸ ਵੱਲੋਂ ਸੂਬਾ ਪੱਧਰੀ ਐਥਲੈਟਿਕਸ ਮੀਟ

**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਸਥਾਨਕ ਵਾਰ ਹੀਰੋਜ਼ ਸਟੇਡੀਅਮ ਵਿਖੇ ਚੌਥੀ ਰਾਜ ਪੱਧਰੀ ਐਥਲੈਟਿਕ ਮੀਟ ਕਰਵਾਈ ਗਈ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ 600 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ।ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਕਰੀਬ 1200 ਬੱਚੇ ਇਸ ਐਥਲੈਟਿਕਸ ਮੀਟ ਨੂੰ ਦੇਖਣ ਲਈ ਪਹੁੰਚੇ।

ਇਸ ਐਥਲੈਟਿਕ ਮੀਟ ਦਾ ਮੁੱਖ ਮਕਸਦ ਨੌਜਵਾਨਾਂ ਵਿੱਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਤ ਕਰਨਾ ਤੇ ਉਨ੍ਹਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਸੀ।ਇਸ ਮੌਕੇ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਹਜ਼ਾਰਾਂ ਰੁਪਏ ਦੇ ਨਕਦ ਇਨਾਮ, ਤਮਗੇ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਐੱਸ ਐੱਸ ਪੀ ਸ੍ਰੀ ਸਰਤਾਜ ਸਿੰਘ ਚਾਹਲ ਨੇ ਖਿਡਾਰੀਆਂ ਤੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ।ਇਸ ਮੌਕੇ ਸੰਬੋਧਨ ਕਰਦਿਆਂ ਡੀ ਸੀ ਜਤਿੰਦਰ ਜੋਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਸ ਖੇਡ ਮੇਲੇ ਦਾ ਉਦੇਸ਼ ਨੌਜਵਾਨਾਂ ਨੂੰ ਉਸਾਰੂ ਗਤੀਵਿਧੀਆਂ ਵਿੱਚ ਸ਼ਾਮਲ ਕਰਨਾ ਅਤੇ ਉਨ੍ਹਾਂ ਵਿੱਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਤ ਕਰਨਾ ਹੈ। ਇਸ ਐਥਲੈਟਿਕਸ ਮੀਟ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹੋਏ ਸ੍ਰੀ ਨਵਰੀਤ ਸਿੰਘ ਵਿਰਕ, ਕਪਤਾਨ ਪੁਲਸ (ਪੀ.ਬੀ.ਆਈ.) ਸੰਗਰੂਰ ਸਮੇਤ ਜ਼ਿਲ੍ਹਾ ਪੁਲਸ ਸੰਗਰੂਰ ਦੀ ਸਮੁੱਚੀ ਟੀਮ ਵੱਲੋਂ ਵੱਖ-ਵੱਖ ਇਵੈਂਟ ਜਿਵੇਂ ਕਿ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ ਰੇਸ, ਲੌਂਗਜੰਪ, ਸ਼ਾਟਪੁੱਟ ਤੇ ਰਿਲੇਅ ਰੇਸ ਕਰਵਾਏ ਗਏ।ਇਨ੍ਹਾਂ ਇਵੈਂਟਾਂ ਵਿੱਚ ਅੰਡਰ 14 ਸਾਲ, ਅੰਡਰ 17 ਸਾਲ ਤੇ ਅੰਡਰ 19 ਸਾਲ ਦੇ ਲੜਕੇ ਤੇ ਲੜਕੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ।ਇਸ ਮੌਕੇ ਮੋਹਾਲੀ ਦੀ ਇੱਕ ਨੌਜਵਾਨ ਅਥਲੀਟ ਸੁਪ੍ਰੀਤ ਕੌਰ ਨੇ ਕਿਹਾ ਕਿ ਪੰਜਾਬ ਪੁਲਸ ਦਾ ਇਹ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨੇ ਉਨ੍ਹਾਂ ਨੂੰ ਇੱਕ ਸਮਾਜਿਕ ਉਦੇਸ਼ ਲਈ ਕਰਵਾਏ ਗਏ ਇਸ ਸਮਾਗਮ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਏਡੀਸੀ (ਡੀ) ਵਰਜੀਤ ਵਾਲੀਆ, ਐੱਸ ਪੀ ਰਾਕੇਸ਼ ਕੁਮਾਰ, ਡੀ ਐੱਸ ਪੀ ਆਰ ਕੇ ਬਾਜਵਾ, ਡੀ ਐੱਸ ਪੀ ਮਨੋਜ ਗੋਰਸੀ, ਡੀ ਐੱਸ ਪੀ ਜਤਿੰਦਰ ਸਿੰਘ ਸਮੇਤ ਕਈ ਹੋਰ ਪਤਵੰਤੇ ਹਾਜ਼ਰ ਸਨ।




# 18 ਐੱਸ ਸੀ ਨੌਜਵਾਨਾਂ ਨੂੰ 33.80 ਲੱਖ ਦੇ ਕਰਜ਼ੇ ਮੁਹੱਈਆ ਕਰਵਾਏ : ਡਾ. ਪੱਲਵੀ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਰਕਾਰ ਅਨੁਸੂਚਿਤ ਜਾਤੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਕਾਰਜਸ਼ੀਲ ਹੈ ਤਾਂ ਜੋ ਉਨ੍ਹਾਂ ਨੂੰ ਬਿਹਤਰ, ਸਨਮਾਨਯੋਗ ਜ਼ਿੰਦਗੀ ਮੁਹੱਈਆ ਹੋ ਸਕੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਕਰਦਿਆਂ ਦੱਸਿਆ ਕਿ ਪਿਛਲੇ ਕਰੀਬ ਢਾਈ ਸਾਲਾਂ ਦੌਰਾਨ ਜ਼ਿਲ੍ਹੇ ਦੇ ਕਰੀਬ 18 ਅਨੁਸੂਚਿਤ ਜਾਤੀਆਂ ਦੇ ਨੌਜਵਾਨਾਂ ਨੂੰ 33 ਲੱਖ 80 ਹਜ਼ਾਰ ਰੁਪਏ ਦੇ ਕਰਜ਼ੇ ਪੰਜਾਬ ਅਨੁਸੂਚਿਤ ਜਾਤੀਆਂ ਤੇ ਭੌਂ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ ਮਾਲੇਰਕੋਟਲਾ ਵੱਲੋਂ ਮੁਹੱਈਆ ਕਰਵਾਏ ਗਏ ਹਨ।ਉਨ੍ਹਾਂ ਦੱਸਿਆ ਕਿ ਚਾਲੂ ਵਿੱਤੀ ਸਾਲ 2024-2025 ਦੌਰਾਨ ਕਾਰਪੋਰੇਸ਼ਨ ਵੱਲੋਂ 65 ਲੋੜਵੰਦਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਨੂੰ ਕਰੀਬ 01 ਕਰੋੜ 03 ਲੱਖ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਜਲਦ ਹੀ ਮੁਹੱਈਆ ਕਰਵਾ ਦਿੱਤੀ ਜਾਵੇਗੀ।ਹੁਣ ਤੱਕ ਇਸ ਸਕੀਮ ਤਹਿਤ 6 ਲਾਭਪਾਤਰੀਆਂ ਨੂੰ 11 ਲੱਖ 30 ਹਜ਼ਾਰ ਦੇ ਕਰਜ਼ੇ ਵੰਡੇ ਜਾ ਚੁੱਕੇ ਹਨ।ਉਨ੍ਹਾ ਦੱਸਿਆ ਕਿ ਨਿਗਮ ਵੱਲੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਵਾਰਾਂ ਦੇ ਵਿਅਕਤੀਆਂ ਨੂੰ ਲਾਹੇਵੰਦ ਧੰਦੇ/ਕਿੱਤਾ ਸ਼ੁਰੂ ਕਰਨ ਲਈ ਕਰਜ਼ਾ ਬੈਂਕਾਂ ਰਾਹੀਂ ਦਿਵਾਇਆ ਜਾਂਦਾ ਹੈ।ਬੈਂਕ ਟਾਈ-ਅਪ ਸਕੀਮ ਅਧੀਨ ਕਰਜ਼ਾ ਰਕਮ ਦਾ 50 ਫੀਸਦੀ ਜਾਂ 50 ਹਜ਼ਾਰ ਰੁਪਏ (ਜੋ ਵੀ ਘੱਟ ਹੋਵੇ) ਦੀ ਸਬਸਿਡੀ ਕਾਰਪੋਰੇਸ਼ਨ ਵੱਲੋਂ ਦਿੱਤੀ ਜਾਂਦੀ ਹੈ।ਇਸ ਤੋਂ ਇਲਾਵਾ ਸਿੱਧਾ ਕਰਜ਼ਾ ਸਕੀਮ ਤਹਿਤ ਵੀ ਸਵੈ-ਰੋਜ਼ਗਾਰ, ਜ਼ਮੀਨ ਖ੍ਰੀਦਣ, ਉਚੇਰੀ ਸਿੱਖਿਆ ਆਦਿ ਲਈ ਕਰਜ਼ਾ ਮੁਹੱਈਆ ਕਰਵਾਈਆਂ ਜਾਂਦਾ ਹੈ।ਜ਼ਿਲ੍ਹਾ ਮੈਨੇਜਰ ਦਰਸ਼ਨ ਸਿੰਘ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਤੇ ਭੌਂ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ ਵੱਲੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਨੌਜਵਾਨਾਂ ਨੂੰ ਘੱਟ ਵਿਆਜ ਦਰ 'ਤੇ ਸਵੈ-ਰੋਜ਼ਗਾਰ ਧੰਦੇ ਜਿਵੇਂ ਡੇਅਰੀ ਫਾਰਮ, ਮੁਰਗੀ ਫਾਰਮ, ਸੂਰ ਪਾਲਣ, ਭੇਡ-ਬੱਕਰੀ ਪਾਲਣ, ਕਰਿਆਨਾ ਦੁਕਾਨ, ਡਰਾਈਕਲੀਨਿੰਗ, ਜੁੱਤੀਆਂ, ਸਪੇਅਰ ਪਾਰਟ, ਕੱਪੜੇ ਦੀ ਦੁਕਾਨ, ਕਬਾੜੀਏ ਦੀ ਦੁਕਾਨ, ਮੋਬਾਇਲਾਂ ਦੀ ਦੁਕਾਨ, ਬਿਜਲੀ ਦੇ ਸਾਮਾਨ ਦੀ ਰਿਪੇਅਰ ਦੀ ਦੁਕਾਨ, ਆਟਾ ਚੱਕੀ, ਦਵਾਈਆਂ, ਸਬਜ਼ੀ, ਮੀਟ, ਸੀਮਿੰਟ ਦੀ ਦੁਕਾਨ ਆਦਿ ਖੋਲ੍ਹਣ ਤੋਂ ਇਲਾਵਾ ਸ਼ਟਰਿੰਗ ਦਾ ਕੰਮ, ਤੂੜੀ ਦੀ ਟਾਲ, ਲੱਕੜ ਦਾ ਕੰਮ, ਲੈਬ ਖੋਲ੍ਹਣ, ਉਚੇਰੀ ਵਿੱਦਿਆ ਆਦਿ ਲਈ ਕਰਜ਼ੇ ਘੱਟ ਵਿਆਜ ਦਰ 'ਤੇ ਮੁਹੱਈਆ ਕਰਵਾ ਰਹੀ ਹੈ ਤਾਂ ਕਿ ਇਨ੍ਹਾਂ ਦੇ ਆਰਥਿਕ ਪੱਧਰ ਨੂੰ ਉੱਪਰ ਚੁੱਕਿਆ ਜਾ ਸਕੇ ਅਤੇ ਇਨ੍ਹਾਂ ਨੂੰ ਗਰੀਬੀ ਰੇਖਾ ਤੋਂ ਬਾਹਰ ਕੱਢਿਆ ਜਾ ਸਕੇ।ਇਸ ਤੋਂ ਇਲਾਵਾ ਖੇਤੀਬਾੜੀ ਲਈ ਸੰਦ, ਜ਼ਮੀਨ ਖ੍ਰੀਦਣ, ਜ਼ਮੀਨ ਫੱਕ ਕਰਵਾਉਣ ਲਈ, ਟਿਊਬਵੈੱਲ ਲਗਾਉਣ ਲਈ, ਹੱਥ ਖੱਡੀ ਲਈ ਆਦਿ ਹੋਰ ਵਪਾਰਿਕ ਧੰਦੇ ਸ਼ੁਰੂ ਕਰਨ ਲਈ ਵੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ।ਉਨ੍ਹਾ ਐੱਸ. ਸੀ. ਭਾਈਚਾਰੇ ਨਾਲ ਸਬੰਧਤ ਨੌਜਵਾਨਾਂ ਨੂੰ ਕਾਰਪੋਰੇਸ਼ਨ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਮੁੱਕੇਬਾਜ਼ੀ 'ਚ ਮਾਰੀਆਂ ਮੱਲਾਂ



**ਜਗਰਾਉਂ (ਅਮਿਤ ਖੰਨਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਦੇ ਵਿਦਿਆਰਥੀਆਂ ਨੇ ਮੁੱਕੇਬਾਜ਼ੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣਾ ਤੇ ਸਕੂਲ ਦਾ ਨਾਂ ਚਮਕਾਇਆ।ਜਿਵੇਂ ਕਿ ਐਂਬਰੋਸੀਅਲ ਸਕੂਲ ਜ਼ੀਰਾ, ਮੋਗਾ ਵਿਖੇ ਬੌਕਸਿੰਗ ਦੇ ਮੈਚ ਹੋਏ ਸਨ, ਜਿਨ੍ਹਾਂ ਵਿੱਚ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ, ਜਿਸ ਵਿੱਚ ਆਦੇਸ਼ਪ੍ਰਤਾਪ ਸਿੰਘ ਨੇ ਅੰਡਰ-14 ਵਿੱਚ 32 ਕਿੱਲੋ ਭਾਰ 'ਚ ਤੀਜਾ, ਪ੍ਰਭਨੂਰ ਸਿੰਘ ਨੇ 34 ਕਿੱਲੋ ਭਾਰ 'ਚ ਤੀਜਾ, ਗੁਰਸ਼ਾਨ ਸਿੰਘ ਨੇ ਅੰਡਰ-17 ਵਿੱਚ 65 ਕਿੱਲੋ ਭਾਰ 'ਚ ਤੀਜਾ ਤੇ ਜਸਮੀਤ ਸਿੰਘ ਨੇ 54 ਕਿੱਲੋ ਭਾਰ 'ਚ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਸਾਰੇ ਲੜਕਿਆਂ ਨੇ ਬਹੁਤ ਹੀ ਸੁੰਦਰ ਪ੍ਰਦਰਸ਼ਨ ਕੀਤਾ ਤੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ।ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਨੇ ਬੱਚਿਆਂ ਦੇ ਮਾਪਿਆਂ ਤੇ ਡੀ ਪੀ ਅਧਿਆਪਕਾਂ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ ਅਤੇ ਹੋਰ ਬੱਚਿਆਂ ਨੂੰ ਵੀ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਨੇ ਇਸ ਉਪਲਬਧੀ ਦਾ ਸਿਹਰਾ ਸਕੂਲ ਪ੍ਰਿੰਸੀਪਲ ਮੈਡਮ ਨੂੰ ਦਿੱਤਾ, ਕਿਉਂਕਿ ਇਹ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਸਦਕਾ ਹੀ ਇਹ ਸੰਭਵ ਹੋ ਸਕਿਆ ਹੈ।ਇਸ ਮੌਕੇ ਸਕੂਲ ਦੀ ਸਮੂਹ ਮੈਨੇਜਮੈਂਟ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ, ਗਗਨਦੀਪ ਬਾਵਾ ਖਾਸ ਤੌਰ 'ਤੇ ਮੌਜੂਦ ਸਨ।

# ਜੈ ਮਿਲਾਪ ਬਲਾਕ ਮੋਗਾ ਵੱਲੋਂ ਖ਼ੂਨਦਾਨ ਕੈਂਪ



**ਮੋਗਾ (ਇਕਬਾਲ ਸਿੰਘ ਖਹਿਰਾ)**-ਜੈ ਮਿਲਾਪ ਬਲਾਕ ਮੋਗਾ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦੇ ਚੱਲਦਿਆਂ ਮੋਗਾ ਦੇ ਸਰਕਾਰੀ ਹਸਪਤਾਲ ਵਿਖੇ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਖ਼ੂਨਦਾਨ ਕੈਂਪ ਲਗਾਇਆ ਗਿਆ।

ਮੋਗਾ ਜ਼ਿਲ੍ਹੇ ਦੇ ਟੈਕਨੀਸ਼ੀਅਨ ਤੇ ਲੈਬ ਕਰਮਚਾਰੀਆਂ ਤੋਂ ਇਲਾਵਾ ਸ਼ਹਿਰ ਵਾਸੀਆਂ ਨੇ ਵੀ ਖ਼ੂਨ ਦਾਨ ਕੀਤਾ। ਇਸ ਮੌਕੇ ਖ਼ੂਨ ਦਾਨ ਕਰਨ ਆਏ ਸਮੂਹ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਪੌਦੇ ਲਗਾਉਣ ਲਈ ਦਿੱਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਅੱਜ ਮੋਗਾ ਦੇ ਸਰਕਾਰੀ ਹਸਪਤਾਲ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਮੋਗਾ ਬਲਾਕ ਦੇ ਸਮੂਹ ਲੈਬ ਟੈਕਨੀਸ਼ੀਅਨ ਤੇ ਲੈਬ ਕਰਮਚਾਰੀਆਂ ਤੋਂ ਇਲਾਵਾ ਸ਼ਹਿਰ ਵਾਸੀਆਂ ਨੇ ਵੀ ਖ਼ੂਨ ਦਾਨ ਕੀਤਾ।

# ਭਾਜਪਾ ਆਗੂ ਪਰਮਪਾਲ ਕੌਰ ਵੱਲੋਂ ਘੱਗਰ ਦੇ ਚਾਂਦਪੁਰਾ ਬੰਨ੍ਹ ਦਾ ਦੌਰਾ

## ਸਰਕਾਰ ਦੇ ਪ੍ਰਬੰਧਾਂ ਨੂੰ ਨਾਕਾਫੀ ਦੱਸਿਆ

**ਬੁਢਲਾਡਾ (ਅਸ਼ੋਕ ਲਾਕੜਾ)**-ਹਰ ਸਾਲ ਘੱਗਰ ਦਰਿਆ ਦੀ ਪੈਂਦੀ ਮਾਰ ਨੇ ਲੋਕ ਡਰਾਏ ਹੋਏ ਹਨ। ਮਾਨਸਾ ਜ਼ਿਲ੍ਹਾ ਪ੍ਰਸ਼ਾਸਨ ਨੇ ਬੇਸ਼ੱਕ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਚੌਕਸੀ ਦੇ ਹੁਕਮ ਦਿੱਤੇ ਹਨ, ਪਰ ਇਸ ਨੂੰ ਲੈ ਕੇ ਲੋਕਾਂ ਦੇ ਮਨ ਵਿੱਚ ਅਜੇ ਵੀ ਸਹਿਮ ਹੈ।ਲੋਕ ਸਭਾ ਹਲਕਾ ਬਠਿੰਡਾ ਤੋਂ ਭਾਜਪਾ ਦੇ ਇੰਚਾਰਜ ਪਰਮਪਾਲ ਕੌਰ ਸਿੱਧੂ ਨੇ ਚਾਂਦਪੁਰਾ ਬੰਨ੍ਹ ਘੱਗਰ ਦਰਿਆ ਦਾ ਦੌਰਾ ਕੀਤਾ ਤੇ ਸਰਕਾਰ ਦੇ ਪ੍ਰਬੰਧਾਂ ਨੂੰ ਨਾਕਾਫੀ ਦੱਸਿਆ।ਪਰਮਪਾਲ ਕੌਰ ਨੇ ਕਿਹਾ ਕਿ ਘੱਗਰ ਦੀ ਮਾਰ ਮਾਨਸਾ ਜ਼ਿਲ੍ਹੇ ਦੇ ਲੋਕ ਲੰਮੇ ਸਮੇਂ ਤੋਂ ਝੱਲਦੇ ਆ ਰਹੇ ਹਨ।ਹੜ੍ਹ ਆਉਣ 'ਤੇ ਘੱਗਰ ਇਸ ਇਲਾਕੇ ਵਿੱਚ ਵੱਡੀ ਤਬਾਹੀ ਮਚਾਉਂਦਾ ਹੈ।ਉਨ੍ਹਾਂ ਕਿਹਾ ਕਿ ਸਰਕਾਰਾਂ ਦੇ ਐਲਾਨ ਵੱਡੇ-ਵੱਡੇ ਰਹੇ, ਪਰ ਘੱਗਰ ਦੀ ਮਾਰ ਤੋਂ ਲੋਕਾਂ ਨੂੰ ਬਚਾਉਣ ਲਈ ਹਾਲੇ ਤੱਕ ਵੀ ਪੂਰੇ ਪ੍ਰਬੰਧ ਨਹੀਂ ਕੀਤੇ ਜਾ ਸਕੇ।ਉਨ੍ਹਾਂ ਕਿਹਾ ਕਿ ਘੱਗਰ ਵਿੱਚ ਪਹਾੜਾਂ ਦਾ ਪਾਣੀ ਜਦ ਉੱਛਲਦਾ ਹੈ ਤਾਂ ਪਿੰਡਾਂ ਵਿੱਚ ਤਬਾਹੀ ਮਚਾਉਂਦਾ ਹੈ।ਸਰਕਾਰਾਂ ਦੇ ਵੇਲੇ ਦੇ ਐਲਾਨ ਹੀ ਬਣ ਕੇ ਰਹਿ ਜਾਂਦੇ ਹਨ ਅਤੇ ਘੱਗਰ ਉੱਤਰ ਜਾਂਦਾ ਹੈ ਤਾਂ ਇਸ ਉੱਤੇ ਚੁੱਪ ਵੱਟ ਲਈ ਜਾਂਦੀ ਹੈ।ਉਨ੍ਹਾਂ ਕਿਹਾ ਕਿ ਪਿਛਲੇ ਵਰ੍ਹੇ ਘੱਗਰ ਨੇ ਹਲਕਾ ਬੁਢਲਾਡਾ ਦਾ ਜੋ ਨੁਕਸਾਨ ਕੀਤਾ, ਲੋਕਾਂ ਨੂੰ ਆਪਣੇ ਘਰ ਛੱਡ ਕੇ ਜਾਣਾ ਪਿਆ।ਉਸ ਤੋਂ ਸਰਕਾਰ ਨੇ ਕੋਈ ਸਬਕ ਨਹੀਂ ਸਿੱਖਿਆ ਤੇ ਪੀੜਤ ਕਿਸਾਨਾਂ ਅਤੇ ਪਰਵਾਰਾਂ ਨੂੰ ਕੋਈ ਮੁਆਵਜ਼ਾ ਨਹੀਂ ਅਤੇ ਸਿਰਫ ਸਮਾਜ ਸੇਵੀਆਂ ਵੱਲੋਂ ਹੀ ਇਨ੍ਹਾਂ ਦੀ ਸਹਾਇਤਾ ਕੀਤੀ ਗਈ ਹੈ।ਅੱਜ ਫਿਰ ਜੇਕਰ ਪਹਾੜਾਂ ਵਿੱਚ ਜ਼ਿਆਦਾ ਬਾਰਸ਼ਾਂ ਹੋਈਆਂ ਤਾਂ ਘੱਗਰ ਦੀ ਉਹੀ ਹਾਲਤ ਬਣ ਸਕਦੀ ਹੈ।ਉਨ੍ਹਾ ਕਿਹਾ ਕਿ ਜੇਕਰ ਸਰਕਾਰ ਚਾਹੁੰਦੀ ਤਾਂ ਹੁਣ ਤੱਕ ਘੱਗਰ ਦੇ ਕਿਨਾਰੇ ਮਜ਼ਬੂਤ ਕੀਤੇ ਜਾ ਸਕਦੇ ਹਨ, ਪਰ ਸਰਕਾਰ ਇਸ ਉੱਤੇ ਸਿਰਫ ਬਿਆਨਬਾਜ਼ੀ ਤੇ ਡਰਾਮੇਬਾਜ਼ੀ ਕਰਦੀ ਰਹੀ ਹੈ।ਸਿੱਧੂ ਨੇ ਇਸ ਦੌਰਾਨ ਘੱਗਰ ਸੰਬੰਧੀ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਪਿਛਲੇ ਵਰ੍ਹੇ ਘੱਗਰ ਦੀ ਪਈ ਮਾਰ ਦਾ ਲੋਕਾਂ ਤੋਂ ਹਾਲ ਸੁਣਿਆ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਕਾਕਾ ਅਮਰਿੰਦਰ ਸਿੰਘ ਦਾਤੇਵਾਸ, ਭਾਜਪਾ ਦੀ ਸੀਨੀਅਰ ਆਗੂ ਮਮਤਾ ਜੈਨ, ਪਰਮਜੀਤ ਸਿੰਘ ਫੱਤਾ, ਅਮਨ ਚਹਿਲ, ਚਮਕੌਰ ਸਿੱਧੂ, ਰਿੰਕੂ ਸ਼ਰਮਾ, ਕਾਲਾ ਮੰਡੇਰ, ਦੀਪਾ ਮੰਡੇਰ, ਕਾਲਾ ਸਿੱਧੂ ਤੋਂ ਇਲਾਵਾ ਹੋਰ ਕਿਸਾਨ ਮੌਜੂਦ ਸਨ।

# ਕਿਰਤੀ ਕਿਸਾਨ ਯੂਨੀਅਨ ਦੀ ਬਲਾਕ ਜਲਾਲਾਬਾਦ ਦੀ ਮੀਟਿੰਗ

## 27 ਨੂੰ ਯੂਥ ਵਿੰਗ ਵੱਲੋਂ ਕੱਢਿਆ ਜਾਵੇਗਾ ਮੋਟਰਸਾਈਕਲ ਮਾਰਚ



**ਜਲਾਲਾਬਾਦ (ਜੀਤ ਕੁਮਾਰ)**-ਕਿਰਤੀ ਕਿਸਾਨ ਯੂਨੀਅਨ ਬਲਾਕ ਜਲਾਲਾਬਾਦ ਦੀ ਮੀਟਿੰਗ ਬਲਾਕ ਪ੍ਰਧਾਨ ਹਰਮੀਤ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ 27 ਜੁਲਾਈ 2024 ਨੂੰ ਸੂਬਾ ਕਮੇਟੀ ਦੇ ਸੱਦੇ ਤਹਿਤ ਯੂਥ ਵਿੰਗ ਵੱਲੋਂ ਪਾਣੀਆਂ ਦੀ ਵੰਡ ਰਪੇਰੀਅਨ ਸਿਧਾਂਤ ਮੁਤਾਬਕ ਭਾਰਤ-ਪਾਕਿਸਤਾਨ ਸੜਕੀ ਰਸਤੇ ਖੋਲ੍ਹਣ ਤੇ ਬਦਲਵਾਂ ਖੇਤੀ ਮਾਡਲ ਲਾਗੂ ਕਰਨ ਸਬੰਧੀ, ਹਰ ਘਰ ਤੱਕ ਭਾਖੜਾ ਦੀ ਨੀਲੀ ਭਾਅ ਮਾਰਦਾ ਪੀਣ ਲਈ ਪਾਣੀ ਹਰ ਪਿੰਡ ਸ਼ਹਿਰ ਤੱਕ ਪੁੱਜਦਾ ਕਰਨ ਦੀਆਂ ਮੰਗਾਂ ਤੇ ਲਹਿਰ ਬਣਾਉਣ ਲਈ ਨੌਜਵਾਨਾਂ ਵੱਲੋਂ ਮੋਟਰਸਾਈਕਲ ਮਾਰਚ ਇਲਾਕੇ ਦੇ ਪਿੰਡਾਂ ਵਿੱਚ ਕੱਢਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਮੀਤ ਪ੍ਰਧਾਨ ਬਲਤੇਜ ਸਿੰਘ, ਸਕੱਤਰ ਮਨਦੀਪ ਸਿੰਘ ਤੇ ਔਰਤ ਵਿੰਗ ਦੇ ਜ਼ਿਲ੍ਹਾ ਕਨਵੀਨਰ ਰਾਜ ਕੌਰ ਚੱਕ ਸੈਦੋ ਕੇ ਨੇ ਕਿਹਾ ਕਿ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਸਿਆਸੀ ਹਾਕਮ ਜਮਾਤਾਂ ਨੇ ਆਪਣੇ ਹਿੱਤਾਂ ਲਈ ਵਰਤਦਿਆਂ ਨਸ਼ਿਆਂ ਦੀ ਦਲਦਲ ਵਿੱਚ ਧੱਕਿਆ ਹੈ। ਸਾਡੀ ਜੁਆਨੀ ਜੋ ਅੱਜ ਬੇਰੁਜ਼ਗਾਰ ਹੋਣ ਕਾਰਨ ਉਹ ਗਲਤ ਕੰਮਾਂ ਵਿੱਚ ਗਲਤਾਨ ਹੋ ਰਹੀ ਹੈ, ਉਸ ਵਿੱਚੋਂ ਕੁਝ ਹਿੱਸਾ ਨੌਜਵਾਨਾਂ ਦਾ ਨਸ਼ਿਆਂ ਦੀ ਆਦੀ ਹੋ ਚੁੱਕਾ ਹੈ। ਗੈਂਗਸਟਰ ਵਾਦ ਵਿੱਚ ਫਸ ਚੁੱਕਿਆ ਹੈ ਤੇ ਹੋਰ ਕਈ ਤਰ੍ਹਾਂ ਦੇ ਗਲਤ ਕੰਮਾਂ ਵਿੱਚ ਬੁਰੀ ਤਰ੍ਹਾਂ ਗ੍ਰਸਤ ਹੋ ਚੁੱਕਿਆ ਹੈ। ਯੂਥ ਦੀ ਐਨਰਜੀ ਨੂੰ ਸਹੀ ਦਿਸ਼ਾ ਵਿੱਚ ਲਗਾਉਣ ਲਈ ਕਿਰਤੀ ਕਿਸਾਨ ਯੂਨੀਅਨ ਵੱਲੋਂ 27 ਜੁਲਾਈ ਨੂੰ ਯੂਥ ਵਿੰਗ ਵੱਲੋਂ ਮੋਟਰਸਾਈਕਲ ਮਾਰਚ ਕੱਢਿਆ ਜਾਵੇਗਾ, ਜਿਸ ਵਿੱਚ ਵੱਧ ਤੋਂ ਵੱਧ ਯੂਥ ਨੂੰ ਪ੍ਰੇਰਿਤ ਕੀਤਾ ਜਾਵੇ। ਇਹ ਮਾਰਚ ਚੱਕ ਸੈਦੋ ਕੇ ਤੋਂ ਸ਼ੁਰੂ ਹੋ ਕੇ ਅਰਨੀਵਾਲਾ, ਝੁੱਗੀਆਂ ਨੰਦ ਸਿੰਘ ਵਾਲਾ, ਜੰਡਵਾਲਾ ਤੋਂ ਚੱਕ ਜਾਨੀਸਰ ਵਿਖੇ ਸਮਾਪਤ ਕੀਤਾ ਜਾਵੇਗਾ ਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਸਾਡੀਆਂ ਖੇਤਰੀ ਮੰਗਾਂ ਨੂੰ ਸੰਬੋਧਨ ਹੁੰਦਿਆਂ 17 ਅਗਸਤ ਨੂੰ ਮੁੱਖ ਮੰਤਰੀ ਤੇ ਮੰਤਰੀਆਂ ਦੇ ਘਰਾਂ ਅਤੇ ਦਫਤਰਾਂ ਸਾਹਮਣੇ ਤਿੰਨ ਘੰਟਿਆਂ ਦੇ ਧਰਨੇ ਲਗਾਏ ਜਾਣਗੇ। ਇਸ ਮੌਕੇ ਪ੍ਰਧਾਨ ਜਸਵੰਤ ਸਿੰਘ ਤਾਰੇਵਾਲਾ, ਗੁਰਮੇਜ ਸਿੰਘ, ਬਿੰਦਰ ਸਿੰਘ ਚੱਕ ਜਾਨੀਸਰ, ਅੰਗਰੇਜ਼ ਸਿੰਘ, ਬਲਰਾਜ ਸਿੰਘ, ਪਿੰਦਰ ਸਿੰਘ ਜੰਡਵਾਲਾ, ਕੇਵਲ ਸਿੰਘ ਅਰਨੀਵਾਲਾ, ਡਾਕਟਰ ਗੁਰਪ੍ਰੀਤ ਸਿੰਘ ਸਭਾ ਵਾਲਾ ਆਦਿ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਵਿਖੇ ਅਕਾਦਮਿਕ ਕੌਂਸਲ ਮੀਟਿੰਗ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਵਿਖੇ ਅਕਾਦਮਿਕ ਕੌਂਸਲ ਦੇ ਚੇਅਰਪਰਸਨ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਦੀ ਅਗਵਾਈ ਵਿੱਚ ਕਾਲਜ ਦੀ ਅਕਾਦਮਿਕ ਕੌਂਸਲ ਦੀ ਪੰਦਰਵੀਂ ਮੀਟਿੰਗ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ, ਜਿਸ ਵਿੱਚ ਕਾਲਜ ਵਿਖੇ ਅੰਡਰ ਗ੍ਰੈਜੂਏਸ਼ਨ ਪੱਧਰ 'ਤੇ ਪੜ੍ਹਾਏ ਜਾਣ ਵਾਲੇ ਕੋਰਸਾਂ ਵਿੱਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਨਿਯਮਾਂ ਅਨੁਸਾਰ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕੀਤਾ ਗਿਆ। ਇਸ ਮੀਟਿੰਗ ਦੌਰਾਨ ਨਵੀਂ ਸਿੱਖਿਆ ਨੀਤੀ 2020 ਦੇ ਵੱਖ-ਵੱਖ ਮਹੱਤਵਪੂਰਨ ਪਹਿਲੂਆਂ, ਸਿੱਖਿਆ ਪ੍ਰਬੰਧ ਨੂੰ ਸਮੇਂ ਦੇ ਹਾਣ ਦਾ ਬਣਾਉਣਾ, ਵਿਦਿਆਰਥੀਆਂ ਨੂੰ ਵਿਵਹਾਰਕ ਸਿੱਖਿਆ ਪ੍ਰਦਾਨ ਕਰਨਾ, ਵਿਸ਼ਿਆਂ ਦੀ ਚੋਣ ਵਿੱਚ ਲਚਕੀਲਾਪਣ, ਪ੍ਰੀਖਿਆਵਾਂ ਵਿੱਚ ਸੁਧਾਰ, ਵਿਦਿਆਰਥੀ ਜੀਵਨ ਵਿੱਚ ਨੈਤਿਕ ਕਦਰਾਂ ਕੀਮਤਾਂ, ਪ੍ਰੰਪਰਿਕ ਵਿੱਦਿਅਕ ਸਿਸਟਮ ਆਦਿ ਮਹੱਤਵਪੂਰਨ ਵਿਸ਼ਿਆਂ 'ਤੇ ਵੀ ਉਸਾਰੂ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਨਵੇਂ ਵਿੱਦਿਅਕ ਸੈਸ਼ਨ 2024-2025 ਲਈ ਤਿਆਰ ਕੀਤੇ ਗਏ ਸਲੇਬਸ ਨੂੰ ਪਾਸ ਕਰਵਾਇਆ ਗਿਆ ਅਤੇ ਵੱਖ-ਵੱਖ ਅਕਾਦਮਿਕ ਖੇਤਰਾਂ ਦੇ ਮਾਹਰਾਂ ਦੁਆਰਾ ਵੱਖ-ਵੱਖ ਕੋਰਸਾਂ ਦੇ ਸਲੇਬਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਨਵੇਂ ਕਿੱਤਾਮੁਖੀ ਕੋਰਸਾਂ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਮੀਟਿੰਗ ਵਿੱਚ ਸੈਂਟਰਲ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼ ਤੋਂ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਸੰਜੀਵ ਗੁਪਤਾ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਹਿਗੜ੍ਹ ਸਾਹਿਬ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਦੇ ਪ੍ਰੋਫੈਸਰ ਤੇ ਡੀਨ ਅਕਾਦਮਿਕ ਮਾਮਲੇ ਡਾ. ਲਖਵਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਯੂਨੀਵਰਸਿਟੀ ਸਕੂਲ ਆਫ ਅਪਲਾਈਡ ਮੈਨੇਜਮੈਂਟ ਤੋਂ ਡਾ. ਰਿਤੂ ਲਹਿਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਰਥ ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਤੇ ਪਲਾਨਿੰਗ ਐਂਡ ਮੌਨੀਟਰਿੰਗ ਸੈੱਲ ਦੇ ਡਾਇਰੈਕਟਰ ਡਾ. ਜਸਵਿੰਦਰ ਸਿੰਘ ਬਰਾੜ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਤੋਂ ਡਾ. ਹਿਮਾਂਸ਼ੂ, ਕਾਲਜ ਦੇ ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ ਤੇ ਅਕਾਦਮਿਕ ਕੌਂਸਲ ਦੇ ਹੋਰ ਮੈਂਬਰ ਸਾਹਿਬਾਨ ਸ਼ਾਮਲ ਹੋਏ।

# ਰੁੱਖ ਸਾਡੇ ਜੀਵਨ ਦੀ ਹੋਂਦ ਲਈ ਅਹਿਮ : ਵਿਧਾਇਕ ਬਣਾਂਵਾਲੀ



**ਮਾਨਸਾ (ਆਤਮਾ ਸਿੰਘ ਪਮਾਰ)**-ਰੁੱਖ ਸਾਡੇ ਜੀਵਨ ਦੇ ਹਰ ਪਹਿਲੂ ਦਾ ਵਿਸ਼ੇਸ਼ ਅੰਗ ਹਨ, ਜੋ ਜਨਮ ਤੋਂ ਮਰਨ ਤੱਕ ਸਾਡੇ ਅੰਗ-ਸੰਗ ਨਿਭਦੇ ਹਨ ਅਤੇ ਸਾਡੇ ਜੀਵਨ ਦੀ ਹੋਂਦ ਲਈ ਵੀ ਅਹਿਮ ਹਨ।ਇਸ ਲਈ ਪੌਦੇ ਲਗਾਉਣ ਦੇ ਨਾਲ ਨਾਲ ਉਸ ਦੀ ਸਾਂਭ ਸੰਭਾਲ ਵੀ ਜ਼ਰੂਰੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਸਰਦੂਲਗੜ੍ਹ ਸ੍ਰ. ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਪਿੰਡ ਕੋਟ ਧਰਮੂ ਵਿਖੇ ਪੰਜਾਬ ਸਰਕਾਰ ਦੀ ਵਿਸ਼ੇਸ਼ ਮੁਹਿੰਮ 'ਪੰਜਾਬ ਹਰਿਆਲੀ ਸਕੀਮ' ਤਹਿਤ ਪੌਦੇ ਲਗਾਉਣ ਦੀ ਸ਼ੁਰੂਆਤ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਪਰਮਵੀਰ ਸਿੰਘ ਤੇ ਐੱਸ.ਡੀ.ਐੱਮ. ਮਾਨਸਾ ਸ੍ਰ. ਮਨਜੀਤ ਸਿੰਘ ਰਾਜਲਾ ਮੌਜੂਦ ਸਨ।ਵਿਧਾਇਕ ਨੇ ਕਿਹਾ ਕਿ ਲੋਕ ਰੁੱਖਾਂ ਦੀ ਅਹਿਮੀਅਤ ਨੂੰ ਸਮਝਣ ਲੱਗੇ ਹਨ।ਇਹ ਨਿਵੇਕਲਾ ਤੇ ਬਹੁਤ ਹੀ ਚੰਗਾ ਉਪਰਾਲਾ ਹੈ ਕਿ ਲੋਕਾਂ ਨੇ ਬੱਚੇ ਦੇ ਜਨਮ 'ਤੇ ਪੌਦੇ ਲਗਾਉਣ ਦੀ ਰਸਮ ਦੀ ਸ਼ੁਰੂਆਤ ਕੀਤੀ ਹੈ।ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਰਲ ਕੇ ਨਿਰਸਵਾਰਥ ਤੇ ਨਿਰਪੱਖ ਹੋ ਕੇ ਵਾਤਾਵਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਖੇਤਾਂ ਦੀਆਂ ਮੋਟਰਾਂ ਤੇ ਪਿੰਡਾਂ ਦੀਆਂ ਹੋਰ ਸਾਂਝੀਆਂ ਥਾਵਾਂ 'ਤੇ ਪੌਦੇ ਲਗਾਉਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਵਾਤਾਵਰਨ ਸੰਭਾਲ ਲਈ ਸਾਂਝੀਵਾਲਤਾ ਦੇ ਆਧਾਰ 'ਤੇ ਉਪਰਾਲੇ ਕਰਨੇ ਲਾਜ਼ਮੀ ਹਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਧਰਤੀ ਦੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਤੇ ਚੁਗਿਰਦੇ ਨੂੰ ਹਰਿਆ ਭਰਿਆ ਬਣਾਉਣ ਦੀ ਅਹਿਮ ਲੋੜ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਸੀਂ ਤੰਦਰੁਸਤ ਵਾਤਾਵਰਨ ਮੁਹੱਈਆ ਕਰਵਾ ਸਕੀਏ।ਉਨ੍ਹਾਂ ਕਿਹਾ ਕਿ ਅੱਜ ਪੰਚਾਇਤੀ ਜ਼ਮੀਨਾਂ ਤੇ ਹੋਰ ਸਾਂਝੀਆਂ ਥਾਵਾਂ 'ਤੇ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਵਿਸ਼ੇਸ਼ ਮੁਹਿੰਮ ਰਾਹੀਂ ਕਰੀਬ 03 ਲੱਖ ਪੌਦੇ ਲਗਾਏ ਜਾ ਰਹੇ ਹਨ।ਇਸ ਮੌਕੇ ਜ਼ਿਲ੍ਹਾ ਜੰਗਲਾਤ ਅਫ਼ਸਰ ਡਾ. ਮੋਨਿਕਾ ਯਾਦਵ, ਕਾਰਜਕਾਰੀ ਡੀ.ਡੀ.ਪੀ.ਓ. ਕੁਸਮ ਅਗਰਵਾਲ, ਬੀ.ਡੀ.ਪੀ.ਓ. ਮੇਜਰ ਸਿੰਘ, ਵਣ ਰੇਂਜ ਅਫ਼ਸਰ ਸੁਖਦੇਵ ਸਿੰਘ, ਫਾਰੈਸਟਰ ਗਾਰਡ ਕ੍ਰਿਸ਼ਨ ਸਿੰਘ, ਸੰਦੀਪ ਸਿੰਘ, ਗੁਰਵਿੰਦਰ ਸਿੰਘ, ਸਰਪੰਚ ਕੁਲਵਿੰਦਰ ਸਿੰਘ, ਡਾ. ਰਸਦੀਪ ਸਿੰਘ ਤੋਂ ਇਲਾਵਾ ਗੁਰੂ ਘਰ ਦੇ ਪ੍ਰਬੰਧਕ ਜਥੇਬੰਦੀ ਦੇ ਮੈਂਬਰ, ਸਕੂਲ ਪ੍ਰਿੰਸੀਪਲ ਤੋਂ ਇਲਾਵਾ ਪਿੰਡ ਵਾਸੀ ਤੇ ਹੋਰ ਪਤਵੰਤੇ ਹਾਜ਼ਰ ਸਨ।

# ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੋਸਾਇਟੀ ਨੇ ਅੱਠ ਹਸਪਤਾਲਾਂ 'ਚ ਭੇਜਿਆ ਲੰਗਰ



**ਨਾਭਾ (ਵਰਿੰਦਰ ਵਰਮਾ)**-ਹਸਪਤਾਲਾਂ ਵਿੱਚ ਵੱਖ-ਵੱਖ ਬਿਮਾਰੀਆਂ ਦਾ ਸ਼ਿਕਾਰ ਹੋ ਇਲਾਜ ਕਰਵਾ ਰਹੇ ਲੋੜਵੰਦ ਮਰੀਜ਼ਾਂ ਅਤੇ ਉਨਾਂ ਦੇ ਵਾਰਸਾਂ ਦੇ ਢਿੱਡ ਭਰਨ ਦੀ ਸੇਵਾ ਗੁਰੂ ਸਾਹਿਬ ਦੀ ਕਿਰਪਾ ਨਾਲ ਨਿਭਾ ਰਹੀ ਨਾਭੇ ਇਲਾਕੇ ਵਿੱਚ ਹਰ ਪੱਖੋਂ ਲੋੜਵੰਦਾਂ ਦੀ ਮਦਦ ਕਰਨ ਵਾਲੀ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੇਵਾ ਸੋਸਾਇਟੀ ਰਜਿ. ਨਾਭਾ ਵੱਲੋਂ ਮੁੜ ਚੱਲ ਰਹੀਆਂ ਸੇਵਾਵਾਂ ਤਹਿਤ ਪੀ ਜੀ ਆਈ ਹਸਪਤਾਲ ਚੰਡੀਗੜ੍ਹ ਮੇਨ ਗੇਟ, ਓ ਪੀ ਡੀ ਵਾਲਾ ਗੇਟ, ਛੋਟੀ ਪੀ ਜੀ ਆਈ 32 ਸੈਕਟਰ, ਨਿਊ ਚੰਡੀਗੜ੍ਹ ਮੁੱਲਾਂਪੁਰ ਕੈਂਸਰ ਹਸਪਤਾਲ, ਪਟਿਆਲਾ ਰਜਿੰਦਰਾ ਹਸਪਤਾਲ, ਨਾਭਾ ਸਰਕਾਰੀ ਹਸਪਤਾਲ, ਸੰਗਰੂਰ ਕੈਂਸਰ ਹਸਪਤਾਲ ਅਤੇ ਸਰਕਾਰੀ ਹਸਪਤਾਲ ਸੰਗਰੂਰ ਸਮੇਤ ਅੱਠ ਥਾਵਾਂ 'ਤੇ ਲੰਗਰ ਦੀਆਂ ਸੇਵਾਵਾਂ ਨਿਭਾਈਆਂ ਗਈਆਂ। ਇਹ ਜਾਣਕਾਰੀ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਲਵਲੀ ਦਿੰਦਿਆਂ ਕਿਹਾ ਕਿ ਲੰਗਰ ਦੀ ਰਵਾਨਗੀ ਸਮੇਂ ਅਰਦਾਸ ਵਿੱਚ ਐਸ ਡੀ ਐਮ ਨਾਭਾ ਤਰਸੇਮ ਚੰਦ ਅਤੇ ਉਦਯੋਗਪਤੀ ਮਲਕੀਤ ਐਗਰੋ ਟੈਕ ਦੇ ਐਮ ਡੀ ਚਰਨ ਸਿੰਘ, ਆੜ੍ਹਤੀਆ ਐਸੋਸੀਏਸ਼ਨ ਨਾਭਾ ਪ੍ਰਧਾਨ ਕਰਮਜੀਤ ਸਿੰਘ ਅਲੌਹਰਾਂ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਅਸ਼ੋਕ ਅਰੋੜਾ, ਸੈਲਰ ਐਸੋਸੀਏਸ਼ਨ ਦੇ ਸਰਪ੍ਰਸਤ ਦਰਸ਼ਨ ਅਰੋੜਾ ਸ਼ਾਮਲ ਹੋਏ ਅਤੇ ਫੁਲਕੇ ਲੈ ਕੇ ਆਉਣ ਵਾਲੀਆਂ ਸੰਗਤਾਂ ਨੂੰ ਬੂਟੇ ਵੰਡੇ ਗਏ। ਇਸ ਮੌਕੇ ਗੱਲਬਾਤ ਦੌਰਾਨ ਐਸ ਡੀ ਐਮ ਨਾਭਾ ਤਰਸੇਮ ਚੰਦ ਨੇ ਸੰਸਥਾ ਵੱਲੋਂ ਚੱਲ ਰਹੇ ਵੱਖ ਵੱਖ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮਲਕੀਤ ਐਗਰੋਟੈਕ ਦੇ ਮੈਨੇਜਿੰਗ ਡਾਇਰੈਕਟਰ ਚਰਨ ਸਿੰਘ ਨੇ ਸੰਸਥਾ ਦੇ ਸਮੂਹ ਮੈਂਬਰਾਂ ਦੀ ਲੰਬੀ ਉਮਰ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਵੱਡੇ ਪੱਧਰ 'ਤੇ ਕੰਮ ਕੀਤੇ ਜਾ ਰਹੇ ਹਨ। ਜਿਨਾਂ ਵਿੱਚ ਜੋ ਵੀ ਸਾਨੂੰ ਸੇਵਾ ਸੰਸਥਾ ਵੱਲੋਂ ਲਗਾਈ ਜਾਵੇਗੀ, ਅਸੀਂ ਉਸ ਨੂੰ ਸਿਰ ਮੱਥੇ ਪ੍ਰਵਾਨ ਕਰਾਂਗੇ। ਸੰਸਥਾ ਵੱਲੋਂ ਸ਼ਹਿਰ ਵਿੱਚ 15 ਫੁੱਟ ਦੇ ਖੰਡਾ ਸਾਹਿਬ ਲਗਾ ਕੇ ਬਾਬਾ ਦੀਪ ਸਿੰਘ ਦੇ ਨਾਂ ਤੇ ਚੌਂਕ ਸਥਾਪਿਤ ਕੀਤਾ ਗਿਆ ਹੈ ਅਤੇ ਹਰ ਮਹੀਨੇ ਹੋਮਿਓਪੈਥਿਕ ਅਤੇ ਦੰਦਾਂ ਦੇ ਚੈੱਕਅਪ ਦੇ ਕੈਂਪ ਲਗਾ ਮੁਫਤ ਦਵਾਈਆਂ ਲੋੜਵੰਦਾਂ ਨੂੰ ਦਿੱਤੇ ਜਾਣਾ, ਲੋੜਵੰਦ ਪਰਵਾਰਾਂ ਲਈ ਰਾਸ਼ਨ ਮੈਡੀਕਲ ਸੁਵਿਧਾ, ਪੜ੍ਹਨ ਵਾਲੇ ਬੱਚਿਆਂ ਲਈ ਸਟੇਸ਼ਨਰੀ ਦੇ ਕਾਰਜ ਵੀ ਜਾਰੀ ਹਨ। ਸੰਸਥਾ ਵੱਲੋਂ ਐਸ ਡੀ ਐਮ ਨਾਭਾ ਤਰਸੇਮ ਚੰਦ, ਚਰਨ ਸਿੰਘ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਅਲਹੋਰਾ ਸ਼ਹਿਰੀ ਪ੍ਰਧਾਨ ਅਸ਼ੋਕ ਅਰੋੜਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰੂ ਰਾਮਦਾਸ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਹਰਪ੍ਰੀਤ ਸਿੰਘ, ਸੰਸਥਾ ਦੇ ਮੈਂਬਰ ਰਵਿੰਦਰ ਸਿੰਘ, ਅੰਟਾਲ ਸਿੰਘ, ਜਸਵਿੰਦਰ ਪਾਲ ਸਿੰਘ, ਦਵਿੰਦਰ ਪਾਲ ਸਿੰਘ, ਪਾਲਾ ਸਿੰਘ, ਜੰਗ ਬਹਾਦਰ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ ਰਿਪੀ, ਰਾਣਾ ਨਾਭਾ, ਅਮਰਜੋਤ ਸਿੰਘ, ਸੁਖਲੀਨ ਸਿੰਘ, ਸੁਰੇਸ਼ ਕੁਮਾਰ, ਦਵਿੰਦਰ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਵਾਤਾਵਰਣ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ : ਪ੍ਰਿੰ. ਮੋਨਿਕਾ ਰਾਣੀ



**ਬਰੇਟਾ (ਰੀਤਵਾਲ)**-ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਰੇਟਾ ਵਿਖੇ ਪ੍ਰਿੰਸੀਪਲ ਮੋਨਿਕਾ ਰਾਣੀ ਦੀ ਅਗਵਾਈ ਹੇਠ ਸਮੂਹ ਸਟਾਫ ਤੇ ਬੱਚਿਆਂ ਵੱਲੋਂ ਸਕੂਲ ਵਿੱਚ 600 ਤੋਂ ਵੱਧ ਵੱਖ-ਵੱਖ ਪ੍ਰਕਾਰ ਦੇ ਮੈਡੀਸਨ ਤੇ ਛਾਂਦਾਰ ਪੌਦੇ ਲਗਾਏ ਗਏ।ਇਸ ਸਬੰਧੀ ਪ੍ਰਿੰਸੀਪਲ ਮੋਨਿਕਾ ਰਾਣੀ ਨੇ ਕਿਹਾ ਕਿ ਵਿਸ਼ੇਸ਼ ਤੌਰ 'ਤੇ ਵਿੱਢੀ ਮੁਹਿੰਮ ਤਹਿਤ ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਖਾਸ ਸੁਨੇਹਾ ਦਿੱਤਾ ਗਿਆ ਹੈ।ਉਨ੍ਹਾ ਕਿਹਾ ਕਿ ਹਰ ਨਾਗਰਿਕ ਦਾ ਮੁੱਢਲਾ ਫਰਜ਼ ਬਣਾ ਹੈ ਕਿ ਉਹ ਵਾਤਾਵਰਣ ਦੀ ਸਾਂਭ ਸੰਭਾਲ 'ਚ ਆਪਣਾ ਯੋਗਦਾਨ ਪਾਵੇ ਤਾਂ ਜੋ ਸ਼ੁੱਧ ਵਾਤਾਵਰਣ ਸਿਰਜਿਆ ਜਾ ਸਕੇ।ਉਨ੍ਹਾ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਣ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਤੰਦਰੁਸਤ ਮਾਹੌਲ ਪ੍ਰਦਾਨ ਕੀਤਾ ਜਾ ਸਕੇ।ਉਨ੍ਹਾ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ।ਇਸ ਸਮੇਂ ਐੱਸ.ਐੱਮ.ਸੀ. ਕਮੇਟੀ ਦੇ ਪ੍ਰਧਾਨ ਬਲਵਿੰਦਰ ਖਾਨ ਤੇ ਸਮੂਹ ਮੈਂਬਰ ਸਾਹਿਬਾਨ ਹਾਜ਼ਰ ਰਹੇ।ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਭੁਪਿੰਦਰ ਕੌਰ ਵੱਲੋਂ ਇਸ ਕੀਤੇ ਗਏ ਕਾਰਜ ਨੂੰ ਇੱਕ ਸ਼ਲਾਘਾਯੋਗ ਕਾਰਜ ਦੱਸਿਆ ਗਿਆ।

22-JULY-PAGE-3.qxd 7/21/2024 10:38 PM Page 1



# ਭੀਲੋਵਾਲ ਦੀ ਟੁੱਟੀ ਫਿਰਨੀ ਤੋਂ ਪ੍ਰੇਸ਼ਾਨ ਲੋਕਾਂ ਸਰਕਾਰ ਖਿਲਾਫ ਕੀਤੀ ਨਾਅਰੇਬਾਜ਼ੀ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਪੰਜਾਬ ਵਿਚ ਢਾਈ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਭਗਵੰਤ ਮਾਨ ਦੀ ਸਰਕਾਰ ਦੇ ਰਾਜ ਵਿਚ ਪਿੰਡਾਂ ਦੀਆਂ ਫਿਰਨੀਆ, ਸੀਵਰੇਜ, ਗਲੀਆਂ ਨਾਲੀਆਂ ਟੁੱਟੀਆਂ ਹੋਣ ਕਰਕੇ ਲੋਕ ਨਰਕ ਭਰੀ ਜ਼ਿਦਗੀ ਬਤੀਤ ਕਰ ਰਹੇ ਹਨ ਜਿਸ ਦੀ ਮਿਸਾਲ ਵਿਧਾਨ ਮਜੀਠਾ ਹਲਕਾ ਦੇ ਪਿੰਡ ਭੀਲੋਵਾਲ ਤੋਂ ਮਿਲਦੀ ਹੈ ਜਿੱਥੇ ਪਿੰਡ ਦੀ ਫਿਰਨੀ ਵਾਲੀ ਸੜਕ ਦੀ ਹਾਲਤ ਇੰਨੀ ਤਰਸਯੋਗ ਬਣੀ ਹੋਈ ਹੈ ਕਿ ਇਥੋਂ ਦੀ ਲੰਘਣਾ ਵੀ ਲੋਕਾਂ ਦਾ ਮੁਸ਼ਕਿਲ ਹੋਇਆ ਪਿਆ ਹੈ ਪਰ ਨਾ ਹੀ ਮੌਜੂਦਾ ਸਰਕਾਰ ਅਤੇ ਨਾ ਹੀ ਪ੍ਰਸ਼ਾਸਨ ਇਸ ਸੜਕ ਵੱਲ ਕੋਈ ਧਿਆਨ ਦੇ ਰਿਹਾ ਹੈ ਜਿਸ ਦੇ ਖਿਲਾਫ ਕਿਸਾਨਾਂ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਕਿਸਾਨ, ਮਜ਼ਦੂਰ ਯੂਨੀਅਨ ਜ਼ੋਨ ਤਰਸਿੱਕਾ ਦੇ ਜਨਰਲ ਸਕੱਤਰ ਗੁਰਬੇਜ ਸਿੰਘ ਭੀਲੋਵਾਲ ਨੇ ਦੱਸਿਆ ਕਿ ਅੰਮ੍ਰਿਤਸਰ ਮਹਿਤਾ ਰੋਡ ਤੋਂ ਵਾਇਆ ਸਾਧਪੁਰਾ ਰਾਹੀਂ ਖਜਾਲਾ ਟਾਹਲੀ ਸਾਹਿਬ ਬਟਾਲਾ ਨੂੰ ਜੋੜਦੀ ਲਿੰਕ ਸੜਕ ਜੋ ਸਾਧਪੁਰ ਤੱਕ ਬਿਲਕੁਲ ਵਧੀਆ ਬਣੀ ਹੋਈ ਹੈ, ਤੋਂ ਅੱਗੇ ਮਾੜੀ ਹਾਲਤ ਵਿੱਚ ਹੈ ਪਰ ਸਭ ਤੋਂ ਮੰਦੀ ਹਾਲਤ ਪਿੰਡ ਦੀ ਫਿਰਨੀ ਦੀ ਹੈ ਜੋ ਚਾਰ-ਚੁਫੇਰੇ ਤੋਂ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਪਿੰਡ ਵਿਚ ਪ੍ਰਬੰਧਕ ਲੱਗਣ ਦੇ ਬਾਵਜੂਦ ਪਿੰਡ ਦਾ ਵਿਕਾਸ ਕਾਰਜ ਨਹੀਂ ਹੋ ਰਿਹਾ ਅਤੇ ਸੀਵਰੇਜ ਦੀ ਸਾਫ-ਸੁਫਾਈ ਨਾ ਹੋਣ ਕਰਕੇ ਪਾਣੀ ਦਾ ਨਿਕਾਸ ਪੂਰੀ ਤਰ੍ਹਾਂ ਬੰਦ ਹੋ ਚੁੱਕਾ ਹੈ ਜਿਸ ਕਰਕੇ ਸਕੂਲੀ ਬੱਚਿਆਂ ਤੋਂ ਲੈ ਕੇ ਆਮ ਲੋਕਾਂ ਨੂੰ ਵੱਡੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਨੇ ਅੱਗੇ ਕਿਹਾ ਕਿ ਇਥੇ ਹੀ ਵੱਸ ਨਹੀਂ, ਇਤਿਹਾਸਕ ਗੁਰਦੁਆਰਾ ਕਲਿਆਣਸਰ ਸਾਹਿਬ, ਸਰਕਾਰੀ ਹਾਈ ਸਕੂਲ ਨੂੰ ਜਾਂਦੇ ਰਸਤੇ ਦਾ ਵੀ ਬਹੁਤ ਮੰਦਾ ਹਾਲ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਪਿੰਡ ਦੀ ਫਿਰਨੀ ਨੂੰ ਜਲਦੀ ਨਾ ਬਣਾਇਆ ਗਿਆ ਤਾਂ ਕਿਸਾਨਾਂ ਵੱਲੋਂ ਇਕ ਜ਼ਿਲ੍ਹਾ ਪੱਧਰ ਦੀ ਮੀਟਿੰਗ ਕਰਕੇ ਜ਼ਿਲਾ ਮੰਡੀ ਬੋਰਡ ਦਫਤਰ ਦੇ ਅੱਗੇ ਧਰਨਾ ਦੇ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।

# ਚੋਰੀ ਦੇ ਮੋਟਰਸਾਈਕਲ ਸਮੇਤ ਸਿਟੀ ਪੁਲਸ ਵੱਲੋਂ ਦੋਸ਼ੀ ਅੜਿੱਕੇ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਦੇ ਏ.ਐਸ.ਆਈ. ਜਗਜੀਤ ਸਿੰਘ ਦੱਸਿਆ ਕਿ ਜਿਲ੍ਹਾ ਪੁਲਿਸ ਮੁਖੀ ਦੀਆਂ ਹਦਾਇਤਾਂ ਮੁਤਾਬਿਕ ਗਸ਼ਤ ਬਾ ਚੈਕਿੰਗ ਦੇ ਸਬੰਧ ਵਿੱਚ ਐਸ.ਡੀ. ਕਾਲਜ ਗੁਰਦਾਸਪੁਰ ਨੇੜੇ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਕਿ ਇਸੇ ਦੌਰਾਨ ਚਰਨਜੀਤ ਸਿੰਘ ਉਰਫ ਚੰਨਾ ਪੁੱਤਰ ਜਗੀਰ ਸਿੰਘ ਵਾਸੀ ਤਲਵੰਡੀ ਗਾਜਾ ਦੀਨਾਨਗਰ ਨੂੰ ਰੋਕ ਕੇ ਸ਼ੱਕ ਦੇ ਅਧਾਰ 'ਤੇ ਪੁੱਛਗਿਛ ਕੀਤੀ ਤਾਂ ਉਨ੍ਹਾਂ ਪਾਸੋਂ ਚੋਰੀ ਦਾ ਮੋਟਰਸਾਈਕਲ ਮਾਰਕਾ ਸਪਲੈਂਡਰ ਬਿਨ੍ਹਾਂ ਨੰਬਰ ਬਰਾਮਦ ਹੋਇਆ। ਪੁਛਗਿਛ ਕਰਨ 'ਤੇ ਉਨ੍ਹਾਂ ਦੱਸਿਆ ਕਿ ਇਹ ਚੋਰੀ ਦਾ ਮੋਟਰਸਾਈਕਲ ਸਾਬਾ ਪੁੱਤਰ ਤਰਸੇਮ ਮਸੀਹ ਵਾਸੀ ਸ਼ਾਲੇਚੱਕ ਥਾਣਾ ਕਲਾਨੌਰ ਨੂੰ ਵੇਚਣ ਵਾਸਤੇ ਦਿੱਤਾ ਸੀ ਅਤੇ ਉਹ ਅੱਜ ਉਸ ਨੂੰ ਵੇਚਣ ਵਾਸਤੇ ਗੁਰਦਾਸਪੁਰ ਆ ਰਿਹਾ ਸੀ। ਪੁਲਿਸ ਨੇ ਕਥਿਤ ਦੋਸ਼ੀ ਨੂੰ ਕਾਬੂ ਕਰਕੇ ਉਸ ਖਿਲਾਫ ਜ਼ੇਰੇ ਧਾਰਾ 317, 303 ਤਹਿਤ ਮਾਮਲਾ ਦਰਜ ਕਰਕੇ ਦੋਸ਼ੀ ਤੇ ਮੋਟਰਸਾਈਕਲ ਨੂੰ ਕਾਬੂ ਕਰਕੇ ਕਾਰਵਾਈ ਅੰਰਭ ਕਰ ਦਿੱਤੀ ਹੈ।

# ਪੀਰ ਬਾਬਾ ਖਾਕੀ ਸ਼ਾਹ ਦਾ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ

## ਦੂਸਰੇ ਦਿਨ ਗਾਇਕਾ ਕੌਰ ਬੀ ਦਾ ਲੱਗਿਆ ਖੁੱਲ੍ਹਾ ਅਖਾੜਾ



**ਸਰਾਏ ਅਮਾਨਤ ਖਾਂ, (ਮੱਖਣ ਮਨੋਜ)**-ਪਿੰਡ ਸੋਹਲ ਵਿਖੇ ਪੀਰ ਬਾਬਾ ਖਾਕੀ ਸ਼ਾਹ ਜੀ ਦਾ ਸਾਨਾ ਦੋ ਰੋਜ਼ਾ ਸੱਭਿਆਚਾਰਕ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ।ਮੇਲੇ ਦੇ ਦੂਸਰੇ ਦਿਨ ਪੰਜਾਬ ਦੀ ਪ੍ਰਸਿੱਧ ਪੰਜਾਬੀ ਗਾਇਕਾ ਕੌਰ ਬੀ ਨੇ ਆਪਣੇ ਮਕਬੂਲ ਗੀਤਾਂ ਰਾਹੀਂ ਸਰੋਤਿਆਂ ਨੂੰ ਅੱਤ ਦੀ ਪੈ ਰਹੀ ਗਰਮੀ ਵਿੱਚ ਕੀਲ ਕੇ ਬੈਠਣ ਲਈ ਮਜਬੂਰ ਕਰ ਦਿੱਤਾ।ਮੇਲੇ ਦੀ ਸਮਾਪਤੀ ਵਾਲੇ ਦਿਨ ਸ਼ਾਮ ਨੂੰ ਪੰਜਾਬ ਦੀਆਂ ਨਾਮਵਰ ਟੀਮਾਂ ਵਿੱਚਕਾਰ ਕਬੱਡੀ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਲੜਕੀਆਂ ਦੀਆਂ ਟੀਮਾਂ ਨੇ ਹਿੱਸਾ ਲਿਆ।ਪਹਿਲਾ ਮੁਕਾਬਲਾ ਸੰਦੀਪ ਨੰਗਲ ਅੰਬੀਆ ਕਬੱਡੀ ਕਲੱਬ ਕਪੂਰਥਲਾ ਅਤੇ ਲੈਂਡਮਾਰਗ ਕਬੱਡੀ ਕਲੱਬ ਮੋਗਾ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ ਜਿਸ ਵਿਚ ਲੈਂਡਮਾਰਗ ਕਬੱਡੀ ਕਲੱਬ ਮੋਗਾ ਦੀ ਟੀਮ ਜੇਤੂ ਰਹੀ। ਇਸ ਤੋਂ ਬਾਅਦ ਬਾਬਾ ਦਇਆ ਸਿੰਘ ਕਬੱਡੀ ਕਲੱਬ ਸੁਰਸਿੰਘ+ਬੈਂਕਾ ਅਤੇ ਬਾਬਾ ਬੀਰ ਸਿੰਘ ਸਪੋਰਟਸ ਕਲੱਬ ਮਾਝਾ ਨੇ ਹਿੱਸਾ ਲਿਆ ਤੇ ਜਿੱਤ ਦਾ ਖਿਤਾਬ ਬਾਬਾ ਬੀਰ ਸਿੰਘ ਸਪੋਰਟਸ ਕਲੱਬ ਮਾਝਾ ਨੇ ਆਪਣੇ ਨਾਮ ਕੀਤਾ।ਜੇਤੂ ਟੀਮਾਂ ਨੂੰ ਉਘੇ ਸਮਾਜ ਸੇਵਕ ਤੇ ਗਰੀਬਾਂ ਦੇ ਮਸੀਹਾ ਚੇਅਰਮੈਨ ਮਨਜੀਤ ਸਿੰਘ ਬਾਰੀਆ ਅਤੇ ਪ੍ਰਧਾਨ ਗੁਰਦੇਵ ਸਿੰਘ ਰਿੱਟੂ ਸੋਹਲ ਮੰਡੀਵਾਲੇ ਤੇ ਪ੍ਰਬੰਧਕ ਕਮੇਟੀ ਵੱਲੋਂ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਮੇਲੇ ਦੌਰਾਨ ਠੰਡੇ ਮਿੱਠੇ ਜਲ ਦੀਆਂ ਛਬੀਲਾਂ, ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਪ੍ਰਧਾਨ ਗੁਰਦੇਵ ਸਿੰਘ ਰਿੱਟੂ ਸੋਹਲ ਨੇ ਮੇਲੇ ਵਿੱਚ ਪੁਹਚੀਆਂ ਸੰਗਤਾਂ ਪੁਲਸ ਪ੍ਰਸ਼ਾਸਨ ਤੇ ਸੇਵਾਦਾਰਾਂ ਦਾ ਦਾ ਧੰਨਵਾਦ ਕੀਤਾ।ਇਸ ਮੌਕੇ ਪ੍ਰਧਾਨ ਗੁਰਦੇਵ ਸਿੰਘ ਰਿੱਟੂ ਸੋਹਲ, ਚੇਅਰਮੈਨ ਮਨਜੀਤ ਸਿੰਘ, ਕੈਸ਼ੀਅਰ ਕੁਲਦੀਪ ਸਿੰਘ, ਗੁਰਭਾਗ ਸਿੰਘ ਸੋਹਲ, ਸਰਪੰਚ ਸਰਵਣ ਸਿੰਘ ਸੋਹਲ, ਸਰਪੰਚ ਸੰਤੋਖ ਸਿੰਘ ਸੋਹਲ, ਸੈਲੀ ਸੋਹਲ, ਦਲਜੀਤ ਸਿੰਘ ਸ਼ੇਰਾ, ਬਲਵਿੰਦਰ ਸਿੰਘ ਬਿੰਦਰ ਸੋਹਲ, ਤਰਸੇਮ ਸਿੰਘ ਆੜ੍ਹਤੀ, ਗੁਰਿੰਦਰ ਸਿੰਘ ਭਾਟੀਆ, ਤੇਗਾਂ ਸਿੰਘ ਸਾਬਕਾ ਚੇਅਰਮੈਨ, ਤਰਸੇਮ ਸਿੰਘ, ਜਸਮੇਰ ਸਿੰਘ ਮੁਨੀਮ, ਜਮੇਰ ਸਿੰਘ, ਬਾਬਾ ਬਲਬੀਰ ਸਿੰਘ, ਨਿਸ਼ਾਨ ਸਿੰਘ ਦੋਦੀ, ਪੰਜਾਬ ਸਿੰਘ, ਪ੍ਰਧਾਨ ਜ਼ਿਲਾ ਕਿਸਾਨ ਵਿੰਗ ਆਮ ਆਦਮੀ ਪਾਰਟੀ ਤਰਸੇਮ ਸਿੰਘ ਸੋਹਲ, ਆਮ ਆਦਮੀ ਪਾਰਟੀ ਦੇ ਗੁਰਦੇਵ ਸਿੰਘ, ਗੁਰਜੀਤ ਸਿੰਘ ਬਿੱਟੂ ਸੋਹਲ, ਆੜ੍ਹਤੀ ਬਲਵਿੰਦਰ ਸਿੰਘ ਸੋਹਲ, ਆੜ੍ਹਤੀ ਪ੍ਰੇਮ ਸਿੰਘ ਸੋਹਲ, ਆੜ੍ਹਤੀ ਸੋਨੂੰ ਸ਼ਾਹ ਸੋਹਲ, ਆੜ੍ਹਤੀ ਅਜਮੇਰ ਸਿੰਘ ਸੋਹਲ, ਯੋਧਾ ਸਿੰਘ, ਫੌਜੀ ਅਜੀਤ ਸਿੰਘ, ਟਰਾਂਸਪੋਰਟ ਕਰਮਜੀਤ ਸਿੰਘ ਬੰਬੇ ਨਾਸਿਕ, ਮੈਂਬਰ ਗੁਰਸੇਵਕ ਸਿੰਘ ਸੋਹਲ, ਰਸਾਲ ਸਿੰਘ, ਸੁਖਚੈਨ ਸਿੰਘ, ਹਰਜਿੰਦਰ ਸਿੰਘ ਮੈਂਬਰ, ਅਮਰੀਕ ਸਿੰਘ, ਰਾਜ ਸਿੰਘ ਹਲਵਾਈ, ਪਾਲ, ਗਗਨ, ਟਿੰਕੂ, ਲਵ, ਆਜ਼ਾਦ, ਗੋਲਡੀ, ਸਮੇਤ ਸਮੂਹ ਪਿੰਡ ਵਾਸੀ ਵੀ ਹਾਜ਼ਰ ਸਨ।

# ਸਿਵਲ ਹਸਪਤਾਲ ਸਥਿਤ ਵੇਰਕਾ ਬੂਥ 'ਚੋਂ ਸਿਲੰਡਰ ਤੇ ਨਕਦੀ ਚੋਰੀ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸਥਾਨਕ ਸ਼ਹਿਰ ਅਜਨਾਲਾ ਦੇ ਸਿਵਲ ਹਸਪਤਾਲ ਵਿੱਚ ਸਥਿਤ ਵੇਰਕਾ ਬੂਥ ਦੇ ਮਾਲਕ ਪ੍ਰੇਮ ਕੁਮਾਰ ਅਨੰਦ ਪੁੱਤਰ ਜਗਦੀਸ਼ ਚੰਦਰ ਵਾਸੀ ਵਾਰਡ ਨੰਬਰ 7 ਨਵੀਂ ਆਬਾਦੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਂ ਸ਼ੁੱਕਰਵਾਰ ਸ਼ਾਮ 7 ਵਜੇ ਆਪਣਾ ਵੇਰਕਾ ਬੂਥ ਬੰਦ ਕਰਕੇ ਆਪਣੇ ਘਰ ਚਲਾ ਗਿਆ।ਸ਼ਨੀਵਾਰ ਸਵੇਰੇ ਆ ਕੇ ਦੇਖਿਆ ਤਾਂ ਬੂਥ ਦੇ ਦਰਵਾਜ਼ੇ ਦੇ ਤਾਲੇ ਟੁੱਟੇ ਹੋਏ ਸਨ।ਮੇਰੇ ਬੂਥ ਵਿੱਚੋਂ ਚੋਰ ਇੱਕ ਸਿਲੰਡਰ ਅਤੇ 7000 ਰੁਪਏ ਚੋਰੀ ਕਰਕੇ ਲੈ ਗਏ ਸਨ।ਮੇਰਾ ਕਾਫੀ ਨੁਕਸਾਨ ਹੋ ਗਿਆ ਹੈ।ਉਨ੍ਹਾਂ ਦੱਸਿਆ ਕਿ ਮੇਰੇ ਬੂਥ ਦੇ ਆਲੇ-ਦੁਆਲੇ ਵਿਹਲੇ ਮੁੰਡਿਆਂ ਦਾ ਝੁੰਡ ਸਾਰਾ ਦਿਨ ਵਿਹਲਾ ਬੈਠਾ ਰਹਿੰਦਾ।

ਮੇਰੀ ਪੁਲਸ ਪ੍ਰਸ਼ਾਸਨ ਨੂੰ ਪੁਰਜ਼ੋਰ ਬੇਨਤੀ ਹੈ ਕਿ ਚੋਰਾਂ ਨੂੰ ਫੜ ਕੇ ਮੈਨੂੰ ਇਨਸਾਫ ਦਿਵਾਇਆ ਜਾਵੇ ਅਤੇ ਚੋਰਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ।ਸਿਵਲ ਹਸਪਤਾਲ ਦੇ ਆਲੇ-ਦੁਆਲੇ ਵਿਹਲੇ ਬੈਠੇ ਖਰੂਦੀਆਂ ਦੇ ਝੁੰਡ ਨੂੰ ਵੀ ਪੱਕੇ ਤੌਰ 'ਤੇ ਹਟਾਇਆ ਜਾਵੇ।

# ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਗੁਰਦਾਸਪੁਰ 'ਚ ਜਸ਼ਨ-ਏ-ਅਜ਼ਾਦੀ : ਏ ਡੀ ਸੀ

**ਗੁਰਦਾਸਪੁਰ (ਜਨਕ ਮਹਾਜਨ)**-ਜ਼ਿਲ੍ਹਾ ਸਦਰ ਮੁਕਾਮ ਗੁਰਦਾਸਪੁਰ ਵਿਖੇ ਇਸ ਵਾਰ ਵੀ 15 ਅਗਸਤ ਨੂੰ ਕੌਮੀ ਆਜ਼ਾਦੀ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਮਨਾਏ ਜਾਣ ਵਾਲੇ ਇਸ ਜ਼ਿਲ੍ਹਾ ਪੱਧਰੀ ਅਜ਼ਾਦੀ ਦਿਵਸ ਸਮਾਗਮ ਨੂੰ ਕਾਮਯਾਬ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਨੇ ਕਿਹਾ ਕਿ ਗੁਰਦਾਸਪੁਰ ਵਿਖੇ ਜਸ਼ਨ-ਏ-ਅਜ਼ਾਦੀ ਸਮਾਗਮ ਪੂਰੀ ਧੂਮ-ਧਾਮ ਨਾਲ ਮਨਾਇਆ ਜਾਵੇਗਾ ਅਤੇ ਹਰ ਵਿਭਾਗ ਆਪਣੀਆਂ ਤਿਆਰੀਆਂ ਨੂੰ ਹੁਣ ਤੋਂ ਹੀ ਸ਼ੁਰੂ ਕਰ ਦੇਵੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਵਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪਰੇਡ ਦਾ ਨਿਰੀਖਣ ਕੀਤਾ ਜਾਵੇਗਾ ਅਤੇ ਉਪਰੰਤ ਪੰਜਾਬ ਪੁਲੀਸ ਦੇ ਜਵਾਨਾਂ, ਮਹਿਲਾ ਪਲਾਟੂਨ, ਪੰਜਾਬ ਹੋਮ ਗਾਰਡ, ਐਨ.ਸੀ.ਸੀ. ਕੈਡਿਟ ਅਤੇ ਵੱਖ-ਵੱਖ ਸਕੂਲਾਂ ਦੀਆਂ ਪਰੇਡ ਅਤੇ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਭਾਗ ਲਵਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਲੜਾਈ ਝਗੜੇ ਦੇ ਸੰਬੰਧ 'ਚ ਚਾਰ ਵਿਅਕਤੀਆਂ ਖਿਲਾਫ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਦਰ ਗੁਰਦਾਸਪੁਰ ਪੁਲਿਸ ਨੇ ਕੁਟਮਾਰ ਦੇ ਦੋਸ਼ਾਂ ਹੇਠ ਚਾਰ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਕੀਤੀ ਸ਼ਿਕਾਇਤ ਵਿਚ ਸਤੀਸ਼ ਕੁਮਾਰ ਪੁੱਤਰ ਕੰਸਰਾਜ ਵਾਸੀ ਬਾਬੋਵਾਲ ਨੇ ਦੱਸਿਆ ਕਿ ਅੱਠ ਜੁਲਾਈ ਨੂੰ ਉਹ ਆਪਣੀ ਕਲੀਨਿਕ 'ਤੇ ਬੈਠਾ ਹੋਇਆ ਸੀ ਕਿ ਇਸੇ ਦੌਰਾਨ ਸ਼ੈਲੀ ਪੁੱਤਰ ਜੋਗਿੰਦਰ ਪਾਲ, ਸਤਪਾਲ ਪੁੱਤਰ ਸ਼ੰਕਰ ਦਾਸ, ਮੁਕੇਸ਼ ਕੁਮਾਰ ਪੁੱਤਰ ਵੇਦ ਪਾਲ ਵਾਸੀ ਬਾਬੋਵਾਲ ਅਤੇ ਅਸ਼ੋਕ ਕੁਮਾਰ ਪੁੱਤਰ ਤਾਰਾ ਚੰਦ ਵਾਸੀ ਹਯਾਤਨਗਰ ਕਲੋਨੀ ਨੇ ਮੇਰੇ ਨਾਲ ਕੁੱਟਮਾਰ ਕੀਤੀ ਹੈ। ਏਐਸਆਈ ਸੋਹਨ ਲਾਲ ਨੇ ਦੱਸਿਆ ਕਿ ਸੰਤੋਸ਼ ਕੁਮਾਰ ਦੀ ਕੁੱਟਮਾਰ ਕਰਨ ਦੇ ਨਾਲ ਉਸਨੂੰ ਤੇਜ਼ ਹਥਿਆਰਾਂ ਨਾਲ ਹਮਲਾ ਕਰਕੇ ਜਖਮੀ ਵੀ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਤਫਤੀਸ਼ ਦੌਰਾਨ ਉਕਤ ਵਿਅਕਤੀ ਦੋਸ਼ੀ ਪਾਏ ਗਏ ਅਤੇ ਇਨ੍ਹਾਂ ਖਿਲਾਫ ਜੇਰੇ ਧਾਰਾ 115, 118, 117, 190, 191 ਤਹਿਤ ਮਾਮਲਾ ਦਰਜ ਕਰਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਨੌਜਵਾਨ ਬੂਟਿਆਂ ਨੂੰ ਪੁੱਤਰਾਂ ਵਾਂਗ ਪਾਲਣ : ਸੰਤ ਭੰਗਾਲੀ ਵਾਲੇ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਵਾਤਾਵਰਣ ਨੂੰ ਸ਼ੁੱਧ ਕਰਨ ਲਈ ਹਰੇਕ ਨੌਜਵਾਨ, ਸਾਧ ਸੰਗਤ ਨੂੰ ਵੱਧ ਤੋਂ ਵੱਧ ਆਪਣੇ ਪਿੰਡਾਂ ਵਿੱਚ ਪੌਦੇ ਲਗਉਣੇ ਚਾਹੀਦੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੁਰਦੁਆਰਾ ਸ਼ਹੀਦ ਬਾਬਾ ਬੀਰ ਸਿੰਘ ਦੇ ਮੁਖੀ ਸੰਤ ਬਾਬਾ ਮਨਮੋਹਨ ਸਿੰਘ ਭੰਗਾਲੀ ਅਤੇ ਸੰਤ ਬਾਬਾ ਲਖਬੀਰ ਸਿੰਘ ਭੰਗਾਲੀ ਸਾਹਿਬ ਵਾਲਿਆਂ ਨੇ ਪਿੰਡ ਭੰਗਾਲੀ ਕਲਾਂ ਵਿਖੇ ਬੂਟੇ ਲਾਉਣ ਦੀ ਸ਼ੁਰੂਆਤ ਕਰਨ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਬੂਟਿਆਂ ਨੂੰ ਆਪਣੇ ਪੁੱਤਰਾਂ ਵਾਂਗ ਪਾਲੋ ।ਉਨ੍ਹਾਂ ਨੇ ਕਿਹਾ ਕਿ ਹਰ ਸਾਲ ਪਾਣੀ ਦਾ ਪੱਧਰ ਹੇਠਾਂ ਨੂੰ ਜਾ ਰਿਹਾ ਹੈ।ਪਾਣੀ, ਹਵਾ ਗੰਧਲੇ ਹੁੰਦੀ ਜਾਂਦੇ ਹਨ।ਜ਼ਹਿਰੀਲੇ ਪਾਣੀ ਤੇ ਹਵਾ ਕਾਰਣ ਲੋਕਾਂ ਨੂੰ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਡਾਕਟਰਾਂ ਦੀਆਂ ਦੁਕਾਨਾਂ ਬੀਮਾਰਾਂ ਨਾਲ ਭਰੀਆਂ ਦੇਖਣ ਨੂੰ ਮਿਲਦੀਆਂ ਹਨ ਕਿਉਂਕਿ ਸਾਡਾ ਵਾਤਾਵਰਣ, ਹਵਾ ਖਾਣਾ ਪੀਣਾ ਦਿਨੋਂ ਦਿਨ ਖਰਾਬ ਹੁੰਦਾ ਜਾ ਰਿਹਾ ਹੈ। ਸਾਨੂੰ ਸਾਰਿਆਂ ਬਹੁਤ ਉਪਰਾਲਾ ਕਰਨ ਦੀ ਲੋੜ ਹੈ। ਇਸ ਦੌਰਾਨ ਸਰਪੰਚ ਨਿਸ਼ਾਨ ਸਿੰਘ ਭੰਗਾਲੀ, ਸੁਖਜਿੰਦਰ ਸਿੰਘ, ਗੁਰਦੇਵ ਸਿੰਘ ਦੋਵੇ ਪੰਚ, ਕਿਸਾਨ ਆਗੂ ਬਾਬਾ ਹਰਦੀਪ ਸਿੰਘ, ਪਰਕਾਸ਼ ਸਿੰਘ, ਮੇਜਰ ਸਿੰਘ, ਪੀਟਰ, ਤਰਸੇਮ ਦੋਵੇਂ ਆਦਮੀ ਪਾਰਟੀ ਦੇ ਆਗੂ ਆਦਿ ਬਹੁਤ ਸਾਰੇ ਸੇਵਾਦਾਰ ਹਾਜ਼ਰ ਸਨ।

# ਹੜ੍ਹਾਂ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਤਿਆਰ : ਧਾਲੀਵਾਲ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਹਲਕੇ ਦੇ ਪਿੰਡ ਘੋਨੇਵਾਲ ਨੇੜੇ ਰਾਵੀ ਦਰਿਆ ਦੇ ਕਿਨਾਰੇ ਮਜ਼ਬੂਤ ਕਰਨ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦੇ ਹੋਏ ਲੋਕਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਹੜ੍ਹਾਂ ਵਰਗੀ ਕੁਦਰਤੀ ਆਫਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਲੋਕਾਂ ਦੇ ਜਾਨ ਮਾਲ ਦੀ ਪੂਰੀ ਹਿਫਾਜ਼ਤ ਕੀਤੀ ਜਾਵੇਗੀ।ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਾਲ ਜਿਨ੍ਹਾਂ ਥਾਵਾਂ ਉੱਤੇ ਬੰਨ੍ਹ ਦੀ ਕਮਜ਼ੋਰੀ ਕਰਕੇ ਦਰਿਆ ਨੂੰ ਕਿਨਾਰੇ ਤੋਂ ਟੁੱਟਣ ਦਾ ਮੌਕਾ ਮਿਲਿਆ ਸੀ, ਨੂੰ ਇਸ ਵਾਰ ਦੂਰ ਕਰ ਲਿਆ ਗਿਆ ਹੈ ਅਤੇ ਅਜੇ ਵੀ ਇਹ ਕੰਮ ਲਗਾਤਾਰ ਜਾਰੀ ਹੈ।ਉਨ੍ਹਾਂ ਨੇ ਦੱਸਿਆ ਕਿ ਸਾਡੇ ਹਲਕੇ ਵਿੱਚ ਰਾਵੀ ਦਰਿਆ ਹੜ੍ਹ ਦਾ ਕਾਰਨ ਬਣਦਾ ਹੈ ਅਤੇ ਪਿਛਲੇ ਸਾਲ ਕਈ ਥਾਵਾਂ ਉੱਪਰ ਪਾਣੀ ਚੜ੍ਹ ਗਿਆ ਸੀ, ਜਿਸ ਨੂੰ ਵੇਖਦੇ ਹੋਏ ਇਸ ਵਾਰ ਬੰਨ੍ਹ ਨੂੰ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੁਝ ਇਕ ਥਾਵਾਂ ਉਤੇ ਮੈਨੂੰ ਅਜੇ ਵੀ ਕਮਜ਼ੋਰੀ ਲੱਗੀ ਹੈ ਜਿਸ ਨੂੰ ਦੂਰ ਕਰਨ ਲਈ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ।ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਧੁੱਸੀ ਬੰਨ੍ਹ ਨੇੜਿਓਂ ਕਿਸੇ ਵੀ ਤਰ੍ਹਾਂ ਮਿੱਟੀ ਨਾ ਛੇੜਨ, ਕਿਉਂਕਿ ਇਸ ਨਾਲ ਕਈ ਪਿੰਡ ਰੁੜ੍ਹ ਜਾਂਦੇ ਹਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪੰਚਾਇਤ ਦਫਤਰ ਤਰਸਿੱਕਾ ਸਾਹਮਣੇ ਰੋਸ ਪ੍ਰਦਰਸ਼ਨ

## ਭਾਰੀ ਜੱਦੋਜਹਿਦ ਤੋਂ ਬਾਅਦ ਮਿਲੇ ਧਰਨਾਕਾਰੀਆਂ ਨੂੰ ਬੀ ਡੀ ਪੀ ਓ ਤਰਸਿੱਕਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਬਲਾਕ ਤਰਸਿੱਕਾ ਦੇ ਪਿੰਡਾਂ ਨਾਲ ਸਬੰਧਿਤ ਪਿੰਡਾਂ ਦੀਆਂ ਮੁਸ਼ਕਿਲਾਂ ਨੂੰ ਬਲਾਕ ਵਿਕਾਸ ਅਫ਼ਸਰ ਦਫ਼ਤਰ ਤਰਸਿੱਕਾ ਮੂਹਰੇ ਤਿੰਨ ਜ਼ੋਨਾਂ-ਜ਼ੋਨ ਤਰਸਿੱਕਾ, ਜ਼ੋਨ ਟਾਹਲੀ ਸਾਹਿਬ ਅਤੇ ਜ਼ੋਨ ਟਾਂਗਰਾ ਅਧੀਨ ਪੈਂਦੇ ਪਿੰਡਾਂ ਦੇ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਵੱਲੋਂ ਧਰਨਾ ਦਿੱਤਾ ਗਿਆ।ਇਸ ਮੌਕੇ ਜਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਅਤੇ ਸੂਬਾ ਆਗੂ ਜਰਮਨਜੀਤ ਸਿੰਘ ਬੰਡਾਲਾ ਨੇ ਦੱਸਿਆ ਕਿ ਬਲਾਕ ਤਰਸਿੱਕਾ ਨਾਲ ਸਬੰਧਿਤ ਇਲਾਕੇ ਵਿੱਚ ਵਿਕਾਸ ਕਾਰਜ ਅਤੇ ਇਲਾਕਾ ਨਿਵਾਸੀਆਂ ਦੀਆਂ ਨਿੱਜੀ ਪੱਧਰ ਦੀਆਂ ਮੁਸ਼ਕਿਲਾਂ ਲਗਾਤਾਰ ਬਣੀਆਂ ਹੋਈਆਂ ਸਨ ਅਤੇ ਇਲਾਕੇ ਦੇ ਲੋਕਾਂ ਦੀ ਮੰਗ ਤੇ ਜਥੇਬੰਦੀ ਵੱਲੋਂ ਅਗਵਾਈ ਕਰਦੇ ਹੋਏ ਮਸਲਿਆਂ ਦੇ ਹੱਲ ਲਈ 4 ਘੰਟੇ ਦਾ ਸੰਕੇਤਕ ਰੋਸ ਪ੍ਰਦਰਸ਼ਨ ਕੀਤਾ ਜਾਣਾ ਸੀ ਪਰ ਬੀ ਡੀ ਪੀ ਓ ਤਰਸਿੱਕਾ ਦਫਤਰ ਵਿੱਚ ਨਾ ਹੋਣ ਕਾਰਨ ਬਲਾਕ ਸੁਪਰਡੈਂਟ ਦਾ ਘੇਰਾਓ ਕੀਤਾ ਗਿਆ ਅਤੇ 8 ਘੰਟੇ ਧਰਨਾ ਪ੍ਰਦਰਸ਼ਨ ਕਰਨ ਤੋਂ ਬਾਅਦ ਬਲਾਕ ਅਫਸਰ ਧਰਨਾਕਾਰੀਆਂ ਦੇ ਸਾਹਮਣੇ ਆਏ ਅਤੇ ਉਨ੍ਹਾਂ ਨਿੱਜੀ ਸ਼ਿਕਾਇਤਾਂ ਦਾ ਨਿਪਟਾਰਾ 2-3 ਹਫਤੇ ਦੇ ਅੰਦਰ ਕਰਨ ਦਾ ਭਰੋਸਾ ਦਿਵਾਇਆ ਜਿਸ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ ਗਿਆ। ਜੇ ਇਨ੍ਹਾਂ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾਂਦਾ ਤਾਂ ਲੰਬੇ ਸਮੇਂ ਦਾ ਧਰਨਾ ਉਲੀਕਿਆ ਜਾਵੇਗਾ ਅਤੇ ਹੱਲ ਹੋਣ ਤੱਕ ਜਾਰੀ ਰਹੇਗਾ। ਇਸ ਮੌਕੇ ਜ਼ਿਲ੍ਹਾ ਆਗੂ ਬਲਦੇਵ ਸਿੰਘ ਬੱਗਾ, ਸੁਖਦੇਵ ਸਿੰਘ ਚਾਟੀਵਿੰਡ, ਬਲਵਿੰਦਰ ਸਿੰਘ ਬਿੰਦੂ, ਕੰਧਾਰ ਸਿੰਘ ਭੋਈਵਾਲ, ਰਣਜੀਤ ਸਿੰਘ ਚਾਟੀਵਿੰਡ, ਗੁਰਬੇਜ ਸਿੰਘ ਭੀਲੋਵਾਲ, ਅਮਰਿੰਦਰ ਸਿੰਘ ਮਾਲੋਵਾਲ, ਸਵਰਨ ਸਿੰਘ ਉਦੋਨੰਗਲ ਤੋਂ ਇਲਾਵਾ ਸੈਂਕੜੇ ਕਿਸਾਨ, ਮਜ਼ਦੂਰ ਅਤੇ ਬੀਬੀਆਂ ਹਾਜ਼ਰ ਸਨ।

# ਸਰਕਾਰੀ ਸਕੂਲ ਭੱਟੀਆਂ ਵਿਖੇ ਰੱਖਿਆ ਆਧੁਨਿਕ ਸਾਇੰਸ ਲੈਬ ਦਾ ਨੀਂਹ ਪੱਥਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਵਿਖੇ ਅਤਿ-ਆਧੁਨਿਕ ਸਾਇੰਸ ਲੈਬ ਦੀ ਉਸਾਰੀ ਦਾ ਨੀਹ ਪੱਥਰ ਰੱਖਿਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰ. ਸੰਦੀਪ ਸਿੰਘ, ਸਮੂਹ ਸਟਾਫ਼ ਮੈਂਬਰ, ਚੇਅਰਮੈਨ ਸੁੱਚਾ ਸਿੰਘ, ਸਿੱਖਿਆ ਮਾਹਿਰ ਸਿਕੰਦਰਜੀਤ ਸਿੰਘ, ਗ੍ਰਾਮ ਪੰਚਾਇਤ ਮੈਂਬਰ ਜੋਬਨ ਸਿੰਘ, ਸਕੂਲ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ। ਸਾਇੰਸ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕਰਨ ਲਈ ਵਿਸ਼ਵ ਪੱਧਰੀ ਪਲੇਟਫਾਰਮ ਪ੍ਰਦਾਨ ਕਰਨ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ।ਚੇਅਰਮੈਨ ਵੱਲੋਂ ਰਸਮੀ ਨੀਂਹ ਪੱਥਰ ਰੱਖ ਕੇ ਲੈਬ ਦਾ ਕੰਮ ਸ਼ੁਰੂ ਕਰਨ ਦਾ ਉਦਘਾਟਨ ਕੀਤਾ ਗਿਆ, ਵਾਈਸ ਚੇਅਰਮੈਨ ਡਾ. ਕਾਜਲ ਨੇ ਸਕੂਲ ਦੀ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਲਈ ਵਿਸ਼ੇਸ਼ ਤੌਰ 'ਤੇ ਵਿਗਿਆਨ ਦੇ ਖੇਤਰ ਵਿੱਚ ਸ਼ਲਾਘਾ ਕੀਤੀ।

ਗ੍ਰਾਮ ਪੰਚਾਇਤ ਮੈਂਬਰ ਜੋਬਨ ਸਿੰਘ ਨੇ ਸਕੂਲ ਨੂੰ ਇਸ ਦੇ ਯਤਨਾਂ ਵਿੱਚ ਲਗਾਤਾਰ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਸਿੱਖਿਆ ਮਾਹਿਰ ਸਿਕੰਦਰਜੀਤ ਸਿੰਘ ਨੇ ਸਕੂਲ ਦੇ ਆਧੁਨਿਕ ਪਾਠਕ੍ਰਮ ਨਾਲ ਤਾਲਮੇਲ ਬਣਾਉਣ ਅਤੇ ਵਿਦਿਆਰਥੀਆਂ ਨੂੰ ਸਿੱਖਣ ਦੇ ਤਜਰਬੇ ਪ੍ਰਦਾਨ ਕਰਨ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ।ਵਿਗਿਆਨ ਲੈਬ ਨੂੰ ਹਕੀਕਤ ਬਣਾਉਣ ਵਿੱਚ ਸ਼ਾਮਲ ਹਰੇਕ ਵਿਅਕਤੀ ਦੇ ਯੋਗਦਾਨ ਲਈ ਪ੍ਰਿੰ. ਨੇ ਧੰਨਵਾਦ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਤੋਂ ਇਲਾਵਾ ਸਕੂਲ ਦੇ ਸਟਾਫ ਮੈਂਬਰ ਹਾਜ਼ਰ ਸਨ।

# ਰੁੱਖ ਲਗਾਉਣ ਤੋਂ ਜ਼ਿਆਦਾ ਉਨ੍ਹਾਂ ਦੀ ਦੇਖਭਾਲ ਬਹੁਤ ਜ਼ਰੂਰੀ ਹੈ : ਪ੍ਰਿੰ. ਸਲਿਲ ਸਾਗਰ



**ਅੰਮ੍ਰਿਤਸਰ (ਅਰੋੜਾ)**: ਰੋਟਰੀ ਕਲੱਬ ਨਾਰਥ ਵੱਲੋਂ ਕਲੱਬ ਦੇ ਪ੍ਰਧਾਨ ਡਾ. ਰਜਿੰਦਰਪਾਲ ਸਿੰਘ, ਸਕੱਤਰ ਗੁਰਮੀਤ ਸਿੰਘ ਹੀਰਾ, ਪ੍ਰਾਜੈਕਟ ਚੇਅਰਮੈਨ ਐੱਸ. ਪੀ. ਅਰੋੜਾ ਦੀ ਪ੍ਰਧਾਨਗੀ ਹੇਠ ਰੋਟਰੀ ਇੰਟਰਨੈਸ਼ਨਲ ਵੱਲੋਂ ਸੰਸਾਰ ਨੂੰ ਪ੍ਰਦੂਸ਼ਣ ਰਹਿਤ ਅਤੇ ਵਾਤਾਵਰਣ ਦੀ ਦੇਖਭਾਲ ਲਈ ਸ਼ੁਰੂ ਕੀਤੇ ਗਏ ਅਭਿਆਨ ਦੇ ਚੱਲਦੇ ਸੈਕਰਡ ਟੱਚ ਪਬਲਿਕ ਸਕੂਲ ਪੁਰਾਣੀ ਚੁੰਗੀ ਦੇ ਮੈਦਾਨ ਵਿਚ ਰੁੱਖ ਲਗਾਉਣ ਦੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਵਣ-ਮਹਾਉਤਸਵ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਇਕ ਸਾਦਾ ਸਮਾਗਮ ਦਾ ਆਯੋਜਨ ਕੀਤਾ ਗਿਆ। ਸਕੂਲ ਦੇ ਪ੍ਰਿੰ. ਰੋਟਰੀ ਦੇ ਸਾਬਕਾ ਪ੍ਰਧਾਨ ਸਲਿਲ ਸਾਗਰ, ਪ੍ਰਧਾਨ ਮੈਡਮ ਅਜੇ ਅਰੋੜਾ ਨੇ ਰੋਟਰੀ ਮੈਂਬਰਾਂ ਦੀ ਇਸ ਮੁਹਿੰਮ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰਿੰ. ਸਲਿਲ ਸਾਗਰ ਨੇ ਕਿਹਾ ਕਿ ਰੁੱਖ ਲਗਾਉਣਾ ਸਮੇਂ ਦੀ ਸੱਭ ਤੋਂ ਵੱਡੀ ਲੋੜ ਹੈ ਜਿਸ ਨਾਲ ਵਾਤਾਵਰਣ ਦੀ ਸ਼ੁੱਧਤਾ ਦੇ ਨਾਲ ਨਾਲ ਜ਼ਮੀਨ ਦਾ ਪਾਣੀ ਜਿਸਦਾ ਪੱਧਰ ਬਹੁਤ ਹੇਠਾਂ ਜਾ ਚੁੱਕਿਆ ਹੈ ਉਸਦੀ ਵੀ ਦੇਖਭਾਲ ਹੋਵੇਗੀ।ਉਨ੍ਹਾਂ ਨੇ ਕਿਹਾ ਕਿ ਰੁੱਖ ਲਗਾਉਣ ਦੇ ਨਾਲ ਨਾਲ ਇਨ੍ਹਾਂ ਦੀ ਦੇਖਭਾਲ ਵੀ ਬਹੁਤ ਜ਼ਰੂਰੀ ਹੈ।ਰੋਟਰੀ ਮੈਂਬਰਾਂ ਨੇ ਸਕੂਲ ਦੇ ਮੈਦਾਨ ਵਿਚ ਅਮਰੂਦ, ਅੰਬ, ਜਾਮੁਣ, ਨਿੰਮ, ਨਿੰਬੂ ਅਤੇ ਹੋਰ ਕਈ ਤਰ੍ਹਾਂ ਦੇ ਔਸ਼ਧੀ ਯੁਕਤ ਰੁੱਖ ਲਗਾਏ।ਸਕੂਲ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਵਿਸ਼ਵਾਸ ਦਵਾਇਆ ਕਿ ਉਨ੍ਹਾਂ ਵੱਲੋਂ ਲਗਾਏ ਗਏ ਰੁੱਖਾਂ ਦੀ ਦੇਖਭਾਲ ਹੁਣ ਉਨ੍ਹਾਂ ਦੀ ਜਿੰਮੇਵਾਰੀ ਹੈ। ਸਕੂਲ ਪ੍ਰਬੰਧਕਾਂ ਵੱਲੋਂ ਰੋਟਰੀ ਪ੍ਰਧਾਨ ਰਜਿੰਦਰਪਾਲ ਸਿੰਘ ਅਤੇ ਪ੍ਰਾਜੈਕਟ ਚੇਅਰਮੈਨ ਐੱਸ. ਪੀ ਅਰੋੜਾ, ਸਹਾਇਕ ਗਵਰਨਰ ਵਿਜੇ ਭਸੀਨ, ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਰੋਟਰੀ ਦੇ ਮੇਜਰ ਡੋਨਰ ਡਾ. ਜੀ. ਐੱਸ. ਮਦਾਨ, ਸਾਬਕਾ ਪ੍ਰਧਾਨ ਰਮੇਸ਼ ਕੱਕੜ, ਅਸ਼ੋਕ ਗ੍ਰੋਵਰ, ਸਹਾਇਕ ਗਵਰਨਰ ਆਰ. ਐੱਸ. ਚੱਠਾ, ਮੈਡਮ ਹਰਜਿੰਦਰ ਕੌਰ ਚੱਠਾ, ਰਣਜੀਤ ਕੌਰ ਸਹਿਤ ਰੋਟਰੀ ਦੇ ਅਹੁਦੇਦਾਰ ਅਤੇ ਸਕੂਲ ਸਟਾਫ਼ ਦੇ ਮੈਂਬਰ ਮੌਜੂਦ ਸਨ।

# ਖਵਾਜਾ ਪੀਰ ਦੀ ਦਰਗਾਹ 'ਤੇ ਸਾਲਾਨਾ ਮੇਲਾ ਕਰਵਾਇਆ



**ਗੁਰਦਾਸਪੁਰ (ਜਨਕ ਮਹਾਜਨ)**-ਦਫ਼ਤਰ ਫਾਇਰ ਬ੍ਰਿਗੇਡ ਗੁਰਦਾਸਪੁਰ ਵਿਖੇ ਖਵਾਜਾ ਪੀਰ ਦੀ ਦਰਗਾਹ 'ਤੇ ਸਮੂਹ ਮਾਰਕੀਟ ਕਮੇਟੀ ਵਲੋਂ ਸਾਲਾਨਾ ਮੇਲਾ ਲਗਾਇਆ ਗਿਆ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਦਰਗਾਹ 'ਤੇ ਮੱਥਾ ਟੇਕਿਆ ਅਤੇ ਅਸ਼ੀਰਵਾਦ ਲਿਆ। ਇਸ ਉਪਰੰਤ ਲੰਗਰ ਛਕਾਉਣ ਦੀ ਸੇਵਾ ਸੰਭਾਲੀ। ਐਡਵੋਕੇਟ ਪਾਹੜਾ ਨੇ ਕਿਹਾ ਕਿ ਧਾਰਮਿਕ ਪ੍ਰੋਗਰਾਮ ਕਰਵਾਉਣ ਨਾਲ ਆਲੇ-ਦੁਆਲੇ ਦੀਆਂ ਨਕਾਰਾਤਮਕ ਸ਼ਕਤੀਆਂ ਦੂਰ ਹੁੰਦੀਆਂ ਹਨ। ਅਜਿਹੇ ਮੇਲਿਆਂ ਦੇ ਆਯੋਜਨ ਨਾਲ ਆਪਸੀ ਭਾਈਚਾਰਾ ਵੀ ਵਧਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵਰਗੀਆਂ ਬੁਰਾਈਆਂ ਨੂੰ ਤਿਆਗ ਕੇ ਅਜਿਹੇ ਧਾਰਮਿਕ ਪ੍ਰੋਗਰਾਮਾਂ ਦਾ ਹਿੱਸਾ ਬਣਨ। ਇਸ ਉਪਰੰਤ ਪ੍ਰਬੰਧਕਾਂ ਨੇ ਐਡਵੋਕੇਟ ਪਾਹੜਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ।

# ਜ਼ਿਲ੍ਹਾ ਟੀਕਾਕਰਣ ਅਫਸਰ ਤਰਨਤਾਰਨ ਨੇ ਸਿਹਤ ਵਿਭਾਗ ਵੱਲੋਂ ਚਲਾਏ ਪ੍ਰੋਗਰਾਮਾਂ ਦਾ ਲਿਆ ਜਾਇਜ਼ਾ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਡਾ. ਹਿਤਿੰਦਰ ਕੌਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਸਰਜਨ ਤਰਨ ਤਾਰਨ ਡਾ. ਭਾਰਤ ਭੂਸ਼ਣ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲਾ ਟੀਕਾਕਰਣ ਅਫਸਰ ਡਾ. ਵਰਿੰਦਰਪਾਲ ਕੌਰ ਵੱਲੋਂ ਡਵੀਜ਼ਨਲ ਹਸਪਤਾਲ ਖਡੂਰ ਸਾਹਿਬ ਵਿਖੇ ਸਿਹਤ ਵਿਭਾਗ ਦੇ ਕੰਮਾਂ ਦੀ ਸਮੀਖਿਆ ਲਈ ਅਹਿਮ ਮੀਟਿੰਗ ਕੀਤੀ ਗਈ ਜਿਸ ਵਿਚ ਸੀਨੀਅਰ ਮੈਡੀਕਲ ਅਫਸਰ ਡਾ. ਸ਼ੈਲਿੰਦਰਜੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਜਸਵਿੰਦਰ ਸਿੰਘ ਅਤੇ ਡਾ. ਇਸ਼ਿਤਾ ਸਮੇਤ ਸਮੂਹ ਮੈਡੀਕਲ ਅਫਸਰ, ਤੇਜਿੰਦਰ ਸਿੰਘ ਬੀ. ਈ. ਈ, ਸੀ. ਐੱਚ. ਓ., ਐੱਲ. ਐੱਚ. ਵੀ. ਅਤੇ ਏ. ਐੱਨ. ਐੱਮ. ਸ਼ਾਮਿਲ ਹੋਏ।ਜ਼ਿਲਾ ਟੀਕਾਕਰਣ ਅਫਸਰ ਡਾ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ।ਇਸ ਲਈ ਉਨ੍ਹਾਂ ਨੇ ਜ਼ਿਲੇ ਭਰ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਹਾ ਕਿ ਸਾਰੀਆਂ ਸਿਹਤ ਸੰਸਥਾਵਾਂ ਵਿਚ ਮਿਆਰੀ ਅਤੇ ਉੱਚ ਪੱਧਰੀ ਸਿਹਤ ਸਹੂਲਤਾਂ ਦੇਣਾਂ ਯਕੀਨੀ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਜ਼ਰੂਰੀ ਸਿਹਤ ਸਹੂਲਤਾਂ ਮਿਲਣ। ਇਸ ਮੌਕੇ ਦਸਤ ਰੋਕੂ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੱਚਿਆਂ ਨੂੰ ਬਰਸਾਤ ਦੇ ਮੌਸਮ ਵਿੱਚ ਦਸਤ ਰੋਗਾਂ ਤੋਂ ਬਚਾਅ ਲਈ 1 ਜੁਲਾਈ ਤੋਂ 31 ਅਗਸਤ ਤੱਕ ਡਾਇਰੀਆ ਕੰਟਰੋਲ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਹਰੇਕ ਸਿਹਤ ਕੇਂਦਰ ਵਿਚ ਓਆਰਐੱਸ ਤੇ ਜ਼ਿੰਕ ਕਾਰਨਰ ਬਣਾਏ ਗਏ ਹਨ। ਡਾ. ਇਸ਼ਿਤਾ ਵੱਲੋਂ ਸਮੂਹ ਐੱਲ. ਐੱਚ. ਵੀ., ਸੀ. ਐੱਚ. ਓ. ਅਤੇ ਏ. ਐੱਨ. ਐੱਮ. ਨੂੰ ਟੀਕਾਕਰਣ ਸਰਵੇ ਸਬੰਧੀ ਜਾਣਕਾਰੀ ਦਿੱਤੀ ਤੇ ਕਰਮਚਾਰੀਆਂ ਨੂੰ ਮੀਜ਼ਲ ਰੂਬੇਲਾ ਦੇ ਆਪਣੇ ਟੀਚੇ 100 ਪ੍ਰਤੀਸ਼ਤ ਪੂਰੇ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ।



# ਲਾਇਨਜ਼ ਕਲੱਬ ਬਟਾਲਾ ਸੰਗਮ ਸਰਵ ਨੇ ਸਰਟੀਫਿਕੇਟ ਵੰਡ ਸਮਾਰੋਹ ਕਰਵਾਇਆ




**ਬਟਾਲਾ (ਤਰਲੋਕ ਬੱਗਾ)**-ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਤਹਿਤ ਲਾਇਨਜ਼ ਕਲੱਬ ਬਟਾਲਾ ਸੰਗਮ ਸਰਵ ਵੱਲੋਂ 25 ਜ਼ਰੂਰਤਮੰਦ ਲੜਕੀਆਂ ਨੂੰ ਸਰਟੀਫਿਕੇਟ ਅਤੇ ਲੇਡੀਜ਼ ਸੂਟ ਵੰਡਣ ਲਈ ਇਕ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਸਥਾਨਕ ਡੇਰਾ ਰੋਡ ਸਥਿਤ ਇੰਦਰ ਮਾਰਕੀਟ ਵਿਖੇ ਕਲੱਬ ਸਰਪ੍ਰਸਤ ਲਾਇਨ ਰਵਿੰਦਰ ਸੋਨੀ ਅਤੇ ਪ੍ਰਧਾਨ ਲਾਇਨ ਜਗਤਪਾਲ ਮਹਾਜਨ ਦੀ ਸਾਂਝੀ ਪ੍ਰਧਾਨਗੀ ਹੇਠ ਕੀਤਾ ਗਿਆ, ਜਿਸ ਵਿਚ ਸ਼ਹਿਰ ਦੀਆਂ ਨਾਮਵਰ ਚਾਰ ਕਲੱਬਾਂ ਲਾਇਨਜ਼ ਕਲੱਬ ਬਟਾਲਾ ਸਮਾਈਲ ਵੱਲੋਂ ਡਾ. ਗਗਨ ਖਿੰਦੜੀਆ, ਲਾਇਨਜ਼ ਕਲੱਬ ਬਟਾਲਾ ਫਤਿਹ ਵੱਲੋਂ ਪ੍ਰਧਾਨ ਸ਼ਸ਼ੀ ਢੱਲ ਤੇ ਕਮਲਜੀਤ ਸਿੰਘ ਮਠਾਰੂ, ਲਾਇਨਜ਼ ਕਲੱਬ ਬਟਾਲਾ ਸੰਗਮ ਤੇ ਲਾਇਨਜ਼ ਕਲੱਬ ਬਟਾਲਾ ਐਕਸ਼ਨ ਸਰਵ ਵੱਲੋਂ ਪ੍ਰਧਾਨ ਮਨਜੀਤ ਸਿੰਘ ਸੋਨੂੰ ਤੇ ਮੀਤ ਪ੍ਰਧਾਨ ਦਲਜੀਤ ਸਿੰਘ ਲਾਡੀ ਆਦਿ ਪਹੁੰਚੇ, ਜਦਕਿ ਸਮਾਰੋਹ ਦੇ ਮੁੱਖ ਮਹਿਮਾਨ ਡਿਸਟ੍ਰਿਕਟ 321-ਡੀ ਦੇ ਵਾਈਸ ਡਿਸਟ੍ਰਿਕਟ ਗਵਰਨਰ-1 ਲਾਇਨ ਵੀ. ਐੱਮ. ਗੋਇਲ ਸਨ।ਇਸ ਦੌਰਾਨ ਲਾਇਨਜ਼ ਕਲੱਬ ਸੰਗਮ ਸਰਵ ਦੇ ਮੀਤ ਪ੍ਰਧਾਨ ਲਾਇਨ ਸੰਜੀਵ ਮਹਿਤਾ, ਸਕੱਤਰ ਲਾਇਨ ਰੋਹਿਤ ਅਗਰਵਾਲ, ਖਜ਼ਾਨਚੀ ਲਾਇਨ ਰਾਜਿੰਦਰ ਸ਼ਰਮਾ, ਪੀ. ਆਰ. ਓ. ਲਾਇਨ ਜਤਿੰਦਰ ਸੈਮੀ, ਲਾਇਨ ਸੁਰਜੀਤ ਸਿੰਘ, ਲਾਇਨ ਲਵਪ੍ਰੀਤ ਸਿੰਘ ਕਾਹਲੋਂ, ਲਾਇਨ ਰਾਕੇਸ਼ ਤੁੱਲੀ, ਲਾਇਨ ਸੁਰਿੰਦਰ ਸਿੰਘ ਰਿਆੜ, ਲਾਇਨ ਲਾਲੀ ਮਠਾਰੂ, ਲਾਇਨ ਬਾਂਸਲ ਤੇ ਲਾਇਨ ਦਲਜੀਤ ਸਿੰਘ ਵੀ ਪਹੁੰਚੇ।ਸਮਾਰੋਹ ਦਾ ਆਗਾਜ਼ ਮੁੱਖ ਮਹਿਮਾਨ ਲਾਇਨ ਵੀ. ਐੱਮ. ਗੋਇਲ ਸਮੇਤ ਵੱਖ-ਵੱਖ ਕਲੱਬਾਂ ਦੇ ਪ੍ਰਧਾਨਾਂ ਤੇ ਅਹੁਦੇਦਾਰਾਂ ਨੂੰ ਫੁੱਲਮਾਲਾਵਾਂ ਪਹਿਨਾ ਕੇ ਲਾਇਨਜ਼ ਕਲੱਬ ਸੰਗਮ ਸਰਵ ਨੇ ਜੀ ਆਇਆਂ ਨੂੰ ਆਖਿਆ।ਉਪਰੰਤ ਸਿਲਾਈ ਕੇਂਦਰ ਵਿਚ ਸਿਖਲਾਈ ਪ੍ਰਾਪਤ ਕਰਨ ਲਈ ਆਉਂਦੀਆਂ ਲੜਕੀਆਂ ਨੇ ਪ੍ਰਭੂ ਵੰਦਨਾ ਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਜਦਕਿ ਸਰਪ੍ਰਸਤ ਲਾਇਨ ਸੋਨੀ ਅਤੇ ਪ੍ਰਧਾਨ ਲਾਇਨ ਜਗਤਪਾਲ ਨੇ ਸਿਲਾਈ ਸੈਂਟਰ 'ਚ ਸਰਟੀਫਿਕੇਟ ਲੈਣ ਲਈ ਪਹੁੰਚੀਆਂ ਲੜਕੀਆਂ ਤੇ ਹਾਜ਼ਰ ਸਿਲਾਈ ਟੀਚਰਾਂ ਨਾਲ ਮੁੱਖ ਮਹਿਮਾਨ ਲਾਇਨ ਗੋਇਲ ਦੀ ਜਾਣ-ਪਛਾਣ ਕਰਵਾਉਂਦਿਆਂ ਸਮਾਜ ਵਿਚ ਇਨ੍ਹਾਂ ਦੇ ਯੋਗਦਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸਮਾਜਿਕ ਪ੍ਰਾਜੈਕਟਾਂ 'ਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਸਾਲ 2024-25 ਦੀ ਸ਼ੁਰੂਆਤ ਵਿਚ ਇਹ ਪਹਿਲਾ ਸਮਾਜਿਕ ਪ੍ਰਾਜੈਕਟ ਪ੍ਰਧਾਨ ਜਗਤਪਾਲ ਮਹਾਜਨ ਦੀ ਰਹਿਨੁਮਾਈ ਹੇਠ ਕੀਤਾ ਗਿਆ। ਸਿਲਖਾਈ ਕੋਰਸ ਪੂਰਾ ਕਰਨ ਵਾਲੀਆਂ 25 ਲੋੜਵੰਦ ਲੜਕੀਆਂ ਨੂੰ ਮੁੱਖ ਮਹਿਮਾਨ ਲਾਇਨ ਗੋਇਲ ਸਮੇਤ ਹੋਰ ਮੌਜੂਦ ਹਸਤੀਆਂ ਵੱਲੋਂ ਸਰਟੀਫਿਕੇਟ ਅਤੇ ਲੇਡੀਜ਼ ਸੂਟ ਵੰਡੇ ਗਏ ਹਨ ਜੋ ਕਿ ਕਲੱਬ ਦਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।ਵੀ. ਡੀ. ਜੀ-1 ਲਾਇਨ ਵੀ. ਐੱਮ. ਗੋਇਲ ਨੇ ਕਿਹਾ ਕਿ ਉਹ ਇਸ ਕਲੱਬ ਵੱਲੋਂ ਸਮੇਂ-ਸਮੇਂ 'ਤੇ ਕੀਤੇ ਜਾਂਦੇ ਸਮਾਜਿਕ ਪ੍ਰਾਜੈਕਟਾਂ ਤੋਂ ਪੂਰੀ ਤਰ੍ਹਾਂ ਖੁਸ਼ ਹਨ।'

# ਧਾਲੀਵਾਲ ਨੇ ਅਜਨਾਲਾ ਹਲਕੇ ਦੇ 31 ਸਕੂਲਾਂ ਨੂੰ ਵੰਡੀ 30 ਲੱਖ ਰੁਪਏ ਦੀ ਰਾਸ਼ੀ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**- ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਹਲਕੇ ਦੇ 31 ਸਕੂਲਾਂ ਨੂੰ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਕਰਨ ਲਈ 30 ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਜਾਰੀ ਕੀਤੇ।ਇਸ ਮੌਕੇ ਉਹਨਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬੀਆਂ ਦੀਆਂ ਹਰ ਲੋੜਾਂ ਪੂਰੀਆਂ ਕਰਨ ਲਈ ਸੁਹਿਰਦ ਯਤਨ ਕਰ ਰਹੇ ਹਨ ਅਤੇ ਬੱਚਿਆਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਦੇਣਾ ਇਸ ਸੋਚ ਦਾ ਇੱਕ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਪਿੰਡ ਘੋਨੇਵਾਲ ਨੂੰ ਵਿਕਾਸ ਕਾਰਜਾਂ ਲਈ ਤਿੰਨ ਲੱਖ ਰੁਪਏ ਦੀ ਰਾਸ਼ੀ ਵੀ ਜਾਰੀ ਕੀਤੀ ਗਈ ਹੈ।ਮੁੱਢਲਾ ਸਿਹਤ ਕੇਂਦਰ ਰਮਦਾਸ ਨੂੰ ਇਸੇ ਪ੍ਰੋਜੈਕਟ ਅਧੀਨ ਪੌਣੇ ਦੋ ਲੱਖ ਰੁਪਏ ਦੀ ਰਾਸ਼ੀ ਅਤੇ ਗੌਰਮਿੰਟ ਕਾਲਜ ਅਜਨਾਲਾ ਨੂੰ ਇੱਕ ਲੱਖ ਰੁਪਏ ਦੇ ਰਕਮ ਜਾਰੀ ਕੀਤੀ ਗਈ ਹੈ।ਧਾਲੀਵਾਲ ਨੇ ਕਿਹਾ ਕਿ ਬਾਕੀ ਰਹਿ ਗਿਆ ਸਕੂਲਾਂ ਨੂੰ ਵੀ ਇਹ ਰਕਮ ਛੇਤੀ ਜਾਰੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਅਜਨਾਲਾ ਹਲਕਾ ਜੋ ਕਿ ਕਿਸੇ ਵੇਲੇ ਸਰਹੱਦੀ ਖੇਤਰ ਦਾ ਪਛੜਿਆ ਹੋਇਆ ਵਿਧਾਨ ਸਭਾ ਹਲਕਾ ਸਮਝਿਆ ਜਾਂਦਾ ਸੀ।ਆਉਣ ਵਾਲੇ ਸਮੇਂ ਵਿੱਚ ਇਹ ਪੰਜਾਬ ਦਾ ਵਿਕਾਸ ਪੱਖੋਂ ਮੋਹਰੀ ਹਲਕਾ ਹੋਵੇਗਾ।ਇਸ ਮੌਕੇ ਐੱਸਡੀਐੱਮ ਅਰਵਿੰਦਰ ਪਾਲ ਸਿੰਘ, ਬੀਈਈਓ ਦਲਜੀਤ ਸਿੰਘ, ਸੀਐਚਟੀ ਮੈਡਮ ਸਤਵਿੰਦਰ ਕੌਰ ਗਿੱਲ,ਡੀ ਐੱਸ ਪੀ ਰਾਜ ਕੁਮਾਰ, ਤਹਿਸੀਲਦਾਰ ਲਛਮਣ ਸਿੰਘ, ਸਰਬਜੋਤ ਸਿੰਘ, ਰਾਜਪਾਲ ਸਿੰਘ, ਤਰਨਜੀਤ ਸਿੰਘ ਜ਼ਿਲਾ ਸੀਨੀਅਰ ਮੀਤ ਪ੍ਰਧਾਨ, ਪ੍ਰਧਾਨ ਅਮਿਤ ਔਲ, ਪ੍ਰਧਾਨ ਹਰਪਾਲ ਸਿੰਘ, ਗਗਨਦੀਪ ਸਿੰਘ ਛੀਨਾ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਆਦਿ ਹਾਜ਼ਰ ਸਨ।

22-JULY-PAGE-12.qxd 7/21/2024 10:44 PM Page 1



## ਜਨਮ ਦਿਨ ਮੁਬਾਰਕ



ਮਨਵੀਰ ਸਿੰਘ, ਅੰਮ੍ਰਿਤਸਰ

## ਵਰ੍ਹੇਗੰਢ ਮੁਬਾਰਕ



ਵਿਰਗਟ ਸਿੰਘ ਤੇ ਪਰਮਜੀਤ ਕੌਰ ਵਾਸੀ ਪਿੰਡ ਕੋਟ ਯੋਗਰਾਜ ਨੇ ਵਿਆਹ ਦੀ ਅੱਠਵੀਂ ਵਰ੍ਹੇਗੰਢ ਮਨਾਈ

# ਸੰਤ ਸਤਵਿੰਦਰ ਹੀਰਾ ਚਰਨਛੋਹ ਗੰਗਾ ਖੁਰਾਲਗੜ੍ਹ ਹੋਏ ਨਤਮਸਤਕ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬੀ ਐਸ ਸੈਣੀ)**- ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਆਪਣੀ ਇੰਗਲੈਂਡ ਅਤੇ ਯੋਰਪ ਦੇ ਵੱਖੋ ਵੱਖ ਸ਼ਹਿਰਾਂ ਵਿੱਚ ਆਦਿ ਧਰਮ ਪ੍ਰਚਾਰ ਯਾਤਰਾ ਤੋਂ ਬਾਅਦ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ੍ਹ ਸਾਹਿਬ ਪਹੁੰਚ ਕੇ ਨਤਮਸਤਕ ਹੋਏ, ਜਿਥੇ ਉਨਾਂ ਸਤਿਗੁਰੂ ਰਵਿਦਾਸ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਸੰਤ ਸਤਵਿੰਦਰ ਹੀਰਾ, ਸੰਤ ਬੀਬੀ ਪੂਨਮ ਹੀਰਾ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਨਿੱਘਾ ਤੇ ਭਰਪੂਰ ਸਵਾਗਤ ਕੀਤਾ।ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਵਸ ਰਹੀਆਂ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਵਲੋਂ ਉਨਾਂ ਨੂੰ ਵਿਦੇਸ਼ ਯਾਤਰਾ ਦੌਰਾਨ ਬਹੁਤ ਸਤਿਕਾਰ ਤੇ ਪਿਆਰ ਮਿਲਿਆ ਹੈ ਅਤੇ ਵਿਦੇਸ਼ਾਂ ਵਿਚ ਹੋਏ ਆਦਿ ਧਰਮ ਸਤਿਸੰਗ ਪ੍ਰੋਗਰਾਮਾਂ ਵਿਚ ਸੰਗਤਾਂ ਦੀ ਭਾਰੀ ਹਾਜ਼ਰੀ ਨਾਲ ਆਦਿ ਧਰਮ ਲਹਿਰ ਪ੍ਰਚੰਡ ਹੋਈ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਆਦਿ ਧਰਮ ਸਤਿਸੰਗ ਹੋਰ ਵੱਡੀ ਪੱਧਰ 'ਤੇ ਕਰਵਾਉਣ ਲਈ ਅਤੇ ਇੰਗਲੈਂਡ ਤੋਂ ਇਲਾਵਾ ਦੂਜੇ ਹੋਰ ਦੇਸ਼ਾਂ ਦੀਆਂ ਸੰਗਤਾਂ ਵਿੱਚ ਵੀ ਭਾਰੀ ਉਤਸ਼ਾਹ ਅਤੇ ਖੁਸ਼ੀ ਪੈਦਾ ਹੋਈ ਹੈ। ਉਨਾਂ ਦੱਸਿਆ ਕਿ ਇਨ੍ਹਾਂ ਪ੍ਰੋਗਰਾਮਾਂ ਸਮੇਂ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਵਾਈਸ ਪ੍ਰਧਾਨ ਗਿਆਨ ਚੰਦ ਦੀਵਾਲੀ ਵੀ ਉਨਾਂ ਦੇ ਨਾਲ ਹਾਜ਼ਰ ਰਹੇ। ਉਨਾਂ ਦੱਸਿਆ ਕਿ ਜਲਦ ਹੀ ਇਕ ਵਿਸ਼ਵ ਪੱਧਰੀ ਆਦਿ ਧਰਮ ਸੰਗਠਨ ਤਿਆਰ ਕਰਕੇ ਵਿਸ਼ਵ ਪੱਧਰੀ ਆਦਿ ਧਰਮ ਸਮਾਗਮ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ ਜਿਸ ਵਿਚ ਇੰਗਲੈਂਡ ਦੀ ਆਦਿ ਧਰਮ ਯੂਨਿਟ ਦਾ ਵਿਸ਼ੇਸ਼ ਉਪਰਾਲਾ ਤੇ ਯੋਗਦਾਨ ਹੋਵੇਗਾ। ਇਸ ਮੌਕੇ ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ, ਹੈਡ ਕੈਸ਼ੀਅਰ ਸੰਤ ਕਰਮ ਚੰਦ, ਸੁਖਦੇਵ ਲੰਗਾਹ ਜਰਨਲ ਸਕੱਤਰ, ਹੈਡ ਗ੍ਰੰਥੀ ਸੰਤ ਗਿਰਧਾਰੀ ਲਾਲ, ਸੰਤ ਦਿਆਲ ਚੰਦ ਬੰਗਾ ਵਾਇਸ ਪ੍ਰਧਾਨ ਪੰਜਾਬ, ਮੇਜਰ ਸਿੰਘ ਘਟਾਰੋਂ, ਹਰਭਜਨ ਸਿੰਘ ਬਸੀ ਮੈਂਬਰ,ਬਲਵੀਰ ਮਹੇ ਮੈਂਬਰ ਵੀ ਹਾਜ਼ਰ ਸਨ।

# ਇਨੋਸੈਂਟ ਹਾਰਟਸ ਸਕੂਲ ਨੂਰਪੁਰ ਦੀ ਭੰਗੜਾ ਟੀਮ ਨੂੰ ਭੰਗੜਾ ਮੁਕਾਬਲੇ 'ਚ ਦੂਜਾ ਸਥਾਨ



**ਜਲੰਧਰ (ਸ਼ੈਲੀ ਐਲਬਰਟ)**-ਭੰਗੜਾ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਹੈ ਅਤੇ ਇਸ ਜੋਸ਼ੀਲੇ ਨਾਚ ਨੇ ਸਾਨੂੰ ਬਹੁਤ ਮਾਣ ਮਹਿਸੂਸ ਕਰਵਾਇਆ ਹੈ, ਕਿਉਂਕਿ ਇਨੋਸੈਂਟ ਹਾਰਟਸ ਸਕੂਲ, ਨੂਰਪੁਰ ਦੇ ਸਾਡੇ ਬੱਚਿਆਂ ਨੇ ਸਹੋਦਿਆ ਅੰਤਰ-ਸਕੂਲ ਭੰਗੜਾ ਮੁਕਾਬਲੇ 2024-2025 ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਹ ਮੁਕਾਬਲਾ ਬਾਵਾ ਲਲਵਾਨੀ ਪਬਲਿਕ ਸਕੂਲ, ਕਪੂਰਥਲਾ ਵਿਖੇ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਭਰ ਦੀਆਂ 26 ਟੀਮਾਂ ਨੇ ਭਾਗ ਲਿਆ ਅਤੇ ਸਾਡੀ ਟੀਮ ਦੂਜੇ ਸਥਾਨ ਦੀ ਟਰਾਫੀ ਨਾਲ ਜੇਤੂ ਰਹੀ।ਇਹ ਪ੍ਰਾਪਤੀ ਸਾਡੇ ਵਿਦਿਆਰਥੀਆਂ ਦੀ ਪੂਰੀ ਲਗਨ ਅਤੇ ਸਾਡੇ ਭੰਗੜਾ ਕੋਚ ਕਮਲਦੀਪ ਦੇ ਅਟੁੱਟ ਸਹਿਯੋਗ ਅਤੇ ਮਾਰਗਦਰਸ਼ਨ ਦਾ ਸਿੱਟਾ ਹੈ। ਡਾਇਰੈਕਟਰ ਮੀਨਾਕਸ਼ੀ ਸ਼ਰਮਾ ਅਤੇ ਪ੍ਰਿੰਸੀਪਲ ਜਸਮੀਤ ਨੇ ਇਸ ਪ੍ਰਾਪਤੀ ਲਈ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਕੋਚ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਖੱਸਣ ਤੋਂ ਤਲਵਾੜਾ ਸੜਕ 'ਤੇ ਗੰਦੇ ਪਾਣੀ ਦਾ ਲੱਗਾ ਛੱਪੜ, ਰਾਹਗੀਰ ਪ੍ਰੇਸ਼ਾਨ



**ਭੁਲੱਥ, (ਮਨਪ੍ਰੀਤ ਸਿੰਘ)**- ਸਬ ਡਵੀਜ਼ਨ ਕਸਬਾ ਭੁਲੱਥ ਦੇ ਨਾਲ ਲੱਗਦੇ ਪਿੰਡ ਖੱਸਣ ਤੋਂ ਤਲਵਾੜਾ ਸੜਕ 'ਤੇ ਗੰਦਾ ਪਾਣੀ ਇਕੱਠਾ ਹੋ ਕੇ ਛੱਪੜ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ, ਜਿਸ ਕਰਕੇ ਖੱਸਣ ਤੋਂ ਤਲਵਾੜਾ ਤੇ ਹੋਰ ਨਾਲ ਲੱਗਦੇ ਪਿੰਡਾਂ ਨੂੰ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੂਜੇ ਪਾਸੇ ਸੜਕ 'ਤੇ ਹੋਇਆ ਇਕੱਠਾ ਗੰਦਾ ਪਾਣੀ ਬਿਮਾਰੀਆਂ ਨੂੰ ਸੱਦਾ ਦੇ ਸਕਦਾ ਹੈ। ਜਦੋਂ ਇਸ ਸਬੰਧੀ ਪਿੰਡ ਖੱਸਣ ਦੇ ਸਰਪੰਚ ਸਤਵਿੰਦਰ ਸਿੰਘ ਸ਼ੇਰਗਿੱਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ 95% ਪਿੰਡ ਦੇ ਵਿਕਾਸ ਦਾ ਕੰਮ ਉਹ ਕਰਵਾ ਚੁੱਕੇ ਹਨ ਤੇ ਬਿਨਾਂ ਕਿਸੇ ਭੇਦ-ਭਾਵ ਦੇ ਗਲੀਆਂ, ਨਾਲੀਆਂ ਤੇ ਹੋਰ ਵਿਕਾਸ ਦੇ ਕੰਮ ਕਰਨ ਨੂੰ ਤਰਜੀਹ ਦਿੰਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਪਾਈਪ ਲਾਈਨ ਪਾ ਕੇ ਪਿੰਡ ਦੇ ਇਸ ਛੱਪੜ ਨੂੰ ਕਾਲੀ ਵੇਈਂ ਤੋਂ ਪਾਰ ਸਾਡੀ ਪੰਚਾਇਤ ਦੀ ਜ਼ਮੀਨ ਪੌਣੇ ਤਿੰਨ ਕਿੱਲੇ ਹੈ, ਉਥੇ ਲੈ ਕੇ ਜਾਣਾ ਚਾਹੁੰਦੇ ਸੀ ਤੇ ਅਸੀਂ ਇਥੋਂ ਛੱਪੜ ਹੀ ਚੁੱਕ ਦੇਣਾ ਸੀ ਤੇ ਇਸ ਜਗ੍ਹਾ 'ਤੇ ਵਧੀਆ ਪਾਰਕ ਬਣਾ ਕੇ ਵਧੀਆ ਉਪਰਾਲਾ ਕਰਨਾ ਚਾਹੁੰਦੇ ਸੀ ਤਾਂ ਕਿ ਇਸ ਜਗ੍ਹਾ 'ਤੇ ਕੋਈ ਵੀ ਲੋੜਵੰਦ ਲੋਕ ਸਾਂਝੇ ਤੌਰ 'ਤੇ ਆਪਣਾ ਕੋਈ ਵੀ ਪ੍ਰੋਗਰਾਮ ਕਰ ਸਕਦੇ ਸਨ, ਜਿਸ ਦੇ ਨਾਲ ਪਿੰਡ ਦੇ ਨਾਲ ਲੱਗਦੇ ਛੱਪੜ ਨੂੰ ਚੁੱਕ ਕੇ ਸਫਾਈ ਵੀ ਹੋ ਜਾਣੀ ਸੀ ਤੇ ਵਿਕਾਸ ਦਾ ਕੰਮ ਵਧੀਆ ਹੋ ਜਾਣਾ ਸੀ, ਪਰ ਕੁਝ ਲੋਕਾਂ ਵੱਲੋਂ ਉਸ ਸਮੇਂ ਕੰਮ ਰੁਕਵਾ ਦਿੱਤਾ ਸੀ, ਜਿਸ ਕਰਕੇ ਕੰਮ ਉਥੇ ਦਾ ਉਥੇ ਹੀ ਰੋਕ ਦਿੱਤਾ ਗਿਆ, ਪਰ ਆਪਾਂ ਅੱਜ ਵੀ ਪਿੰਡ ਦੇ ਵਿਕਾਸ ਲਈ ਹਮੇਸ਼ਾ ਤਿਆਰ ਰਹੀਦਾ ਹੈ ਤੇ ਆਉਣ ਵਾਲੇ ਸਮੇਂ ਅੰਦਰ ਵੀ ਵਿਕਾਸ ਦੇ ਕੰਮ ਕਰਵਾਉਂਦੇ ਰਹਾਂਗੇ ।

# ਪ ਸ ਸ ਫ ਜਲੰਧਰ ਦੀ ਮੀਟਿੰਗ 'ਚ ਬਲਾਕ/ਤਹਿਸੀਲ ਪੱਧਰੀ ਰੈਲੀਆਂ ਕਰਨ ਦਾ ਐਲਾਨ

## ਰਣਬੀਰ ਢਿੱਲੋਂ ਸਮੇਤ ਸਦੀਵੀ ਵਿਛੋੜਾ ਦੇ ਗਏ ਸਾਥੀਆਂ ਨੂੰ ਸ਼ਰਧਾਂਜਲੀ ਕੀਤੀ ਭੇਟ



**ਜਲੰਧਰ (ਰਾਜੇਸ਼ ਥਾਪਾ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਜਮਹੂਰੀ ਲਹਿਰ ਦੇ ਸੰਘਰਸ਼ਸ਼ੀਲ ਰਹੇ ਸਾਥੀਆਂ ਰਣਬੀਰ ਸਿੰਘ ਢਿੱਲੋਂ, ਕੁਲਵੰਤ ਸਿੰਘ ਕਿਰਤੀ ਅਤੇ ਅਰਸਾਲ ਸਿੰਘ ਸੰਧੂ ਸਮੇਤ ਪਿਛਲੇ ਦਿਨਾਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਸਾਥੀਆਂ ਨੂੰ ਮੌਨ ਸ਼ਰਧਾਂਜਲੀ ਭੇਟ ਕਰਦੇ ਹੋਏ ਉਨ੍ਹਾਂ ਦੇ ਪਰਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਵਿੱਚ ਜਥੇਬੰਦੀ ਦੇ ਪਿਛਲੇ ਦਿਨੀਂ ਕੀਤੇ ਗਏ ਸੰਘਰਸ਼ ਸੰਬੰਧੀ ਰੀਵਿਊ ਕੀਤਾ ਗਿਆ।ਮੀਟਿੰਗ ਨੂੰ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ 14 ਜੁਲਾਈ ਦੀ ਲੁਧਿਆਣਾ ਮੀਟਿੰਗ ਦੇ ਫੈਸਲੇ ਅਨੁਸਾਰ ਪੰਜਾਬ ਭਰ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀਆਂ 22 ਜੁਲਾਈ ਤੋਂ 14 ਅਗਸਤ ਤੱਕ ਕੀਤੀਆਂ ਜਾ ਰਹੀਆਂ ਬਲਾਕ/ ਤਹਿਸੀਲ ਪੱਧਰੀ ਰੈਲੀਆਂ ਕਰਨ ਦਾ ਅਤੇ 6 ਅਕਤੂਬਰ ਨੂੰ ਸੂਬਾਈ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਨੇ ਦੱਸਿਆ ਕਿ ਸੂਬਾ ਕਮੇਟੀ ਦੇ ਉਲੀਕੇ ਐਕਸ਼ਨ ਪ੍ਰੋਗਰਾਮ ਨੂੰ ਲਾਗੂ ਕਰਨ ਅਤੇ ਕਾਮਯਾਬ ਕਰਨ ਲਈ 30 ਜੁਲਾਈ ਨੂੰ ਆਦਮਪੁਰ ਵਿਖੇ ਪੁਸ਼ਪਿੰਦਰ ਕੁਮਾਰ ਵਿਰਦੀ ਅਤੇ ਨੂਰਮਹਿਲ ਵਿਖੇ ਕੁਲਦੀਪ ਵਾਲੀਆ ਅਤੇ ਅਕਲ ਚੰਦ ਸਿੰਘ, 6 ਅਗਸਤ ਫਿਲੌਰ ਵਿਖੇ ਨਿਰਮੋਲਕ ਸਿੰਘ ਹੀਰਾ ਅਤੇ ਕਰਨੈਲ ਫਿਲੌਰ, 10 ਅਗਸਤ ਨੂੰ ਨਕੋਦਰ ਵਿਖੇ ਪੁਸ਼ਪਿੰਦਰ ਕੁਮਾਰ ਵਿਰਦੀ ਅਤੇ ਤੀਰਥ ਸਿੰਘ ਬਾਸੀ, 16 ਅਗਸਤ ਨੂੰ ਗੁਰਾਇਆ ਲਈ ਨਿਰਮੋਲਕ ਸਿੰਘ ਹੀਰਾ ਅਤੇ ਤੀਰਥ ਸਿੰਘ ਬਾਸੀ ਅਤੇ 22 ਅਗਸਤ ਲਈ ਜਲੰਧਰ ਸ਼ਹਿਰੀ ਲਈ ਗੋਬਿੰਦ ਅਤੇ ਪੁਸ਼ਪਿੰਦਰ ਕੁਮਾਰ ਵਿਰਦੀ ਆਦਿ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਜੋ ਬਲਾਕ/ ਤਹਿਸੀਲ ਪੱਧਰੀ ਰੈਲੀਆਂ ਦੀ ਅਗਵਾਈ ਕਰਨਗੇ। ਰੈਲੀਆਂ ਨੂੰ ਸਫ਼ਲਤਾ ਪੂਰਵਕ ਕਾਮਯਾਬ ਕਰਨ ਲਈ ਬਲਾਕਾਂ ਦੇ ਲੋਕਲ ਆਗੂਆਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ਹਨ।ਇੱਕ ਵੱਖਰਾ ਮਤਾ ਪਾਸ ਕਰਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਗਈ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਨਾਲ 25 ਜੁਲਾਈ ਨੂੰ ਮੀਟਿੰਗ ਕਰਨ ਦੇ ਦਿੱਤੇ ਭਰੋਸੇ ਨੂੰ ਗੰਭੀਰਤਾ ਨਾਲ ਲਾਗੂ ਕਰਦੇ ਹੋਏ, 25 ਜੁਲਾਈ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਦਾ ਐਲਾਨ ਤੁਰੰਤ ਕਰਨ ਤਾਂ ਜੋ ਪੰਜਾਬ ਸਰਕਾਰ ਪ੍ਰਤੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਨਾਂ ਵਿੱਚ ਜੋ ਗੁੱਸਾ ਭੜਕ ਰਿਹਾ ਹੈ,ਉਹ ਕੁੱਝ ਠੰਢਾ ਹੋ ਸਕੇ।ਮੀਟਿੰਗ ਵਿੱਚ ਪ ਸ ਸ ਫ ਦੇ ਜ਼ਿਲ੍ਹਾ ਸਕੱਤਰ ਨਿਰਮੋਲਕ ਸਿੰਘ ਹੀਰਾ, ਕੈਸ਼ੀਅਰ ਅਕਲ ਚੰਦ ਸਿੰਘ ਪ੍ਰੈਸ ਸਕੱਤਰ ਪਰਨਾਮ ਸਿੰਘ ਸੈਣੀ, ਜੁਆਇੰਟ ਸਕੱਤਰ ਕੁਲਦੀਪ ਵਾਲੀਆ ਮੀਤ ਪ੍ਰਧਾਨ ਸਤਵਿੰਦਰ ਸਿੰਘ, ਗੋਪਾਲ ਸਿੰਘ, ਪੂਰਨ ਸਿੰਘ, ਰਜਿੰਦਰ ਮਹਿਤਪੁਰ, ਨਰੇਸ਼ ਕੁਮਾਰ ਕੁਲਬੀਰ ਸਿੰਘ ਸ਼ਾਹਕੋਟ, ਸੁਖ ਦਿਆਲ ਸਿੰਘ, ਤਰਲੋਕ ਸਿੰਘ, ਬਲਜੀਤ ਸਿੰਘ, ਓਮ ਪ੍ਰਕਾਸ਼, ਰਤਨ ਸਿੰਘ ਕਰਮਜੀਤ ਸਿੰਘ ਸੋਨੂ, ਬਲਵੀਰ ਸਿੰਘ ਗੁਰਾਇਆ, ਸੂਰਜ ਕੁਮਾਰ ਗੁਰਾਇਆ, ਨਸੀਬ ਚੰਦ, ਜਗੀਰ ਸਿੰਘ, ਗੋਬਿੰਦ ਤੋਂ ਇਲਾਵਾ ਪ.ਸ, ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ ਅਤੇ ਰਤਨ ਸਿੰਘ ਆਦਿ ਸਾਥੀ ਹਾਜ਼ਰ ਸਨ।

# ਉਸਾਰੀ ਮਜ਼ਦੂਰਾਂ ਦੀਆਂ ਮੰਗਾਂ ਸੰਬੰਧੀ ਕਿਰਤ ਵਿਭਾਗ ਦੇ ਸਕੱਤਰ ਨਾਲ ਮੀਟਿੰਗ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਉਸਾਰੀ ਨਾਲ ਸੰਬੰਧਤ ਮਿਸਤਰੀਆਂ ਮਜ਼ਦੂਰਾਂ ਦੀ ਜਥੇਬੰਦੀ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਇਫਟੂ ਦੇ ਸੂਬਾ ਜਨਰਲ ਸਕੱਤਰ ਰਾਜ ਸਿੰਘ ਮਲੋਟ ਦੀ ਪ੍ਰਧਾਨਗੀ ਹੇਠ ਕਿਰਤ ਵਿਭਾਗ ਦੇ ਸਕੱਤਰ ਨਾਲ ਲੇਬਰ ਭਵਨ ਮੁਹਾਲੀ ਵਿਖੇ ਮੀਟਿੰਗ ਹੋਈ। ਇਫਟੂ ਦੇ ਸੂਬਾਈ ਜੁਆਇੰਟ ਸਕੱਤਰ ਅਵਤਾਰ ਸਿੰਘ ਤਾਰੀ ਅਤੇ ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਸ੍ਰੀ ਚਮਕੌਰ ਸਾਹਿਬ ਦੇ ਪ੍ਰਧਾਨ ਬਲਵਿੰਦਰ ਸਿੰਘ ਭੈਰੋਮਾਜਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਤੋਂ ਬਿਨਾਂ ਬਾਕੀ ਸਕੀਮਾਂ ਸਮੇਤ ਲਾਭਪਾਤਰੀ ਕਾਪੀਆਂ ਨੂੰ ਨਿਊ ਕਰਨ ਆਦਿ ਲਈ 27 ਨੰਬਰ ਫਾਰਮ ਦੀ ਸ਼ਰਤ ਨੂੰ ਹਟਾਇਆ ਗਿਆ, ਮਜ਼ਦੂਰਾਂ ਦੀਆਂ ਰੁਕੀਆਂ ਹੋਈਆਂ ਪੈਨਸ਼ਨਾਂ ਨੂੰ ਮੌਕੇ 'ਤੇ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਵਿੱਚ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਆਦਿ ਲਈ ਸੁਵਿਧਾ ਕੇਂਦਰਾਂ ਨੂੰ ਚਲਾ ਰਹੀ ਕੰਪਨੀ ਦੇ ਪ੍ਰਬੰਧਕਾਂ ਨੂੰ ਹਦਾਇਤਾਂ ਜਾਰੀ ਕਰਨ ਦਾ ਫੈਸਲਾ ਕੀਤਾ। ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਸੰਬੰਧੀ ਆਨਲਾਈਨ ਪ੍ਰਕਿਰਿਆ ਨੂੰ ਹੋਰ ਸਰਲ ਕਰਨ, ਸਹਾਇਕ ਕਿਰਤ ਕਮਿਸ਼ਨਰਾਂ ਨੂੰ ਮਜ਼ਦੂਰਾਂ ਦੇ ਰਜਿਸਟ੍ਰੇਸ਼ਨ ਸੰਬੰਧੀ ਮੁਆਵਜ਼ੇ ਤੇ ਹੋਰ ਕੇਸਾਂ ਦਾ ਨਿਪਟਾਰਾ ਕਰਨ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕਰਨ ਦਾ ਫੈਸਲਾ ਹੋਇਆ।ਯੂਨੀਅਨ ਆਗੂਆਂ ਵੱਲੋਂ ਲੇਬਰ ਚੌਕਾਂ ਦੀ ਰਿਪੇਅਰ, ਬੈਠਣ, ਆਰਾਮ ਕਰਨ ਤੇ ਨਵੇਂ ਲੇਬਰ ਚੌਕ ਬਣਾਉਣ ਸੰਬੰਧੀ ਲੋੜੀਂਦੇ ਫੰਡਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਮੰਗ ਕੀਤੀ ਅਤੇ ਕਿਹਾ ਕਿ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਵਿੱਚ ਸਭ ਤੋਂ ਵੱਧ ਲੇਬਰ ਵਿਭਾਗ ਦੇ ਅਧਿਕਾਰੀ ਅੜਿੱਕਾ ਬਣਦੇ ਹਨ। ਜਿਸ ਕਾਰਨ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਲਗਾਤਾਰ ਘਟਦੀ ਜਾ ਰਹੀ ਹੈ, ਕਿਉਂਕਿ ਕਾਪੀਆਂ ਨਿਊ ਕਰਨ ਲਈ ਵੀ ਸੁਵਿਧਾ ਕੇਂਦਰਾਂ ਤੋਂ ਲੈ ਕੇ ਲੇਬਰ ਦਫਤਰਾਂ ਵਿੱਚ ਮਜ਼ਦੂਰਾਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ। ਆਗੂਆਂ ਦੱਸਿਆ ਕਿ ਮੀਟਿੰਗ ਦੌਰਾਨ ਵਿਭਾਗ ਦੇ ਸਕੱਤਰ ਤੇ ਵਧੀਕ ਸਕੱਤਰ ਵੱਲੋਂ ਯੂਨੀਅਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਮਜ਼ਦੂਰਾਂ ਨੂੰ ਰਜਿਸਟ੍ਰੇਸ਼ਨ ਸੰਬੰਧੀ ਆ ਰਹੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਦਵਿੰਦਰ ਕੁਮਾਰ, ਸੁਖਦੇਵ ਸਿੰਘ, ਜੋਗਿੰਦਰ ਪਾਲ, ਅਵਤਾਰ ਸਿੰਘ ਅਤੇ ਜੀਵਨ ਸਿੰਘ ਆਦਿ ਆਗੂ ਹਾਜ਼ਰ ਸਨ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਰਜੁਨ ਐਵਾਰਡੀ ਫਿਲੌਰ ਪੁੱਜੇ



**ਫਿਲੌਰ (ਨਿਰਮਲ)**- ਪੰਜਾਬ ਦੇ ਨਾਮਵਰ ਵੇਟ ਲਿਫਟਰ ਅਰਜੁਨ ਐਵਾਰਡੀ (1982) ਤਾਰਾ ਸਿੰਘ ਸੂੰਢ ਅੱਜ ਆਪਣੇ ਸਾਥੀ ਹਰਦੀਪ ਸਿੰਘ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੰਜਾਬ ਵਿੱਚ ਖੇਡਾਂ ਨੂੰ ਪ੍ਰਮੋਟ ਕਰਨ ਅਤੇ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਹਟਾ ਕੇ ਖੇਡਾਂ ਵੱਲ ਲਗਾਉਣ ਸਬੰਧੀ ਫਿਲੌਰ ਵਿਖੇ ਪ੍ਰਿੰਸੀਪਲ ਪ੍ਰੇਮ ਕੁਮਾਰ ਵਾਈਸ ਚੇਅਰਮੈਨ ਪੰਜਾਬ ਸਿੱਖਿਆ ਬੋਰਡ ਨਾਲ ਵਿਸ਼ੇਸ਼ ਤੌਰ 'ਤੇ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਹਟਾ ਕੇ ਖੇਡਾਂ ਵੱਲ ਲਗਾਉਣ ਦੇ ਮੰਤਵ ਨਾਲ ਵਿਸ਼ੇਸ਼ ਮੀਟਿੰਗ ਕੀਤੀ ਅਤੇ ਇਸ ਮੁਹਿੰਮ ਤਹਿਤ ਸਹਿਯੋਗ ਦੇਣ ਲਈ ਵਿਚਾਰ ਗੋਸ਼ਟੀ ਕੀਤੀ । ਪ੍ਰਿੰਸੀਪਲ ਪ੍ਰੇਮ ਜੀ ਨੇ ਭਰੋਸਾ ਦਿਵਾਇਆ ਕਿ ਇਸ ਨੇਕ ਕੰਮ ਵਿੱਚ ਉਹ ਵਧ ਚੜ੍ਹ ਕੇ ਹਿੱਸਾ ਪਾਉਣਗੇ ਅਤੇ ਫਿਲੌਰ ਇਲਾਕੇ ਵਿੱਚ ਨੌਜਵਾਨਾਂ ਨਾਲ ਮੀਟਿੰਗਾਂ ਕਰਨਗੇ, ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਣਗੇ। ਇਸ ਸਬੰਧੀ ਪੰਚਾਂ, ਸਰਪੰਚਾਂ, ਨੰਬਰਦਾਰਾਂ, ਇਲਾਕੇ ਦੇ ਹੋਰ ਪਤਵੰਤੇ ਸੱਜਣਾਂ, ਪੱਤਰਕਾਰਾਂ ਨਾਲ ਵਿਸ਼ੇਸ਼ ਮੀਟਿੰਗ ਕਰਨਗੇ।

# ਦਿਸ਼ਾ ਦੀਪ ਨੇ ਪਾਰਕ ਨੂੰ ਮੁੜ ਸੁਰਜੀਤ ਕਰਨ ਲਈ ਲਿਆ ਗੋਦ, ਲਗਾਏ ਪੌਦੇ



**ਜਲੰਧਰ ( ਸ਼ੈਲੀ ਐਲਬਰਟ, ਰਾਜੇਸ਼ ਥਾਪਾ)**-ਬਹੁਮੰਤਵੀ ਸਮਾਜ ਸੇਵੀ ਸੰਸਥਾ ਦਿਸ਼ਾਦੀਪ ਅਤੇ ਨਿਸ਼ਕਾਮ ਸੇਵਾ ਵੈਲਫੇਅਰ ਸੋਸਾਇਟੀ ਜੋ ਕਿ ਸਵੱਛ ਭਾਰਤ ਅਭਿਆਨ, ਹਰਿਆ ਭਰਿਆ ਜਲੰਧਰ, ਨਸ਼ਾ ਮੁਕਤ ਸਮਾਜ, ਖੂਨਦਾਨ, ਨੇਤਰਦਾਨ ਅਤੇ ਐਚ ਆਈ ਵੀ ਏਡਜ਼ 'ਤੇ ਪਿਛਲੇ 15 ਵਰਿਆਂ ਤੋਂ ਨਿਰੰਤਰ ਕੰਮ ਕਰ ਰਹੀ ਹੈ, ਵੱਲੋਂ ਐਤਵਾਰ ਜਲੰਧਰ ਦੇ ਕਪੂਰਥਲਾ ਰੋਡ 'ਤੇ ਗੌਤਮ ਨਗਰ ਸਥਿਤ ਤਰਸਯੋਗ ਹਾਲਤ ਵਿੱਚ ਪਈ ਪਾਰਕ ਦੀ ਕਾਇਆ ਕਲਪ ਕਰਨ ਦਾ ਜਿੰਮਾ ਪਹਿਲਾਂ ਤੋਂ ਕੰਮ ਕਰ ਰਹੀ ਸੰਸਥਾ ਗੋਲਡਨ ਫਿਟਨੈਸ ਕਲੱਬ ਦੇ ਸਹਿਯੋਗ ਨਾਲ ਕਰਨ ਦਾ ਫੈਸਲਾ ਲੈ ਕੇ ਇਸ ਪਾਰਕ ਦੀ ਸਫਾਈ ਦੇ ਕੰਮ ਦਾ ਸ਼ੁੱਭ ਆਰੰਭ ਫ਼ਲਦਾਰ, ਛਾਂ ਵਾਲੇ ਅਤੇ ਜੜੀ ਬੂਟੀਆਂ ਵਾਲੇ 60 ਪੌਦੇ ਕਲੱਬ ਨੂੰ ਭੇਟ ਕਰਕੇ ਕਰਵਾਇਆ।

ਦਿਸ਼ਾਦੀਪ ਦੇ ਸੰਸਥਾਪਕ ਅਤੇ ਚੀਫ਼ ਲਾਇਨ ਐਸ ਐਮ ਸਿੰਘ, ਨਿਸ਼ਕਾਮ ਸੇਵਾ ਵੈਲਫੇਅਰ ਸੋਸਾਇਟੀ ਦੀ ਪ੍ਰਧਾਨ ਕਿਰਨ ਨਾਗਪਾਲ, ਉਪ ਪ੍ਰਧਾਨ ਸੁਸ਼ਮਾ ਡੋਗਰਾ, ਜੋਤੀ ਪ੍ਰਭਾਕਰ, ਇਕਬਾਲ ਸਿੰਘ ਚਾਵਲਾ, ਰਮੇਸ਼ ਰਾਣਾ, ਸਤਿੰਦਰ ਪਾਲ ਸਿੰਘ, ਸਚਿਨ ਰਾਣਾ, ਅਮਨਦੀਪ ਸਿੰਘ ਅਤੇ ਤਰਸੇਮ ਜਲੰਧਰੀ ਉਪ ਚੇਅਰਮੈਨ ਦਿਸ਼ਾ ਦੀਪ ਨੇ ਪੌਦੇ ਲਗਾਏ।ਅਸੀਂ ਕਿਹਾ ਕਿ ਸੋਮਵਾਰ ਨੂੰ ਕਲੱਬ ਦੇ ਅਹੁਦੇਦਾਰਾਂ ਨੂੰ ਨਾਲ ਲੈ ਕੇ ਉਹ ਜਲੰਧਰ ਦੇ ਨਗਰ ਨਿਗਮ ਕਮਿਸ਼ਨਰ ਨੂੰ ਮਿਲ ਕੇ ਪਾਰਕ ਦੇ ਆਸ ਪਾਸ ਭਈ ਗੰਦਗੀ ਨੂੰ ਤੁਰੰਤ ਹਟਾਉਣ ਅਤੇ ਪਾਰਕ ਦੀ ਦੇਖਭਾਲ ਲਈ ਇੱਕ ਮਾਲੀ ਦੀ ਪੱਕੇ ਤੌਰ 'ਤੇ ਨਿਯੁਕਤੀ ਕਰਨ ਲਈ ਮੰਗ ਪੱਤਰ ਦੇਣਗੇ।ਇਕਬਾਲ ਸਿੰਘ ਚਾਵਲਾ ਅਤੇ ਰਮੇਸ਼ ਰਾਣਾ ਨੇ ਕਿਹਾ ਕਿ ਲਾਇਨ ਐਸ ਐਮ ਸਿੰਘ ਅਤੇ ਕਿਰਨ ਨਾਗਪਾਲ ਦੀ ਅਗਵਾਈ ਅਤੇ ਸਹਿਯੋਗ ਨਾਲ ਗੌਤਮ ਨਗਰ ਦੇ ਨਿਵਾਸੀਆਂ ਅਤੇ ਉਤਸ਼ਾਹੀ ਨੌਜਵਾਨਾਂ ਨੂੰ ਨਾਲ ਲੈ ਕੇ ਇੱਕ ਹਫਤੇ ਦੇ ਅੰਦਰ ਅੰਦਰ ਸਫਾਈ ਕਰਵਾਉਣ ਉਪਰੰਤ ਹੋਰ ਸਜਾਵਟੀ ਪੌਦੇ ਲਗਾ ਕੇ ਪਾਰਕ ਦਾ ਕਾਇਆ ਕਲਪ ਕਰ ਦਿੱਤਾ ਜਾਵੇਗਾ।ਕਲੱਬ ਦੇ ਅਹੁਦੇਦਾਰਾਂ ਇਕਬਾਲ ਸਿੰਘ ਚਾਵਲਾ ਅਤੇ ਰਮੇਸ਼ ਰਾਣਾ ਨੇ ਟੀਮ ਦਿਸ਼ਾ ਦੀਪ ਅਤੇ ਨਿਸ਼ਕਾਮ ਸੇਵਾ ਵੈਲਫੇਅਰ ਸੋਸਾਇਟੀ ਦੇ ਅਹੁਦੇਦਾਰਾਂ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ।

# ਰੋਟਰੀ ਕਲੱਬ ਗਰੀਨ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਗਾ ਨੂੰ ਵਾਟਰ ਕੂਲਰ ਭੇਟ



**ਬੰਗਾ (ਅਵਤਾਰ ਕਲੇਰ)**- ਰੋਟਰੀ ਕਲੱਬ ਬੰਗਾ ਗਰੀਨ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਐਮੀਨੈਂਸ ਸਕੂਲ ਬੰਗਾ ਵਿਖੇ 51 ਹਜ਼ਾਰ ਰੁਪਏ ਦੀ ਲਾਗਤ ਨਾਲ ਇਕ ਵਾਟਰ ਕੂਲਰ ਭੇਟ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਅਮਰੀਕ ਸਿੰਘ ਦੀ ਅਗਵਾਈ ਹੇਠ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਰੋਟਰੀ ਕਲੱਬ ਬੰਗਾ ਗਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਨੇ ਕਿਹਾ ਕਿ ਉਨ੍ਹਾਂ ਦੀ ਧਰਮ ਪਤਨੀ ਮਨਜੀਤ ਕੌਰ ਜੋ ਕਿ 27 ਸਾਲ ਇਸ ਸਕੂਲ ਵਿੱਚ ਬਤੌਰ ਸਾਇੰਸ ਮਿਸਟਰਸ ਸੇਵਾਵਾਂ ਨਿਭਾ ਕੇ ਸੇਵਾ ਮੁਕਤ ਹੋਏ ਹਨ, ਦੀ ਸੇਵਾ ਮੁਕਤੀ ਦੀ ਖੁਸ਼ੀ ਵਿੱਚ ਇਹ ਵਾਟਰ ਕੂਲਰ ਸਕੂਲ ਨੂੰ ਭੇਟ ਕੀਤਾ ਗਿਆ ਹੈ। ਪ੍ਰਿੰਸੀਪਲ ਅਮਰੀਕ ਸਿੰਘ ਅਤੇ ਸਮੂਹ ਸਟਾਫ ਵੱਲੋਂ ਰੋਟਰੀ ਕਲੱਬ ਬੰਗਾ ਗਰੀਨ ਅਤੇ ਦਿਲਬਾਗ ਸਿੰਘ ਬਾਗੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ।ਇਸ ਮੌਕੇ ਡਾ. ਧਰਮਜੀਤ ਸਿੰਘ ਵਾਈਸ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਟੀ, ਡਾ. ਪਰਮਜੀਤ ਸਿੰਘ ਜ਼ਿਲ੍ਹਾ ਬਾਗਵਾਨੀ ਅਫਸਰ, ਬ੍ਰਿਜ ਭੂਸ਼ਣ ਵਾਲੀਆ, ਅਸ਼ੋਕ ਕੁਮਾਰ ਸ਼ਰਮਾ, ਸ਼ਿਵ ਕੌੜਾ, ਲੈਕਚਰਾਰ ਕੰਵਲਜੀਤ ਸਿੰਘ ਅਰੋੜਾ, ਬਲਵਿੰਦਰ ਸਿੰਘ ਪਾਂਧੀ, ਹਰਮਨ ਪ੍ਰੀਤ ਸਿੰਘ ਰਾਣਾ, ਬਾਬਾ ਹਰਮਿੰਦਰ ਸਿੰਘ ਲੱਕੀ, ਜੀਵਨ ਕੌਸ਼ਲ, ਦਵਿੰਦਰ ਕੁਮਾਰ, ਗਗਨਦੀਪ ਸਿੰਘ ਮੈਨੇਜਰ, ਭੂਪੇਸ਼ ਕੁਮਾਰ, ਹਰਪ੍ਰੀਤ ਸਿੰਘ ਹੀਓਂ, ਲੈਕਚਰਾਰ ਅੰਮ੍ਰਿਤ ਪਾਲ ਸਿੰਘ ਅਤੇ ਸਮੂਹ ਰੋਟਰੀ ਕਲੱਬ ਗਰੀਨ ਦੇ ਮੈਂਬਰ ਅਤੇ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਪ੍ਰਿਥਵੀ ਵੈੱਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਅਰਜਨਵਾਲ 'ਚ ਬੂਟੇ ਲਗਾਏ



**ਆਦਮਪੁਰ (ਪਰਮਜੀਤ ਸਿੰਘ)**-ਪ੍ਰਿਥਵੀ ਵੈਲਫੇਅਰ ਸੋਸਾਇਟੀ ਦੀ ਮੁਹਿੰਮ 'ਹਰਿਆਵਲ ਪੰਜਾਬ' ਤਹਿਤ ਆਦਮਪੁਰ ਹਲਕੇ ਦੇ ਪਿੰਡ ਅਰਜਨਵਾਲ ਵਿਖੇ ਬੂਟੇ ਲਗਾਏ ਗਏ । ਅਰਜਨਵਾਲ ਪਿੰਡ ਵਾਸੀਆਂ ਵੱਲੋਂ ਹਰ ਵਰ੍ਹੇ ਹੋਲੇ ਮਹੱਲੇ 'ਤੇ ਸੰਗਤਾਂ ਦੀ ਸੇਵਾ ਨੂੰ ਸਮਰਪਤ ਗੁਰੂ ਕੇ ਲੰਗਰ ਲਗਾਏ ਜਾਂਦੇ ਹਨ ।

ਪਿੰਡ ਦੀ ਹੋਲਾ ਮਹੱਲਾ ਸਭਾ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਇਹ ਲੰਗਰ ਲਗਾਏ ਜਾਂਦੇ ਹਨ। ਪਿੰਡ ਦੀ ਸਾਂਝੀ ਅਤੇ ਖਾਲੀ ਪਈ ਲੰਗਰ ਸਭਾ ਦੀ ਜ਼ਮੀਨ 'ਤੇ ਤਕਰੀਬਨ 15 ਡੇਕ ਦੇ ਬੂਟੇ ਲਗਾਏ ਗਏ। ਹਰ ਵਰ੍ਹੇ ਜਾਂ ਹਰ ਦੂਸਰੇ ਵਰ੍ਹੇ ਨਵੇਂ ਰੁੱਖ ਲਗਾਏ ਜਾਣਗੇ । ਉਨ੍ਹਾਂ ਹਰਿੰਦਰ ਸਿੰਘ ਅਤੇ ਉਨ੍ਹਾਂ ਦੀ ਸੰਸਥਾ ਦਾ ਧੰਨਵਾਦ ਕੀਤਾ । ਹਰਿੰਦਰ ਸਿੰਘ ਨੇ ਵੀ ਲੰਗਰ ਕਮੇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ।ਹਰਿੰਦਰ ਸਿੰਘ ਨੇ ਕਿਹਾ ਕਿ ਇਹੋ ਜਿਹਾ ਉਪਰਾਲਾ ਹੋਰ ਵੀ ਲੰਗਰ ਕਮੇਟੀਆਂ ਨੂੰ ਕਰਨਾ ਚਾਹੀਦਾ ਹੈ ।ਰੁੱਖ ਕੱਟਣ ਤੋਂ ਪਹਿਲਾਂ ਹੀ ਰੁੱਖ ਲਗਾਉ, ਜਿਸ ਨਾਲ ਵਾਤਾਵਰਣ ਦਾ ਸੰਤੁਲਨ ਕਾਇਮ ਰਹਿੰਦਾ ਹੈ ।ਇਸ ਮੌਕੇ ਲੰਗਰ ਕਮੇਟੀ ਦੇ ਪ੍ਰਧਾਨ ਬਚਿੱਤਰ ਸਿੰਘ, ਸਾਬਕਾ ਸਰਪੰਚ ਅਮਰਜੀਤ ਸਿੰਘ, ਸੁਖਬੀਰ ਸਿੰਘ ਗਰੇਵਾਲ, ਅਗਨੀਦੇਵ, ਬਿੱਲਾ, ਸ਼ਰਮਾ ਰਾਮ, ਅਤੇ ਹੋਰ ਵੀ ਪਿੰਡ ਵਾਸੀ ਹਾਜ਼ਰ ਹੋਏ ਅਤੇ ਬੂਟੇ ਲਗਾਏ । ਹਰਿੰਦਰ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ ।

# ਸੰਤ ਬਾਬਾ ਮਿੱਤ ਸਿੰਘ ਦੀ ਬਰਸੀ ਭਲਕੇ

**ਆਦਮਪੁਰ (ਧਰਮਜੀਤ ਸਿੰਘ)**- ਜੱਫਲ ਝਿੰਗੜ ਵਿਖੇ ਮੁੱਖ ਸੇਵਾਦਾਰ ਜਥੇਦਾਰ ਤਲਵਿੰਦਰ ਸਿੰਘ (ਬਾਬਾ ਪਰਮੇਸਰ ਸਿੰਘ) ਦੀ ਵੇਖ ਰੇਖ ਹੇਠ ਸਮੂਹ ਸਾਧ ਸੰਗਤ ਵਲੋਂ ਇਕੱਤਰ ਹੋ ਕੇ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਤੋਂ ਵਰੋਸਾਏ 108 ਸੰਤ ਬਾਬਾ ਮਿੱਤ ਸਿੰਘ ਦੀ 80 ਵੀਂ ਸਲਾਨਾ ਬਰਸੀ ਸਮਾਗਮ 23 ਜੁਲਾਈ ਨੂੰ ਬੜੇ ਪ੍ਰੇਮ ਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਜਿਸ ਦੌਰਾਨ ਡਾਇਰੈਕਟਰ ਗਿਆਨੀ ਬਲਜੀਤ ਸਿੰਘ



ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਿਤ ਮਿਸ਼ਨਰੀ ਕਾਲਜ ਰੋਪੜ, ਸੰਤ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ ਲੁਧਿਆਣਾ, ਸੰਤ ਤੇਜਾ ਸਿੰਘ ਖੁੱਡਾ ਕੁਰਾਲਾ, ਬਾਬਾ ਜੋਗਾ ਸਿੰਘ ਖਾਲਸਾ ਰਾਮੂ ਥਿਆੜੇ ਵਾਲੇ, ਢਾਡੀ ਜਥਾ ਭਾਈ ਗੁਰਪ੍ਰੀਤ ਸਿੰਘ ਲੀਡਰਾਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ। ਸਟੇਜ ਸਕੱਤਰ ਦੀ ਸੇਵਾ ਭਗਵਾਨ ਸਿੰਘ ਜੌਹਲ ਵਲੋਂ ਨਿਭਾਈ ਜਾਵੇਗੀ ।

# 'ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ 'ਚ ਰਚਨਾਤਮਕਤਾ ਨੂੰ ਉਤਸ਼ਾਹਤ ਕਰਨਾ'



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਅੱਜ ਦੇ ਯੁੱਗ ਵਿਚ ਮਾਤਾ-ਪਿਤਾ ਦੀ ਆਪਣੇ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਅਤੇ ਆਪਸੀ ਪਿਆਰ ਘਟਦਾ ਜਾ ਰਿਹਾ ਹੈ। ਇਸ ਬਾਰੇ ਸੈਮੀਨਾਰ ਅਤੇ ਗਤੀਵਿਧੀ ਅਧਾਰ ਸਿਖਲਾਈ 'ਤੇ ਪ੍ਰੋਗਰਾਮ ਈ-ਡੈਕ ਟੀਮ ਦੁਆਰਾ ਆਯੋਜਿਤ ਕਰਵਾਇਆ ਗਿਆ।ਮੌਜੂਦਾ ਅਤੇ ਆਉਣ ਵਾਲੀਆਂ ਸਮਾਜਿਕ ਤਬਦੀਲੀਆਂ ਲਈ ਵਿਦਿਅਕ ਅਦਾਰਿਆਂ ਨੂੰ ਅੱਗੇ ਆਉਣ ਦੀ ਲੋੜ ਹੈ। ਇਹ ਲਾਜ਼ਮੀ ਹੋ ਗਿਆ ਹੈ ਕਿ ਪਰੰਪਰਾਗਤ ਅਧਿਆਪਨ ਤਰੀਕਿਆਂ ਦਾ ਮੁਲਾਂਕਣ ਕੀਤਾ ਜਾਵੇ ਅਤੇ ਸਿੱਖਣ ਸ਼ਕਤੀ ਨੂੰ ਵਧਾਉਣ ਅਤੇ ਕਲਾਸ ਰੂਮ ਨੂੰ ਇਕਸਾਰ ਬਣਾਉਣ ਲਈ ਨਵੀਆਂ ਨਵੀਆਂ ਵਿਧੀਆਂ ਦੀ ਵਰਤੋਂ ਕੀਤੀ ਜਾਵੇ। ਅਧਿਆਪਨ ਦੀ ਪਹੁੰਚ ਅਧਿਆਪਕ ਤੋਂ ਵਿੱਦਿਅਕ ਅਦਾਰਿਆਂ ਵੱਲ ਬਦਲ ਰਹੀ ਹੈ ਅਤੇ ਇਸ ਵਿਚ ਮਾਪਿਆਂ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਸਿੱਖਿਆ ਭਵਿੱਖ ਦਾ ਦ੍ਰਿਸ਼ਟੀਕੋਣ ਹੈ ਅਤੇ ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ ਵਿੱਚ ਨਵੀਨਤਾ ਦੀ ਭਾਵਨਾ ਪੈਦਾ ਕਰਨਾ ਅਤੇ ਰਚਨਾਤਮਕਤਾ ਨੂੰ ਉਤਸ਼ਾਹਤ ਕਰਨਾ ਮੰਨਿਆ ਜਾਂਦਾ ਹੈ।ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ 20 ਜੁਲਾਈ ਨੂੰ ਐਸ ਜੀ ਟੀ ਬੀ ਪਬਲਿਕ ਸਕੂਲ ਸਨੌਰਾ ਵਿੱਚ ਈ-ਡੈਕ ਟੀਮ ਦੁਆਰਾ ਐਕਟੀਵਿਟੀ ਬੇਸ ਲਰਨਿੰਗ' ਉੱਤੇ ਇੱਕ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ।ਉਦੇਸ਼ ਸੀ ਫੈਕਲਟੀ ਭਾਗੀਦਾਰਾਂ ਨੂੰ ਅਧਿਆਪਨ ਅਤੇ ਸਿੱਖਣ ਦੇ ਨਵੀਨਤਾਕਾਰੀ ਸਾਧਨਾਂ ਨਾਲ ਜਾਣੂ ਅਤੇ ਦੋਸਤਾਨਾ ਬਣਾਉਣਾ।ਵਿਦਿਆਰਥੀਆਂ ਦੀ ਸ਼ਮੂਲੀਅਤ ਨੂੰ ਉਤਸ਼ਾਹਤ ਕਰਨ ਲਈ ਹਦਾਇਤ ਦੇ ਡਿਜ਼ਾਈਨ ਨੂੰ ਸ਼ਾਮਲ ਕਰਨਾ, ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਕਲਾਸ ਰੂਮ ਦੇ ਅੰਦਰ ਅਤੇ ਬਾਹਰ ਵਰਤਣ ਲਈ ਰਣਨੀਤੀਆਂ ਸਿੱਖਣਾ। ਓਰੀਐਂਟੇਸ਼ਨ ਦੀ ਸ਼ੁਰੂਆਤ ਰਜਿੰਦਰ ਕੌਰ ਦੁਆਰਾ ਈ ਡੀ ਏ ਸੀ ਟੀਮ ਦੇ ਸਾਡੇ ਸਰੋਤ ਵਿਅਕਤੀਆਂ ਨੂੰ ਸੁਆਗਤ ਨੋਟ ਨਾਲ ਕੀਤੀ ਗਈ।ਬਲਰਾਮ ਖੁਰਾਣਾ ਅਤੇ ਮੁਕਤਾ ਰਾਣੀ ਨੇ ਓਰੀਐਂਟੇਸ਼ਨ ਦੇ ਉਦੇਸ਼ਾਂ ਅਤੇ ਉਦੇਸ਼ਾਂ ਨੂੰ ਉਜਾਗਰ ਕੀਤਾ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਓਰੀਐਂਟੇਸ਼ਨ ਦੇ ਸੈਸ਼ਨ ਅਧਿਆਪਕਾਂ ਅਤੇ ਮਾਪਿਆਂ ਨੂੰ ਅਧਿਆਪਨ ਦੀ ਜਾਂਚ ਕਰਨ 'ਚ ਮਦਦ ਕਰਨਗੇ। ਪ੍ਰਿੰਸੀਪਲ ਨਵਦੀਪ ਕੌਰ ਨੇ ਇਸ ਸੈਸ਼ਨ ਵਿੱਚ ਦਿਲਚਸਪੀ ਲੈਣ ਲਈ ਮਾਪਿਆਂ ਦੀ ਸ਼ਲਾਘਾ ਕਰਦੇ ਹੋਏ ਸੰਬੋਧਨ ਕੀਤਾ ਅਤੇ ਕਿਹਾ ਕਿ ਇਹ ਪ੍ਰੋਗਰਾਮ ਅਧਿਆਪਨ ਸਿੱਖਣ ਪ੍ਰਕਿਰਿਆ ਦੇ ਨਵੀਨਤਮ ਰੁਝਾਨਾਂ ਨੂੰ ਸਾਹਮਣੇ ਲਿਆਉਣ ਵਿੱਚ ਸਫਲ ਰਿਹਾ।

# ਮਾਂ ਚਿੰਤਪੁਰਨੀ ਰਵਾਨਗੀ ਮੌਕੇ ਸ਼ੋਭਾ ਯਾਤਰਾ ਕੱਢੀ



**ਭੁਲੱਥ (ਮਨਪ੍ਰੀਤ ਸਿੰਘ)**-ਜੇ.ਐਮ.ਡੀ ਪਰਵਾਰ ਭੁਲੱਥ ਦੇ ਮੈਂਬਰ ਮਾਂ ਚਿੰਤਪੁਰਨੀ ਦੇ ਪਿੰਡੀ ਸ਼ਿੰਗਾਰ ਸੇਵਾ ਦੀ ਰਵਾਨਗੀ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ । ਇਸ ਮੌਕੇ ਜੇ.ਐਮ.ਡੀ ਪਰਵਾਰ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਵਾਰ ਭਗਵਤੀ ਮਾਂ ਚਿੰਤਪੁਰਨੀ ਦੇ ਮੰਦਰ ਅਸਥਾਨ ਤੋਂ ਮਾਂ ਦੀ ਪਵਿੱਤਰ ਪਿੰਡੀ ਸ਼ਿੰਗਾਰ ਦੀ ਸੇਵਾ ਭੁਲੱਥ ਦੀ ਇਸ ਸੰਸਥਾ ਦੇ ਹਿੱਸੇ ਆਈ ਹੈ। ਉਨ੍ਹਾਂ ਦੱਸਿਆ ਕਿ ਸਾਡਾ ਨਗਰ ਬਹੁਤ ਵਡਭਾਗਾ ਹੈ ਜੋ ਸਾਡੇ ਨਗਰ ਨੂੰ ਉੱਤਮ ਸੇਵਾ ਮਿਲੀ ਹੈ । ਭੁਲੱਥ ਦੀਆਂ ਸੰਗਤਾਂ ਵੱਲੋਂ ਸ਼ਰਧਾ ਅਨੁਸਾਰ ਭੇਟਾ ਭਗਵਤੀ ਮਾਂ ਦੇ ਸ਼ਿੰਗਾਰ ਲਈ ਭੇਜੀਆਂ ਗਈਆਂ ਅਤੇ ਸ੍ਰੀ ਪਿੰਡੀ ਹਾਰ ਸ਼ਿੰਗਾਰ ਲਈ ਸਮੱਗਰੀ ਵੀ ਦਿੱਤੀ ਗਈ। ਇਸ ਮੌਕੇ ਭੁਲੱਥ ਦੀਆਂ ਸੰਗਤਾਂ ਵਲੋਂ ਸ਼ੋਭਾ ਯਾਤਰਾ ਦੌਰਾਨ ਭਜਨਾਂ ਦਾ ਗੁਣਗਾਨ ਕਰਦਿਆਂ ਰਾਧੇ ਸ਼ਾਮ ਮੰਦਰ ਤੋਂ ਆਰੰਭ ਹੋ ਕੇ ਮੇਨ ਬਾਜ਼ਾਰ ਵਿੱਚ ਹੁੰਦੀ ਹੋਈ ਭੋਗਪੁਰ ਅੱਡੇ ਤੱਕ ਕੱਢੀ ਗਈ । ਇਸ ਮੌਕੇ ਬਲਦੇਵ ਸਿੰਘ ਸਿੱਧੂ, ਮੋਹਿਤ, ਸਾਗਰ, ਅਕਾਸ਼, ਸੁਰਿੰਦਰ ਕੁਮਾਰ ਪਾਸੀ ਤੇ ਹੋਰ ਸੰਗਤਾਂ ਹਾਜ਼ਰ ਸਨ।

# ਰੋਡ ਸੇਫਟੀ ਦੇ ਹਵਾਈ ਕਿਲ੍ਹੇ ਉਸਾਰ ਕੇ ਐਕਸੀਡੈਂਟ ਨਹੀਂ ਰੋਕੇ ਜਾ ਸਕਦੇ : ਧੀਮਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਦੇਸ਼ ਦੇ ਵਿਕਾਸ, ਆਵਾਜਾਈ ਸੁਰੱਖਿਅਤਾ ਵਿਚ ਤੰਦਰੁਸਤ ਸੜਕਾਂ ਦੇ ਅਧਾਰ ਦੀ ਬਹੁਤ ਵੱਡੀ ਭੂਮਿਕਾ ਹੈ।ਸੁਰੱਖਿਅਤ ਆਵਾਜਾਈ ਲਈ ਸੜਕਾਂ ਦਾ ਸੁਰੱਖਿਅਤ ਹੋਣਾ ਅਹਿਮ ਲਾਜ਼ਮੀ ਹੈ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੜਕਾਂ ਦੀ ਘਟੀਆ ਗੈਰ ਮਿਆਰੀ ਬਣਤਰ ਅਤੇ ਰਾਜਨੀਤਕ ਘਪਲੇਬਾਜ਼ੀ ਕਾਰਨ ਹੋ ਰਹੀ ਉਸਾਰੀ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸੜਕਾਂ ਦੀ ਹਾਲਤ ਦੇਸ਼ ਦੀ ਤਰੱਕੀ ਦਾ ਪ੍ਰਤੀਕ ਹਨ, ਪਰ ਇਥੇ ਹਰ ਪਾਸੇ ਗੈਰ ਤਕਨੀਕੀ ਕੰਮਾਂ ਅਤੇ ਗੈਰ ਮਿਆਰੀ ਕੰਮਾਂ ਵਿਚ ਲਗਾਤਾਰ ਵਾਧਾ ਹੋਣ ਕਰਕੇ ਹਰ ਪਾਸੇ ਲੋਕਾਂ ਨੂੰ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ।ਧੀਮਾਨ ਨੇ ਦੱਸਿਆ ਕਿ ਮਾਹਿਲਪੁਰ ਤੋਂ ਕੋਟ ਫਤੂਹੀ ਸੜਕ ਅਤੇ ਮਾਹਿਲਪੁਰ ਤੋਂ ਜੈਜੋਂ ਤੱਕ ਸੜਕਾਂ ਭਾਵੇਂ ਬਣ ਗਈਆਂ ਹਨ ਪਰ ਹਾਲੇ ਵੀ ਉਨ੍ਹਾਂ ਉਤੇ ਕੰਮ ਅੱਧਵਾਟੇ ਹੀ ਲਟਕ ਰਿਹਾ ਹੈ।ਜਦੋਂ ਕਿ ਸੜਕਾਂ ਦੇ ਵਰਮ ਰੋਡ ਸੈਫਟੀ ਨਿਯਮਾਂ ਦਾ ਇਕ ਅਹਿਮ ਹਿੱਸਾ ਹਨ।ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਸੜਕਾਂ ਦੇ ਵਰਮ 'ਤੇ ਮਕਾਨਾਂ ਦਾ ਤੇ ਕੂੜੇ ਕਰਕਟ ਦਾ ਕਚਰਾ ਅਤੇ ਸੜਕਾਂ ਦਾ ਵੇਸਟ ਮਟੀਰੀਅਲ ਸੁੱਟ ਕੇ ਕੰਮ ਕੀਤਾ ਜਾ ਰਿਹਾ ਹੈ, ਭਵਿੱਖ ਵਿਚ ਮੁਸੀਬਤਾਂ ਪੈਦਾ ਕਰਨ ਵਾਲਾ ਹੈ।ਉਨ੍ਹਾਂ ਅੱਗੇ ਕਿਹਾ ਕਿ ਸੜਕਾਂ ਦੇ ਵਰਮ ਦੀ ਬਹੁਤ ਭੂਮਿਕਾ ਹੈ ।ਇਨ੍ਹਾਂ ਸੜਕਾਂ ਉਤੇ ਹਰ ਰੋਜ਼ ਇਲਾਕੇ ਦੇ ਵਿਧਾਇਕ, ਮੈਂਬਰ ਪਾਰਲੀਮੈਂਟ ਅਤੇ ਉਚ ਅਧਿਕਾਰੀ ਲੰਘਦੇ ਹਨ ਪਰ ਸਭ ਰਾਜਨੀਤਕ ਰੋਟੀਆਂ ਸੇਕਣ ਤੱਥ ਹੀ ਸੀਮਤ ਹੋ ਕੇ ਰਹਿ ਰਹੇ ਹਨ।ਇਹ ਵੀ ਹੈ ਕਿ ਜਿਹੜਾ ਕਚਰਾ ਵਰਤਿਆ ਜਾ ਰਿਹਾ ਹੈ ਉਹ ਬਹੁਤ ਹਾਨੀਕਾਰਕ ਹੈ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਾਰੇ ਨਿਯਮਾਂ ਦੀ ਉਲੰਘਣਾ ਕਰਦਾ ਹੈ। ਸੜਕਾਂ ਦਾ ਕਚਰਾ ਕਦੇ ਵੀ ਵਰਮਾਂ ਦੀ ਉਸਾਰੀ ਲਈ ਨਹੀਂ ਵਰਤਿਆ ਜਾ ਸਕਦਾ।ਇਹ ਵੀ ਹੈ ਕਿ ਸਿਰਫ ਖਾਨਾ ਪੂਰਤੀ ਹੀ ਕੀਤੀ ਜਾ ਰਹੀ ਹੈ। ਧੀਮਾਨ ਨੇ ਕਿਹਾ ਕਿ ਇਨ੍ਹਾਂ ਸੜਕਾਂ ਤੇ ਰਸਤਿਆਂ ਵਿਚ ਬਣੇ ਪੁਲਾਂ ਦੀ ਉਸਾਰੀ ਜਾਣਬੁੱਝ ਕੇ ਨਹੀਂ ਕੀਤੀ ਜਾ ਰਹੀ ਤਾਂ ਕਿ ਉਹ ਪਹਿਲਾਂ ਟੁੱਟਣ ਤੇ ਫਿਰ ਸਰਕਾਰ ਨਵੇਂ ਬਣਾ ਕੇ ਪੈਸਾ ਬਰਬਾਦ ਕਰੇ।ਜਦੋਂ ਕਿ ਉਹ ਸਾਰੇ ਪੁਲ ਸਥਿਰ ਵਿਵਸਥਾ ਵਿਚ ਹਨ। ਇਨ੍ਹਾਂ ਸੜਕਾਂ ਉਤੇ ਚਿੱਟੀਆਂ ਪੱਟੀਆਂ ਵੀ ਨਹੀਂ ਲਗਾਈਆਂ ਜਾ ਰਹੀਆਂ। ਇਨ੍ਹਾਂ ਸੜਕਾਂ ਦੇ ਆਲੇ ਦੁਆਲੇ ਦਰੱਖਤਾਂ ਦੀਆਂ ਲੰਬੀਆਂ ਲੰਬੀਆਂ ਟਾਹਣੀਆਂ ਵੀ ਲਟਕ ਦੀਆਂ ਰਹਿੰਦੀਆਂ ਹਨ ਜੋ ਆਵਾਜਾਈ ਵਿਚ ਵੱਡੀ ਰੁਕਾਵਟ ਹਨ।ਧੀਮਾਨ ਨੇ ਡਿਪਟੀ ਕਮਿਸ਼ਨਰ ਨੂੰ ਈ ਮੇਲ ਕਰਕੇ ਉਨ੍ਹਾਂ ਦਾ ਧਿਆਨ ਇਸ ਪਾਸੇ ਵੱਲ ਦਿਵਾਇਆ ਤੇ ਮੰਗ ਕੀਤੀ ਕਿ ਇਨ੍ਹਾਂ ਬੇਨਿਯਮੀਆਂ ਨੂੰ ਤੁਰੰਤ ਰੋਕਿਆ ਜਾਵੇ ਤੇ ਮੰਗ ਕੀਤੀ ਕਿ ਸਬੰਧਤ ਠੇਕੇਦਾਰ ਨੂੰ ਜੁਰਮਾਨਾ ਵੀ ਲਗਾਇਆ ਜਾਵੇ।

# ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਉਤਾਰਾਂਗੇ ਉਮੀਦਵਾਰ : ਜਗਦੀਸ਼ ਜੱਸਲ



**ਆਦਮਪੁਰ (ਪਰਮਜੀਤ ਸਿੰਘ)**- ਭਾਜਪਾ ਮੰਡਲ ਅਲਾਵਲਪੁਰ 'ਚ ਰੰਜੀਵ ਪਾਂਜਾ ਦੇ ਗ੍ਰਹਿ ਵਿਖੇ ਵਿਧਾਨ ਸਭਾ ਹਲਕਾ ਆਦਮਪੁਰ ਦੇ ਕਨਵੀਨਰ ਜਗਦੀਸ਼ ਜੱਸਲ ਪਹੁੰਚੇ। ਇਸ ਸਬੰਧੀ ਜਾਣਕਾਰੀ ਦਿੰਦਿਆ ਰਾਜੀਵ ਪਾਂਜਾ ਨੇ ਦਸਿਆ ਕਿ ਭਾਜਪਾ ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਪਿੰਡਾਂ 'ਚ ਜਾ ਕੇ ਆਪਣੇ ਉਮੀਦਵਾਰ ਉਤਾਰੇਗੀ ਤੇ ਇਨ੍ਹਾਂ ਨੂੰ ਜਿਤਾਉਣ ਲਈ ਦਿਨ-ਰਾਤ ਇਕ ਕਰ ਦੇਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਅੰਦਰ ਭਾਜਪਾ ਅੱਗੇ ਨਾਲ ਜ਼ਿਆਦਾ ਮਜ਼ਬੂਤ ਹੋਈ ਹੈ ਤੇ ਪਿੰਡਾਂ 'ਚ ਪਾਰਟੀ ਦੇ ਅਧਾਰ ਨੂੰ ਵਧਾਉਣ ਲਈ ਹੁਣ ਪੂਰੇ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਵਾਰ ਵੀ ਮੋਦੀ ਸਰਕਾਰ ਖਾਸ ਤੌਰ 'ਤੇ ਪੇਂਡੂ ਖੇਤਰ ਅੰਦਰ ਪੂਰਨ ਵਿਕਾਸ ਨੂੰ ਯਕੀਨੀ ਬਣਾਉਣ ਲਈ ਯੋਜਨਾਵਾਂ ਲਿਆ ਰਹੀ ਹੈ ਤੇ ਸਮੁੱਚੇ ਦੇਸ਼ ਦਾ ਵਿਕਾਸ ਕਰਨ ਲਈ ਕੇਂਦਰ ਸਰਕਾਰ ਪ੍ਰਤੀਬੱਧ ਹੈ। ਇਸ ਮੌਕੇ ਕਨਵੀਨਰ ਜਗਦੀਸ਼ ਜੱਸਲ ਨੇ ਕਿਹਾ ਕਿ ਪਾਰਟੀ ਦਾ ਆਧਾਰ ਜਿੱਥੇ ਸਰਕਾਰ ਪ੍ਰਤੀ ਲੋਕਾਂ ਦੇ ਵਧਦੇ ਵਿਸ਼ਵਾਸ 'ਤੇ ਕਾਇਮ ਹੁੰਦਾ ਹੈ, ਉਸ ਦੇ ਨਾਲ-ਨਾਲ ਪਾਰਟੀ ਵਰਕਰਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਸਰਕਾਰ ਤੇ ਜਨਤਾ 'ਚ ਕੜੀ ਵਾਂਗ ਕੰਮ ਕਰਦਿਆਂ ਪਾਰਟੀ ਦੇ ਆਧਾਰ ਨੂੰ ਮਜ਼ਬੂਤ ਕਰਨ ਤੇ ਉਨ੍ਹਾਂ ਨੂੰ ਯਕੀਨ ਹੈ ਕਿ ਆਉਣ ਵਾਲੀਆ ਪੰਚਾਇਤ ਦੀਆਂ ਲੋਕਲ ਚੋਣਾਂ ਅੰਦਰ ਪਾਰਟੀ ਹਲਕੇ 'ਚ ਆਪਣਾ ਪੂਰਾ ਦਮਖਮ ਦਿਖਾਵੇਗੀ। ਇਸ ਮੌਕੇ ਮੀਟਿੰਗ 'ਚ ਅਨਿਲ ਸਾਬਕਾ ਮੰਡਲ ਪ੍ਰਧਾਨ ਅਲਵਾਲਪੁਰ, ਵਿਜੈ ਕੁਮਾਰ ਵੀ ਹਾਜ਼ਰ ਸਨ।

# ਸੇਂਟ ਸੋਲਜਰ ਲਾਅ ਕਾਲਜ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ



**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਲਾਅ ਕਾਲਜ ਦੇ ਐਨ.ਸੀ.ਸੀ ਅਤੇ ਐਨ.ਐਸ.ਐਸ ਵਿਭਾਗ ਵੱਲੋਂ 'ਇੱਕ ਕੈਡੇਟ ਇੱਕ ਰੁੱਖ' ਅਤੇ 'ਇੱਕ ਰੁੱਖ ਮਾਂ ਦੇ ਨਾਮ' ਨੂੰ ਸਮਰਪਤ ਮੁਹਿੰਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਮੂਹ ਕਾਲਜ ਦੇ ਐਮ.ਡੀ ਪ੍ਰੋ. ਮਨਹਰ ਅਰੋੜਾ ਅਤੇ ਕਾਲਜ ਦੇ ਡਾਇਰੈਕਟਰ ਪ੍ਰੋ. ਐਸ ਸੀ ਸ਼ਰਮਾ, ਏ ਐਨ ਓ ਨੇਹਾ ਛੀਨਾ ਅਤੇ ਐਨ ਐਸ ਐਸ ਅਫਸਰ ਕੋਮਲ ਕਾਲੜਾ ਅਤੇ ਸਮੂਹ ਸਟਾਫ ਨੇ ਮੁੱਖ ਮਹਿਮਾਨ ਕਰਨਲ ਐਮ ਐਸ ਸਚਦੇਵਾ (ਸੀ ਓ 2 ਪੀ ਬੀ (ਗ) ਬਟਾਲੀਅਨ, ਜਲੰਧਰ) ਅਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਦਾ ਸਵਾਗਤ ਕੀਤਾ। ਇਸ ਮੁਹਿੰਮ ਦੀ ਸ਼ੁਰੂਆਤ ਸ਼ਬਦ ਕੀਰਤਨ ਅਤੇ ਸ਼ਮ੍ਹਾਂ ਰੋਸ਼ਨ ਕਰਕੇ ਕੀਤੀ ਗਈ।

ਜਿਸ ਉਪਰੰਤ ਕਰਨਲ ਐਮ.ਐਸ. ਸਚਦੇਵਾ ਨੇ ਕਾਲਜ ਵਿਦਿਆਰਥੀਆਂ ਅਤੇ ਕੈਡਿਟਾਂ ਨੂੰ ਜਾਣਕਾਰੀ ਭਰਪੂਰ ਲੈਕਚਰ ਦਿੱਤਾ। ਉਨ੍ਹਾਂ ਦੱਸਿਆ ਕਿ ਕਿਵੇਂ ਅਨੁਸ਼ਾਸਨ ਮਨੁੱਖੀ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਰੁੱਖ ਸਾਡੇ ਲਈ ਕਿਵੇਂ ਮਹੱਤਵਪੂਰਨ ਹਨ। ਲੈਕਚਰ ਤੋਂ ਬਾਅਦ ਮੁੱਖ ਮਹਿਮਾਨਾਂ ਨੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨਾਲ ਮਿਲ ਕੇ ਬੂਟੇ ਲਗਾਏ ਅਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਨੇ ਸਾਰੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਰੁੱਖ ਲਗਾਉਣ ਦੀ ਮਹੱਤਤਾ ਬਾਰੇ ਦੱਸਦੇ ਹੋਏ ਉਨ੍ਹਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ।